41ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼


ਤਰਕਸ਼ੀਲ

TARKSHEEL

ਮਾਰਚ-ਅਪ੍ਰੈਲ 2026



ਬਾਬਾ ਬੁੱਲ੍ਹੇ ਸ਼ਾਹ



ਆਇਨਸਟਾਈਨ



ਭਗਤ ਸਿੰਘ



ਅਵਤਾਰ ਪਾਸ਼

ਹਵਾ ਮੇਂ ਰਹੇਂਗੀ, ਮੇਰੇ ਖਿਆਲ ਕੀ ਬਿਜਲੀਆਂ,
ਯੇਹ ਮੁਸ਼ਤ-ਏ-ਖ਼ਾਕ ਹੈ ਫ਼ਾਨੀ, ਰਹੇ ਨਾ ਰਹੇ।

30/-

ਤਰਤੀਬ

ਲੇਖ ਰਚਨਾ ਮੁਕਾਬਲਾ-5

ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਇਸ ਵਾਰ ਦਾ ਵਿਸ਼ਾ ਹੈ

ਹਨੇਰੇ ਨੂੰ ਕੋਸਣ ਨਾਲੋਂ ਚੰਗਾ ਹੈ ਕਿ ਇੱਕ ਦੀਪ ਜਗਾ ਦੇਈਏ

ਲੇਖ ਦੀ ਲੰਬਾਈ 800 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਅਪ੍ਰੈਲ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561
ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400
ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 2,000 ਰੁ.
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਸੰਪਾਦਕੀ

'ਬੁਰਜੂਆਜ਼ੀ ਨੇ ਹਰ ਉਸ ਪੇਸ਼ੇ ਦੁਆਲਿਉਂ ਉਸਦਾ ਆਭਾ-ਮੰਡਲ ਲਾਹ ਮਾਰਿਆ ਹੈ, ਜਿਸ ਦਾ ਹੁਣ ਤੱਕ ਸਤਿਕਾਰ ਕੀਤਾ ਜਾਂਦਾ ਸੀ ਅਤੇ ਜਿਸ ਵੱਲ ਆਦਰਭਾਵੀ ਸਹਿਮ ਨਾਲ ਦੇਖਿਆ ਜਾਂਦਾ ਸੀ।'*

ਮਾਰਕਸ ਅਤੇ ਏਂਗਲਜ਼ ਦੀ ਯੁਗ ਪਲਟਾਊ ਰਚਨਾ 'ਕਮਿਊਨਿਸਟ ਮੈਨੀਫੈਸਟੋ' ਵਿੱਚ ਲਿਖੀਆਂ ਗਈਆਂ ਉਪਰੋਕਤ ਲਾਈਨਾਂ ਇਸ ਨਵੇਂ ਸਾਲ ਦੇ ਪਹਿਲੇ ਮਹੀਨੇ ਬਹੁਤ ਹੀ ਉਘੜਵੇਂ ਰੂਪ ਵਿੱਚ ਸੱਚ ਹੁੰਦੀਆਂ ਵੇਖੀਆਂ ਗਈਆਂ। ਇਸ ਵਾਰ ਇਹ ਆਭਾ-ਮੰਡਲ ਉਸ ਧਰਮ ਗੁਰੂ ਦੇ ਦੁਆਲਿਉਂ ਲਾਹ ਕੇ ਮਾਰਿਆ ਗਿਆ, ਜਿਸ ਦਾ ਨਾ ਸਿਰਫ ਉਸਦੇ ਸ਼ਰਧਾਲੂਆਂ ਵਿੱਚ ਹੀ ਬਲਕਿ ਬਹੁਤ ਸਾਰੇ ਹੋਰ ਲੋਕਾਂ ਵਿੱਚ ਵੀ ਇੱਕ ਚੰਗੇ ਧਾਰਮਿਕ ਬੰਦੇ ਵਾਲਾ ਅਕਸ ਬਣਿਆ ਹੋਇਆ ਸੀ। ਆਮ ਲੋਕਾਂ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਉਹ ਲੋਕਾਂ ਨੂੰ ਨਸ਼ਿਆਂ ਵਗੈਰਾ ਤੋਂ ਦੂਰ ਕਰਨ ਵਾਲਾ ਅਤੇ ਸਿਆਸੀ ਵਿਵਾਦਾਂ ਤੋਂ ਪਾਸੇ ਰਹਿਣ ਵਾਲਾ ਸ਼ਖ਼ਸ ਹੈ।

ਪਰ ਸਰਮਾਏਦਾਰੀ ਪ੍ਰਬੰਧ ਬਹੁਤ ਬੇਰਹਿਮ ਹੈ। ਇਸ ਵਿੱਚ ਨਿਰਪੱਖਤਾ ਦੀ ਕੋਈ ਥਾਂ ਨਹੀਂ ਹੁੰਦੀ। ਤੁਸੀਂ ਜਾਂ ਤਾਂ ਮਿਹਨਤ ਕਰਨ ਵਾਲੇ ਕਿਰਤੀ ਵਰਗ ਵਿੱਚੋਂ ਹੋ ਜਾਂ ਕਿਰਤ ਦੀ ਲੁੱਟ 'ਤੇ ਪਲਣ ਵਾਲੇ ਲੋਟੂ ਵਰਗ ਵਿੱਚੋਂ। ਸਪਸ਼ਟ ਹੈ ਕਿ ਇਹ ਬਾਬਾ ਕਿਰਤੀ ਵਰਗ ਵਿੱਚੋਂ ਤਾਂ ਹੈ ਨਹੀਂ, ਬਲਕਿ ਧਾਰਮਿਕ ਲਬਾਦੇ ਹੇਠ ਕਾਰੋਬਾਰ ਕਰਨ ਵਾਲਾ ਬੰਦਾ ਹੈ, ਜਿਸਦਾ ਵੱਡਾ ਆਰਥਿਕ ਸਾਮਰਾਜ ਹੈ। ਐਡਾ ਸਾਮਰਾਜ ਲੁੱਟ ਅਧਾਰਿਤ ਆਰਥਿਕ ਸਰਗਰਮੀਆਂ ਤੋਂ ਬਗੈਰ ਸਥਾਪਿਤ ਨਹੀਂ ਹੋ ਸਕਦਾ ਅਤੇ ਇਹ ਲੁੱਟ ਅਧਾਰਿਤ ਆਰਥਿਕ ਸਰਗਰਮੀਆਂ ਕਰਨ ਵਾਲਾ ਬੰਦਾ ਲੋਟੂ ਧਿਰ ਦੀ ਸਿਆਸਤ ਤੋਂ ਵੀ ਪਾਸੇ ਨਹੀਂ ਰਹਿ ਸਕਦਾ।

ਆਰਥਿਕ ਮਾਮਲਿਆਂ ਵਿੱਚ ਲੋਕਾਂ ਦੀਆਂ ਜਮੀਨਾਂ ਧੱਕੇ ਨਾਲ ਲੈਣ ਤੋਂ ਲੈ ਕੇ ਇੱਕ ਵੱਡੀ ਦਵਾਈ ਕੰਪਨੀ ਦੇ ਗੈਰ ਕਾਨੂੰਨੀ ਕੰਮਾਂ ਨਾਲ ਜੁੜੇ ਹੋਣ ਅਤੇ ਅਰਬਾਂ ਰੁਪਏ ਦੀ ਜਾਇਦਾਦ ਖਰੀਦਣ ਦੀਆਂ ਗੱਲਾਂ ਪਿਛਲੇ ਸਾਲਾਂ ਦੌਰਾਨ ਚਰਚਾ ਵਿੱਚ ਆਉਂਦੀਆਂ ਰਹੀਆਂ ਹਨ। ਪਰ ਸਰਮਾਏਦਾਰੀ ਪ੍ਰਬੰਧ ਇਨ੍ਹਾਂ ਆਰਥਿਕ ਲੁੱਟ-ਖਸੁੱਟ ਦੇ ਮਾਮਲਿਆਂ ਨੂੰ ਲੁਕਾਉਣ ਵਿੱਚ ਬਹੁਤ ਮੁਹਾਰਤ ਹਾਸਲ ਰੱਖਦਾ ਹੈ, ਖਾਸ ਕਰ ਜੇ ਅਜਿਹਾ ਮਾਮਲਾ ਕਿਸੇ ਵੱਡੇ ਪ੍ਰਭਾਵ ਵਾਲੇ ਧਾਰਮਿਕ ਫਿਰਕੇ ਨਾਲ ਜੁੜਿਆ ਹੋਵੇ।

ਪਰ ਜਦ ਲੋਟੂ ਆਰਥਿਕ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ ਤਾਂ ਇਹ ਸਿਆਸਤ ਦੀ ਸਰਪ੍ਰਸਤੀ ਤੋਂ ਬਗ਼ੈਰ ਨਹੀਂ ਹੋ ਸਕਦੀਆਂ ਅਤੇ ਫਿਰ ਸਿਆਸਤ ਆਪਣਾ ਮੁੱਲ ਮੰਗਦੀ ਹੈ। ਇਹੀ ਕੁਝ ਇੱਥੇ ਹੋਇਆ, ਜਦ ਕੁਝ ਦਿਨਾਂ ਵਿੱਚ ਹੀ ਉਸ ਦਾ ਨਾ ਸਿਰਫ ਧਰਮ ਗੁਰੂ ਵਾਲਾ ਆਭਾ-ਮੰਡਲ ਟੁੱਟਿਆ ਬਲਕਿ ਇੱਕ ਸੁਧਾਰਕ ਆਗੂ ਵਾਲਾ ਨਕਾਬ ਵੀ ਲੀਰੋ ਲੀਰ ਹੋ ਗਿਆ। ਦਿਨਾਂ ਵਿੱਚ ਹੀ ਉਹ *ਨਸ਼ੇ ਛਡਾਉਣ ਵਾਲੇ ਸੁਧਾਰਕ ਦੀ ਬਜਾਏ, ਨਸ਼ੇ ਵੇਚਣ ਵਾਲਿਆਂ ਨੂੰ ਛੁਡਾਉਣ ਵਾਲੇ ਸਿਆਸੀ ਬੰਦੇ* ਦਾ ਦਰਜਾ ਹਾਸਲ ਕਰ ਗਿਆ। ਜਿਸ ਦੇ ਕਾਰ ਵਿੱਚੋਂ ਉਤਰਨ ਤੋਂ ਲੈ ਕੇ ਕਿਸੇ ਸ਼ਰਧਾਲੂ ਦੇ ਘਰ ਦੇ ਕਮਰੇ ਵਿੱਚ ਆਉਣ ਲਈ ਵੀ ਕਲੀਨ ਵਿਛਾਏ ਜਾਂਦੇ ਸਨ ਕਿ ਉਸ ਦੀ ਜੁੱਤੀ ਨੂੰ ਮਿੱਟੀ ਨਾ ਲੱਗ ਜਾਵੇ, ਉਹ ਬੰਦਾ ਫਿਰੋਜ਼ਪੁਰ ਵਿੱਚ ਭਾਜਪਾਈ ਗਵਰਨਰ ਦੀ ਪੈਦਲ ਯਾਤਰਾ ਵਿੱਚ ਧੂੜ ਫੱਕਦਾ ਨਜ਼ਰ ਆਇਆ।

ਇਹ ਵਰਤਾਰਾ ਬਹੁਤ ਕੁਝ ਦਰਸਾਉਂਦਾ ਹੈ ਕਿ ਚਾਹੇ ਡੇਰੇਦਾਰਾਂ ਅਤੇ ਧਰਮ ਗੁਰੂਆਂ ਦਾ ਬਾਹਰੀ ਪ੍ਰਭਾਵ ਅੱਜ ਬਹੁਤ ਵੱਡਾ ਦਿਸਦਾ ਹੈ, ਪਰ ਇਤਿਹਾਸ ਦਾ ਵਹਿਣ ਇਹਨਾਂ ਦੇ ਉਲਟ ਹੈ ਅਤੇ ਇਤਿਹਾਸਕ ਘਟਨਾਵਾਂ ਇਨ੍ਹਾਂ ਦੀ ਅਸਲੀਅਤ ਨੂੰ ਨੰਗਾ ਕਰਦੀਆਂ ਹੋਈਆਂ ਇਨ੍ਹਾਂ ਦੇ ਲੋਕ ਮਨਾਂ ਵਿੱਚ ਬਣੇ ਸਤਿਕਾਰ ਵਾਲੇ ਉੱਚੇ ਸਥਾਨਾਂ ਤੋਂ ਹੇਠਾਂ ਸੁੱਟ ਰਹੀਆਂ ਹਨ। ਇਸ ਤੋਂ ਪਹਿਲਾਂ ਰਾਮ ਰਹੀਮ, ਆਸਾ ਰਾਮ, ਸੰਤ ਰਾਮਪਾਲ, ਨਿਤਿਆਨੰਦ ਵਰਗੇ ਆਪਣੇ ਆਭਾ-ਮੰਡਲ ਗੁਆ ਚੁੱਕੇ ਹਨ ਅਤੇ ਹੁਣ ਇਸ ਬਾਬੇ ਨਾਲ ਵੀ ਇਹੀ ਵਾਪਰ ਰਿਹਾ ਹੈ।

(ਬੁਰਜੂਆਜ਼ੀ- ਪੂੰਜੀਵਾਦੀ ਸਮਾਜ ਵਿੱਚ ਉਹ ਜਮਾਤ ਜੋ ਪੈਦਾਵਾਰ ਦੇ ਸਾਰੇ ਸਾਧਨਾਂ ਉੱਤੇ ਕਾਬਜ ਹੁੰਦੀ ਹੈ।)*

ਡਾਕਟਰ, ਜਿਸਨੇ ਬੱਚਿਆਂ ਦੀ ਇੱਕ ਪੂਰੀ ਪੀੜ੍ਹੀ ਨੂੰ ਅੰਗਹੀਣ ਹੋਣ ਤੋਂ ਬਚਾਇਆ

ਸਰਮਾਏਦਾਰ ਕੰਪਨੀਆਂ ਆਪਣੇ ਮੁਨਾਫ਼ਿਆਂ ਲਈ ਅਕਸਰ ਵਿਗਿਆਨਕ ਖੋਜਾਂ ਦੀ ਦੁਰਵਰਤੋਂ ਕਰਦੀਆਂ ਹਨ। ਮੈਡੀਕਲ ਖੇਤਰ ਦੀਆਂ ਕੰਪਨੀਆਂ ਇਸ ਕੰਮ ਵਿੱਚ ਸਭ ਤੋਂ ਅੱਗੇ ਹਨ। ਪਰ ਆਪਣੇ ਕਿੱਤੇ ਅਤੇ ਲੋਕਾਂ ਦੀ ਭਲਾਈ ਨੂੰ ਸਮਰਪਿਤ ਡਾਕਟਰ ਜਦ ਇਨ੍ਹਾਂ ਦਾ ਡਟਵਾਂ ਵਿਰੋਧ ਕਰਦੇ ਹਨ ਤਾਂ ਇਨ੍ਹਾਂ ਨੂੰ ਪਿੱਛੇ ਹਟਣਾ ਪੈਂਦਾ ਹੈ। ਇਸ ਮਾਮਲੇ ਵਿੱਚ ਅਮਰੀਕਾ ਦੀ ਡਾਕਟਰ ਕੈਲਸੀ ਦੀ ਹੇਠ ਦਿੱਤੀ ਕਹਾਣੀ ਬਹੁਤ ਅੱਖਾਂ ਖੋਲ੍ਹਣ ਵਾਲੀ ਅਤੇ ਪ੍ਰੇਰਨਾਦਾਇਕ ਹੈ। ਦਵਾਈ ਕੰਪਨੀਆਂ ਦੇ ਕਮਿਸ਼ਨਾਂ ਅਤੇ ਤੋਹਫਿਆਂ ਦੇ ਸ਼ਿਕਾਰ ਹੋ ਰਹੇ ਡਾਕਟਰਾਂ ਨੂੰ ਇਸ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ।

1950 ਦੇ ਦਹਾਕੇ ਦੇ ਅਖੀਰ ਵਿੱਚ, ਥੈਲੀਡੋਮਾਈਡ (thalidomide) ਨਾਮਕ ਇੱਕ ਸ਼ਾਂਤ ਕਰਨ ਵਾਲੀ ਦਵਾਈ (Sedative) ਪੂਰੇ ਯੂਰਪ ਵਿੱਚ ਪ੍ਰਚਲਿਤ ਹੋ ਰਹੀ ਸੀ। ਇਸ ਨੂੰ ਕੋਮਲ, ਆਧੁਨਿਕ ਅਤੇ ਸੁਰੱਖਿਅਤ ਦਵਾਈ ਵਜੋਂ ਪ੍ਰਚਾਰਿਆ ਗਿਆ ਸੀ। ਗਰਭਵਤੀ ਔਰਤਾਂ ਨੇ ਆਪਣੀਆਂ ਤਕਲੀਫਾਂ ਨੂੰ ਘੱਟ ਕਰਨ ਲਈ ਇਸ ਨੂੰ ਲੈਣਾ ਸ਼ੁਰੂ ਕਰ ਦਿੱਤਾ। ਡਰੱਗ ਕੰਪਨੀਆਂ ਨੇ ਇਸ ਨੂੰ ਚਮਤਕਾਰ ਕਰਾਰ ਦਿੱਤਾ। 1960 ਵਿੱਚ, ਇੱਕ ਅਮਰੀਕੀ ਨਿਰਮਾਤਾ ਇਸਨੂੰ ਯੂ.ਐੱਸ.ਏ. ਵਿੱਚ ਲਿਆਉਣ ਲਈ ਉਤਸੁਕ ਸੀ। ਉਸ ਨੇ ਆਸਾਨ ਪ੍ਰਵਾਨਗੀ ਦੀ ਉਮੀਦ ਕਰਦੇ ਹੋਏ, ਅਮਰੀਕਾ ਦੇ ਖੁਰਾਕ ਅਤੇ ਦਵਾਈ ਵਿਭਾਗ ਨੂੰ ਆਪਣਾ ਕਾਗਜ਼ੀ ਕੇਸ ਸੌਂਪ ਦਿੱਤਾ।

ਫਾਈਲ ਇੱਕ ਨਵੀਂ ਮੈਡੀਕਲ ਅਫਸਰ, ਡਾ. ਫਰਾਂਸਿਸ ਓਲਡਹੈਮ ਕੈਲਸੀ ਦੇ ਡੈਸਕ ’ਤੇ ਆ ਗਈ।

ਉਹ ਸਿਰਫ਼ ਇੱਕ ਮਹੀਨੇ ਤੋਂ ਇਸ ਵਿਭਾਗ ਵਿੱਚ ਸੀ। ਇਹ ਉਸਦੀ ਪਹਿਲੀ ਸਧਾਰਨ ਅਸਾਈਨਮੈਂਟ ਸੀ। ਦੂਜੇ ਦੇਸ਼ਾਂ ਨੇ ਪਹਿਲਾਂ ਹੀ ਥੈਲੀਡੋਮਾਈਡ ਨੂੰ ਮਨਜ਼ੂਰੀ ਦੇ ਦਿੱਤੀ ਸੀ। ਉਸਦੇ ਸੁਪਰਵਾਈਜ਼ਰਾਂ ਨੇ ਸੋਚਿਆ ਕਿ ਉਹ ਜਲਦੀ ਹੀ ਦਸਤਖ਼ਤ ਕਰ ਦੇਵੇਗੀ।

ਪਰ ਉਸਨੇ ਨਹੀਂ ਕੀਤੇ।

ਕੈਲਸੀ ਨੇ ਤੁਰੰਤ ਸਮੱਸਿਆਵਾਂ ਨੂੰ ਦੇਖਿਆ। ਕੰਪਨੀ ਨੇ ਦਾਅਵਾ ਕੀਤਾ ਕਿ ਥੈਲੀਡੋਮਾਈਡ ਸੁਰੱਖਿਅਤ ਸੀ, ਪਰ ਅਧਿਐਨ ਅਧੂਰੇ ਸਨ। ਉਨ੍ਹਾਂ ਦੀ ਪਸ਼ੂਆਂ ਉੱਤੇ ਕੀਤੀ ਪਰਖ ਮਾੜੀ ਸੀ। ਉਨ੍ਹਾਂ ਕੋਲ ਗਰਭਵਤੀ ਔਰਤਾਂ ਉੱਤੇ ਦਵਾਈ ਦੇ ਪ੍ਰਭਾਵ ਬਾਰੇ ਲਗਪੱਗ ਕੋਈ ਡਾਟਾ ਨਹੀਂ ਸੀ ਅਤੇ ਉਹਨਾਂ ਦੁਆਰਾ ਪੇਸ਼ ਕੀਤੇ ‘ਸਬੂਤ’ ਵਿਗਿਆਨ ਦੇ ਭੇਸ ਵਿੱਚ ਪ੍ਰਚਾਰ ਸਮੱਗਰੀ ਤੋਂ ਵੱਧ ਕੁਝ ਨਹੀਂ ਸਨ।

ਉਸ ਨੇ ਹੋਰ ਜਾਣਕਾਰੀ ਮੰਗੀ।

ਕੰਪਨੀ ਨੂੰ ਇਹ ਪਸੰਦ ਨਹੀਂ ਆਇਆ। ਬਿਲਕੁਲ ਵੀ ਨਹੀਂ।

ਉਸ ਸਮੇਂ ਕਾਨੂੰਨ ਇਸ ਵਿਭਾਗ (FDA-Food and Drug Administration) ਨੂੰ ਇੱਕ ਸਮੇਂ ਵਿੱਚ ਕੇਵਲ ਸੱਠ ਦਿਨਾਂ ਲਈ ਇੱਕ ਡਰੱਗ ਨੂੰ ਰੋਕ ਸਕਣ ਦੀ ਤਾਕਤ ਦਿੰਦਾ ਸੀ। ਉਸ ਤੋਂ ਬਾਅਦ, ਜਦੋਂ ਤੱਕ ਏਜੰਸੀ ਨੂੰ ਇਸ ਨੂੰ ਰੋਕਣ ਦਾ ਸਪੱਸ਼ਟ ਕਾਰਨ ਨਹੀਂ ਮਿਲਦਾ, ਇਹ ਆਪਣੇ ਆਪ ਹੀ ਮਨਜ਼ੂਰ ਹੋ ਜਾਣਾ ਸੀ। ਇਸ ਲਈ ਹਰ ਸੱਠ ਦਿਨਾਂ ਬਾਅਦ, ਕੈਲਸੀ ਨਵੇਂ ਸਵਾਲ ਭੇਜ ਦਿੰਦੀ। ਹਰ ਸੱਠ ਦਿਨਾਂ ਬਾਅਦ, ਕੰਪਨੀ ਅਧੂਰੇ ਜਵਾਬ ਅਤੇ ਅਧੂਰਾ ਭਰੋਸਾ ਦਿਵਾਉਂਦਾ ਉੱਤਰ ਭੇਜ ਦਿੰਦੀ ਅਤੇ ਉਹ ਦਸਤਖਤ ਕਰਨ ਤੋਂ ਇਨਕਾਰ ਕਰ ਦਿੰਦੀ।

ਡਰੱਗ ਨਿਰਮਾਤਾ, ਰਿਚਰਡਸਨ-ਮੇਰੇਲ, ਗੁੱਸੇ ਵਿੱਚ ਭਖਿਆ ਪਿਆ ਸੀ। ਉਸਦੇ ਗੋਦਾਮਾਂ ਵਿੱਚ ਪਹਿਲਾਂ ਹੀ ਦਸ ਮਿਲੀਅਨ ਗੋਲੀਆਂ ਦਾ ਸਟਾਕ ਕੀਤਾ ਗਿਆ ਸੀ। ਉਨ੍ਹਾਂ ਨੇ ਕ੍ਰਿਸਮਸ ਦੌਰਾਨ ਇਸਨੂੰ ਦੇਸ਼ ਭਰ ਵਿੱਚ ਲਾਂਚ ਕਰਨ ਅਤੇ ਵੱਡਾ ਮੁਨਾਫ਼ਾ ਕਮਾਉਣ ਦੀ ਸਕੀਮ ਬਣਾਈ ਹੋਈ ਸੀ। ਇਸ ਦੀ ਬਜਾਏ, ਇੱਕ ਨਵੀਂ ਅਤੇ ਅਣਜਾਣ ਡਾਕਟਰ - ਉਨ੍ਹਾਂ ਅੱਗੇ ਕੰਧ ਬਣੀ ਖੜ੍ਹੀ ਸੀ।

ਕੰਪਨੀ ਦੇ ਨੁਮਾਇੰਦਿਆਂ ਨੇ ਉਸ ਨੂੰ ਲਗਾਤਾਰ ਤੰਗ ਕੀਤਾ, ਉਨ੍ਹਾਂ ਦੀ ਭੀੜ ਉਸ ਦੇ ਦਫ਼ਤਰ ਵਿੱਚ ਆ ਗਈ। ਉਨ੍ਹਾਂ ਨੇ ਉਸਦਾ ਅਪਮਾਨ ਕੀਤਾ, ਉਸਦਾ ਮਜ਼ਾਕ ਉਡਾਇਆ, ਉਸਦੇ ਸੁਪਰਵਾਈਜ਼ਰਾਂ ’ਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ। ਅਠਾਰਾਂ ਮਹੀਨਿਆਂ ਦੇ ਦੌਰਾਨ, ਉਨ੍ਹਾਂ ਨੇ ਉਸ ਪਾਸੋਂ ਲਗਪੱਗ ਪੰਜਾਹ ਵਾਰ ਧੱਕੇ ਨਾਲ ਮਨਜ਼ੂਰੀ ਲੈਣ ਦੀ ਕੋਸ਼ਿਸ਼ ਕੀਤੀ।

ਪਰ ਉਸਨੇ ਕਦੇ ਹਾਰ ਨਹੀਂ ਮੰਨੀ।

ਉਸਦੀ ਇਹ ਸੋਚ, ਕਈ ਸਾਲ ਪਹਿਲਾਂ, ਸ਼ਿਕਾਗੋ ਯੂਨੀਵਰਸਿਟੀ ਵਿੱਚ ਪੈਦਾ ਹੋਈ ਸੀ, ਜਿੱਥੇ ਉਸਨੇ ਅਧਿਐਨ ਕੀਤਾ ਸੀ ਕਿ ਕਿਵੇਂ ਨਸ਼ੀਲੇ ਪਦਾਰਥ ਗਰਭਵਤੀ ਜਾਨਵਰਾਂ ਦੇ ਸਰੀਰ ਵਿੱਚੋਂ ਲੰਘਦੇ ਹਨ ਅਤੇ ਵਿਕਾਸਸ਼ੀਲ ਭਰੂਣਾਂ ਵਿੱਚ ਦਾਖਲ ਹੋ ਜਾਂਦੇ ਹਨ। ਇਹ ਗਿਆਨ ਉਸਦੇ ਦਿਮਾਗ਼ ਵਿੱਚ ਸਦਾ ਲਈ ਵਸ ਗਿਆ ਸੀ। ਜਦੋਂ ਉਸਨੇ ਥੈਲੀਡੋਮਾਈਡ ਦੇ ਹਲਕੇ ਡੇਟਾ ਨੂੰ ਦੇਖਿਆ, ਤਾਂ ਉਹ ਹੈਰਾਨ ਹੋਣ ਲੱਗੀ ਕਿ ਕੀ ਕਿਸੇ ਨੇ ਸੱਚਮੁੱਚ ਜਾਂਚ ਕੀਤੀ ਹੈ ਕਿ ਇਸ ਡਰੱਗ ਨੇ ਭਰੂਣ ਨਾਲ ਕੀ ਕੀਤਾ ਹੈ।

ਜੋ ਕਿਸੇ ਕੋਲ ਨਹੀਂ ਸੀ।

1960 ਦੇ ਅਖੀਰ ਵਿੱਚ, ਉਸਨੇ ਇੱਕ ਬ੍ਰਿਟਿਸ਼ ਰਿਪੋਰਟ ਪੜ੍ਹੀ ਜਿਸ ਵਿੱਚ ਉਹਨਾਂ ਮਰੀਜ਼ਾਂ ਵਿੱਚ ਨਸਾਂ ਦੇ ਨੁਕਸਾਨ ਦਾ ਵਰਣਨ ਕੀਤਾ ਗਿਆ ਸੀ, ਜਿਨ੍ਹਾਂ ਨੇ ਲੰਬੇਂ ਸਮੇਂ ਲਈ ਥੈਲੀਡੋਮਾਈਡ ਲਿਆ ਸੀ। ਇਸ ਤਰ੍ਹਾਂ ਇੱਕ ਹੋਰ ਚਿਤਾਵਨੀ ਦਾ ਸੰਕੇਤ ਮਿਲ ਗਿਆ। ਡਾ. ਕੈਲਸੀ ਨੇ ਕੰਪਨੀ ਪਾਸੋਂ ਇਨ੍ਹਾਂ ਤਾਜਾ ਅਧਿਐਨਾਂ ਦੀਆਂ ਰਿਪੋਰਟਾਂ ਦਾ ਜਵਾਬ ਮੰਗਿਆ ਪਰ ਦਵਾਈ ਕੰਪਨੀ ਨੇ ਇਸ ਦੀ ਬਜਾਏ ਆਪਣੇ ਹੱਕ ਵਿੱਚ ਚਮਕਦਾਰ ਪ੍ਰਸ਼ੰਸਾ-ਪੱਤਰ ਭੇਜ ਦਿੱਤੇ।

ਇਸ ਲਈ ਉਹ ਨਾਂਹ ਆਖਦੀ ਰਹੀ।

ਇਸ ਦੌਰਾਨ, ਯੂਰਪ ਵਿੱਚ ਕੁਝ ਬੁਰਾ ਸਾਹਮਣੇ ਆ ਰਿਹਾ ਸੀ। ਬੱਚੇ ਭਿਆਨਕ ਵਿਗਾੜਾਂ ਨਾਲ ਪੈਦਾ ਹੋ ਰਹੇ ਸਨ - ਅੰਗ ਗੁੰਮ ਜਾਂ ਗੰਭੀਰ ਰੂਪ ਨਾਲ ਛੋਟੇ, ਅੰਗ ਗਲਤ ਤਰੀਕੇ ਨਾਲ ਬਣੇ, ਹੱਥ ਸਿੱਧੇ ਮੋਢਿਆਂ ਨਾਲ ਜੁੜੇ ਹੋਏ, ਅੱਖਾਂ ਅਤੇ ਕੰਨ ਵਿਗੜ ਗਏ। ਡਾਕਟਰ ਬੜੇ ਹੈਰਾਨ ਸਨ, ਆਖਰ ਦੋ ਡਾਕਟਰਾਂ, ਇੱਕ ਜਰਮਨੀ ਵਿੱਚ ਅਤੇ ਇੱਕ ਆਸਟਰੇਲੀਆ ਵਿੱਚ, ਨੇ ਖੋਜ ਕਰਕੇ ਲੱਭਿਆ ਕਿ ਮਾਵਾਂ ਨੇ ਗਰਭ ਅਵਸਥਾ ਦੇ ਸ਼ੁਰੂਆਤੀ ਹਫ਼ਤਿਆਂ ਵਿੱਚ ਥੈਲੀਡੋਮਾਈਡ ਲਿਆ ਸੀ।

ਇਹ ਇੱਕ ਮੈਡੀਕਲ ਆਫ਼ਤ ਸੀ। ਦਰਜਨਾਂ ਦੇਸ਼ਾਂ ਵਿੱਚ ਦਸ ਹਜ਼ਾਰ ਤੋਂ ਵੱਧ ਬੱਚੇ ਪ੍ਰਭਾਵਿਤ ਹੋਏ। ਕਈਆਂ ਦੀ ਜਨਮ ਤੋਂ ਥੋੜ੍ਹੀ ਦੇਰ ਬਾਅਦ ਮੌਤ ਹੋ ਗਈ। ਕਈ ਹੋਰਾਂ ਨੇ ਜੀਵਨ ਭਰ ਅਪਾਹਜਤਾ ਦਾ ਸਾਹਮਣਾ ਕੀਤਾ। ਹਜ਼ਾਰਾਂ ਗਰਭ ਅਵਸਥਾਵਾਂ ਮਿਆਦ ਤੋਂ ਪਹਿਲਾਂ ਹੀ ਖਤਮ ਹੋ ਗਈਆਂ।

ਇਹ ਸਭ ਥੈਲੀਡੋਮਾਈਡ ਨੇ ਕੀਤਾ ਸੀ।

ਜਰਮਨੀ ਨੇ ਨਵੰਬਰ 1961 ਵਿੱਚ ਦੁਕਾਨਾਂ ਵਿਚੋਂ ਇਸ ਦਵਾਈ ਨੂੰ ਬਾਹਰ ਕੱਢਿਆ। ਤੁਰੰਤ ਬਾਅਦ ਬ੍ਰਿਟੇਨ ਨੇ ਵੀ ਅਜਿਹਾ ਕੀਤਾ। ਹੋਰ ਦੇਸ਼ਾਂ ਨੇ ਨੁਕਸਾਨ ਨੂੰ ਰੋਕਣ ਲਈ ਹੰਭਲਾ ਮਾਰਿਆ। ਪਰ ਦੁਖਾਂਤ ਨੂੰ ਖਤਮ ਨਹੀਂ ਕੀਤਾ ਜਾ ਸਕਿਆ।

ਅਮਰੀਕਾ ਵਿੱਚ ਅਜਿਹਾ ਕੁਝ ਵੀ ਨਹੀਂ ਵਾਪਰਿਆ ਸੀ ਕਿਉਂਕਿ ਫਰਾਂਸਿਸ ਕੈਲਸੀ ਨੇ ਡਰੱਗ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਇਹ ਕਦੇ ਵੀ ਅਮਰੀਕੀ ਫਾਰਮੇਸੀਆਂ ਤੱਕ ਨਹੀਂ ਪਹੁੰਚਿਆ। ਸਿਰਫ ਰਿਚਰਡਸਨ-ਮੇਰੇਲ ਨੇ ਕਲੀਨਿਕਲ ਅਜ਼ਮਾਇਸ਼ਾਂ ਦੌਰਾਨ ਡਾਕਟਰਾਂ ਨੂੰ ਚੁੱਪ-ਚਾਪ ਨਮੂਨੇ ਦਿੱਤੇ ਸਨ। ਉਹ ਗੋਲੀਆਂ ਜਿਨ੍ਹਾਂ ਦੀ ਕਾਨੂੰਨੀ ਤੌਰ 'ਤੇ ਇਜਾਜ਼ਤ ਨਹੀਂ ਸੀ ਅਤੇ ਇੱਥੋਂ ਤੱਕ ਕਿ ਉਸ ਸੀਮਤ ਵੰਡ ਨੇ ਵੀ ਸਤਾਰਾਂ ਜਮਾਂਦਰੂ ਨੁਕਸਾਂ ਵਾਲੇ ਬੱਚੇ ਪੈਦਾ ਕੀਤੇ ਸਨ।

ਅਮਰੀਕਾ ਵਿੱਚ ਸਿਰਫ 17 ਬੱਚੇ ਪੀੜਤ ਸਨ ਪਰ ਯੂਰਪ ਵਿੱਚ, ਇਹ ਗਿਣਤੀ ਹਜ਼ਾਰਾਂ ਵਿੱਚ ਸੀ।

ਤਬਾਹੀ ਅਤੇ ਰੋਕਥਾਮ ਵਿੱਚ ਇਹ ਅੰਤਰ ਇੱਕ ਔਰਤ ਦੇ ਸਹੀ ਸਬੂਤ 'ਤੇ ਜ਼ੋਰ ਦੇਣ ਕਾਰਣ ਸੀ। ਉਸ ਵੱਲੋਂ ਕੰਪਨੀ ਦੇ ਦਬਾਅ ਜਾਂ ਲਾਲਚ ਵਿੱਚ ਨਾ ਆਉਣ ਕਾਰਣ ਸੀ।

1962 ਵਿੱਚ ਜਦੋਂ ਅਖ਼ਬਾਰਾਂ ਨੇ ਸੱਚਾਈ ਛਾਪੀ ਤਾਂ ਕੌਮ ਹੱਕੀ-ਬੱਕੀ ਰਹਿ ਗਈ। ਵਾਸ਼ਿੰਗਟਨ ਪੋਸਟ ਦੇ ਇੱਕ ਰਿਪੋਰਟਰ ਨੇ ਕੈਲਸੀ ਨੂੰ ਇੱਕ ਨਾਇਕਾ ਦੱਸਦਿਆਂ ਇੱਕ ਫਰੰਟ-ਪੇਜ ਲੇਖ ਲਿਖਿਆ ਜਿਸ ਨੇ ਸੈਂਕੜੇ ਜਾਂ ਅਸਲ ਵਿੱਚ ਹਜ਼ਾਰਾਂ ਬਾਹਾਂ ਅਤੇ ਲੱਤਾਂ ਰਹਿਤ ਬੱਚਿਆਂ ਦੇ ਜਨਮ ਨੂੰ ਰੋਕਿਆ ਸੀ।

ਜਨਤਾ ਦਾ ਗੁੱਸਾ ਫੁੱਟ ਪਿਆ। ਅਮਰੀਕਨ ਲੋਕ ਯੂਰਪੀਅਨ ਤ੍ਰਾਸਦੀ ਤੋਂ ਡਰੇ ਹੋਏ ਸਨ ਅਤੇ ਗੁੱਸੇ ਵਿੱਚ ਸਨ ਕਿ ਇੱਕ ਕੰਪਨੀ ਨੇ ਇੱਕ ਬਿਨਾਂ ਜਾਂਚ ਕੀਤੇ ਡਰੱਗ ਨੂੰ ਮਾਰਕੀਟ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਸੀ।

7 ਅਗਸਤ, 1962 ਨੂੰ, ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ ਨੇ ਫਰਾਂਸਿਸ ਕੈਲਸੀ ਨੂੰ ਵਾਈਟ ਹਾਊਸ ਬੁਲਾਇਆ ਅਤੇ ਉਸ ਨੂੰ ਵਿਸ਼ਿਸ਼ਟ ਸਿਵਲੀਅਨ ਸੇਵਾ ਲਈ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਿਤ ਕੀਤਾ- (ਇੱਕ ਨਾਗਰਿਕ ਨੂੰ ਪ੍ਰਾਪਤ ਹੋਣ ਵਾਲਾ ਸਭ ਤੋਂ ਉੱਚਾ ਸਨਮਾਨ)। ਇਹ ਪ੍ਰਾਪਤੀ ਕਰਨ ਵਾਲੀ ਉਹ ਸਿਰਫ ਦੂਜੀ ਔਰਤ ਸੀ। ਰਾਸ਼ਟਰਪਤੀ ਨੇ ਉਸਦੇ ਫੈਸਲੇ ਅਤੇ ਦਬਾਅ ਅੱਗੇ ਝੁਕਣ ਤੋਂ ਇਨਕਾਰ ਕਰਨ ਦੀ ਪ੍ਰਸ਼ੰਸਾ ਕੀਤੀ।

ਪਰ ਉਸਦਾ ਪ੍ਰਭਾਵ ਉੱਥੇ ਖਤਮ ਨਹੀਂ ਹੋਇਆ।

ਕੈਲਸੀ ਦੇ ਵਿਰੋਧ ਨੇ ਵਿਆਪਕ ਸੁਧਾਰਾਂ ਨੂੰ ਜਨਮ ਦਿੱਤਾ। ਅਕਤੂਬਰ 1962 ਵਿੱਚ, ਅਮਰੀਕੀ ਕਾਂਗਰਸ ਨੇ ਕੇਫੌਵਰ-ਹੈਰਿਸ ਸੋਧ ਪਾਸ ਕੀਤੀ। ਇਸਨੇ ਅਮਰੀਕੀ ਡਰੱਗ ਕਾਨੂੰਨਾਂ ਨੂੰ ਬਦਲ ਦਿੱਤਾ। ਕੰਪਨੀਆਂ ਨੂੰ ਹੁਣ ਖ਼ੁਦ ਸਾਬਤ ਕਰਨਾ ਸੀ ਕਿ ਦਵਾਈਆਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸਨ। ਉਨ੍ਹਾਂ ਨੂੰ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰਨੀ ਪਈ। ਮਿਆਰ ਹੋਰ ਸਖ਼ਤ ਹੋ ਗਏ ਹਨ। ਨਿਗਰਾਨੀ ਮਜ਼ਬੂਤ ਹੋ ਗਈ।

ਫਰਾਂਸਿਸ ਕੈਲਸੀ ਨੇ ਇਹਨਾਂ ਨਿਯਮਾਂ ਨੂੰ ਲਿਖਣ ਅਤੇ ਲਾਗੂ ਕਰਨ ਵਿੱਚ ਮਦਦ ਕੀਤੀ। ਉਸਨੇ FDA ਦੀ ਜਾਂਚ ਕਰਨ ਵਾਲੀ ਸ਼ਾਖਾ ਦੀ ਅਗਵਾਈ ਕੀਤੀ। ਬਾਅਦ ਵਿੱਚ ਉਸਨੇ ਵਿਗਿਆਨਕ ਜਾਂਚਾਂ ਦੇ ਡਿਵੀਜ਼ਨ ਦੀ ਅਗਵਾਈ ਕੀਤੀ, ਜਿੱਥੇ ਉਸਦੇ ਇੰਸਪੈਕਟਰਾਂ ਨੂੰ ਉਨ੍ਹਾਂ ਦੀ ਸਮਝੌਤਾ ਰਹਿਤ ਸਖਤ ਜਾਂਚ ਲਈ 'ਕੈਲਸੀ ਦੇ ਸਿਪਾਹੀ' ਕਿਹਾ ਜਾਣ ਲੱਗਾ।

ਕੈਲਸੀ ਨੇ 2005 ਵਿੱਚ ਨੱਬੇ ਸਾਲ ਦੀ ਉਮਰ ਵਿੱਚ ਐਫ.ਡੀ.ਏ. ਤੋਂ ਸੇਵਾ-ਮੁਕਤੀ ਹਾਸਲ ਕੀਤੀ। ਉਸਨੇ ਦੁਨੀਆ

ਭਰ ਵਿੱਚ ਡਰੱਗ ਸੁਰੱਖਿਆ ਨੂੰ ਨਵਾਂ ਰੂਪ ਦਿੱਤਾ ਸੀ। 2010 ਵਿੱਚ, FDA ਨੇ ਜਨਤਕ ਸਿਹਤ ਦੀ ਸੁਰੱਖਿਆ ਵਿੱਚ ਉੱਤਮਤਾ ਅਤੇ ਸਾਹਸ ਲਈ ਡਾ. ਫਰਾਂਸਿਸ ਓ. ਕੈਲਸੀ ਅਵਾਰਡ ਬਣਾਇਆ ਗਿਆ।

ਉਹ ਆਪਣੀ ਧੀ ਨਾਲ ਰਹਿਣ ਲਈ ਕੈਨੇਡਾ ਚਲੀ ਗਈ ਅਤੇ 101 ਸਾਲ ਦੀ ਉਮਰ ਵਿੱਚ 7 ਅਗਸਤ, 2015 ਨੂੰ ਉੱਥੇ ਹੀ ਮੌਤ ਹੋ ਗਈ।

ਫਰਾਂਸਿਸ ਓਲਡਹੈਮ ਕੈਲਸੀ ਨੇ ਕਦੇ ਵੀ ਜੀਵਨ ਬਚਾਉਣ ਵਾਲੀ ਦਵਾਈ ਦੀ ਖੋਜ ਨਹੀਂ ਕੀਤੀ। ਪਰ ਉਸ ਨੇ ਬਹੁਤ ਸਾਰੀਆਂ ਜ਼ਿੰਦਗੀਆਂ ਬਚਾਈਆਂ ਕਿਉਂਕਿ ਉਸ ਨੇ ਦਬਾਅ ਹੇਠ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ।

ਕਈ ਵਾਰ ਵਿਗਿਆਨ ਵਿੱਚ ਸਭ ਤੋਂ ਸ਼ਕਤੀਸ਼ਾਲੀ ਸਰਗਰਮੀ ਖੋਜ ਨਹੀਂ ਹੁੰਦੀ। ਕਦੇ-ਕਦੇ ਇਹ ਨਾਂਹ ਕਹਿਣ ਦੀ ਹਿੰਮਤ ਹੁੰਦੀ ਹੈ—ਸ਼ਾਂਤੀ ਨਾਲ, ਦ੍ਰਿੜਤਾ ਨਾਲ ਅਤੇ ਬਿਲਕੁਲ ਸਹੀ ਸਮੇਂ 'ਤੇ।

ਫਰਾਂਸਿਸ ਕੈਲਸੀ ਨੇ ਅਜਿਹਾ ਕੀਤਾ ਅਤੇ ਕਿਉਂਕਿ ਉਸਨੇ ਅਜਿਹਾ ਕੀਤਾ, ਅਣਗਿਣਤ ਹਜ਼ਾਰਾਂ ਅਮਰੀਕੀ ਬੱਚੇ ਪੂਰੇ, ਸਿਹਤਮੰਦ ਅਤੇ ਸੁਰੱਖਿਅਤ ਪੈਦਾ ਹੋਏ ਸਨ।

ਉਸਦੇ ਸ਼ਾਂਤ ਇਨਕਾਰ ਨੇ ਇੱਕ ਪੀੜ੍ਹੀ ਨੂੰ ਬਚਾਇਆ।

***

ਕਾਕੇ ਦਾ ਬਾਪੂ

ਗਾਇਕ ਕਾਕਾ, ਜਿਸਦੇ ਗੀਤ - 'ਪੱਤਾ ਵੀ ਨੀਂ ਹਿੱਲਦਾ'- ਬਾਰੇ ਤਰਕਸ਼ੀਲ ਦੇ ਸਤੰਬਰ-ਅਕਤੂਬਰ 2025 ਅੰਕ ਵਿੱਚ ਲਿਖਿਆ ਗਿਆ ਸੀ, ਉਸ ਨੇ ਪਿਛਲੇ ਮਹੀਨੇ ਇੱਕ ਇੰਟਰਵਿਊ ਵਿੱਚ ਮੁੜ ਜੋਰਦਾਰ ਢੰਗ ਨਾਲ ਕਿਹਾ ਕਿ ਉਹ ਪੂਰੀ ਤਰ੍ਹਾਂ ਨਾਸਤਿਕ ਹੈ। ਇਸ ਬਿਆਨ 'ਤੇ ਕਾਫੀ ਰੌਲਾ ਪਿਆ ਅਤੇ ਯੂ-ਟਿਊਬਰਾਂ ਨੂੰ ਇੱਕ ਹੋਰ ਵਿਸ਼ਾ ਮਿਲ ਗਿਆ, ਜਿਸ ਬਾਰੇ ਉਹ ਵਿਵਾਦੀ ਟਿੱਪਣੀਆਂ ਹਾਸਲ ਕਰਕੇ ਚਰਚਾ ਵਿੱਚ ਆ ਸਕਦੇ ਹਨ। ਇਸੇ ਲੜੀ ਵਿੱਚ ਇੱਕ ਯੂ-ਟਿਊਬ ਚੈਨਲ ਸਤਰੰਗ ਵਾਲੇ ਇਸ ਵਿਸ਼ੇ ਬਾਰੇ ਉਸਦੇ ਪਿਤਾ ਨਾਲ ਗੱਲ ਕਰਨ ਲਈ ਉਸ ਦੇ ਪਿੰਡ ਚੰਦੂ ਮਾਜਰਾ ਪਹੁੰਚ ਗਏ।

ਕਾਕੇ ਦੇ ਪਿਤਾ ਜੀ ਨੇ ਉਨ੍ਹਾਂ ਸਵਾਲਾਂ ਦੇ ਜੋ ਜਵਾਬ ਦਿੱਤੇ ਉਹ ਇੱਕ ਨਿਰਛਲ ਕਿਰਤੀ ਵਿਅਕਤੀ ਦੇ ਜਜ਼ਬਾਤ ਸਨ, ਜੋ ਇਹ ਦਰਸਾਉਂਦੇ ਹਨ ਕਿ ਇੱਕ ਕਿਰਤੀ ਵਿਅਕਤੀ ਰੱਬ ਵਰਗੇ ਮਸਲਿਆਂ ਬਾਰੇ ਕਿਵੇਂ ਸੋਚਦਾ ਹੈ। ਵਰਣਨਯੋਗ ਹੈ ਕਿ ਕਾਕੇ ਦਾ ਪਿਤਾ ਕਿੱਤੇ ਵਜੋਂ ਰਾਜ-ਮਿਸਤਰੀ ਹੈ। ਉਨ੍ਹਾਂ ਨਾਲ ਹੋਏ ਕੁਝ ਸਵਾਲ ਜਵਾਬ ਪਾਠਕਾਂ ਦੀ ਦਿਲਚਸਪੀ ਲਈ ਹੇਠ ਦਿੱਤੇ ਜਾ ਰਹੇ ਹਨ-

ਯੂ-ਟਿਊਬਰ ਪੁੱਛਦਾ ਹੈ ਕਿ ਕਾਕਾ ਤਾਂ ਇਉਂ ਕਹਿੰਦਾ ਹੈ ਕਿ ਤੁਸੀਂ ਵੀ ਨਾਸਤਿਕ ਹੋ। ਤੁਸੀਂ ਇਸ ਬਾਰੇ ਕੀ ਕਹੋਗੇ?

ਕਾਕੇ ਦਾ ਬਾਪੂ - ਸਾਨੂੰ ਕਿਆ ਪਤਾ, ਪਤਾ ਵੀ ਨਹੀਂ। ਅਸੀਂ ਤਾਂ ਸਾਰੀ ਉਮਰ ਕੰਮ 'ਚ ਰਹੇ ਆਂ। ਸਾਝਰੇ ਕੰਮ 'ਤੇ ਨਿਕਲ ਜਾਣਾ, ਰਾਤ ਪਈ ਤੋਂ ਮੁੜਨਾ। ਹੋਰ ਪੱਤਰਕਾਰ ਵੀ ਆ ਗਏ ਸੀ ਇਹੀ ਪੁੱਛਣ। ਮੈਂ ਕਿਹਾ ਬਈ ਰੱਬ ਤਾਂ ਮੈਂ ਵੀ ਨਹੀਂ ਦੇਖਿਆ, ਤੁਸੀਂ ਕਿਹੜਾ ਦੇਖਿਆ। ਜੇ ਦੇਖਿਆ ਤਾਂ ਦੱਸੋ। ਇਸ ਨੂੰ ਚਾਹੇ ਨਾਸਤਿਕ ਕਹਿ ਲੋ ਜਾਂ ਕੁਝ ਹੋਰ।

ਯੂ-ਟਿਊਬਰ- ਤੁਸੀਂ ਗੁਰਦਵਾਰੇ/ਮੰਦਰ ਜਾਂਦੇ ਹੋ?

ਬਾਪੂ - ਨਹੀਂ, ਮੈਂ ਤਾਂ ਇਥੇ ਹੀ ਰਹਿੰਦਾ ਹਾਂ। ਮੈਂ ਤਾਂ ਕੰਮ 'ਚ ਐਨਾ ਰੁੱਝਿਆ ਰਹਿੰਨਾ, ਕਦੇ ਟੈਮ ਹੀ ਨਹੀਂ ਮਿਲਦਾ।

ਯੂ-ਟਿਊਬਰ - ਡਰ ਨਹੀਂ ਲਗਦਾ ਜਦੋਂ ਕਲਾਕਾਰਾਂ ਨੂੰ ਧਮਕੀਆਂ ਆਉਂਦੀਆਂ ਹਨ? ਕਲਾਕਾਰਾਂ ਤੋਂ ਗੈਂਗਸਟਰ ਫਿਰੌਤੀਆਂ ਮੰਗਦੇ ਹਨ। ਜਦੋਂ ਕੋਈ ਥੋੜ੍ਹਾ ਜਿਹਾ ਮਸ਼ਹੂਰ ਹੋ ਜਾਂਦਾ ਤਾਂ ਉਸਤੋਂ ਪੈਸੇ ਮੰਗੇ ਜਾਂਦੇ ਆ।

ਬਾਪੂ- ਤਾਂ ਹੀ ਤਾਂ ਉਹ ਕਹਿੰਦਾ ਏ ਕਿ ਰੱਬ ਹੈ ਨੀਂ। ਜੇ ਰੱਬ ਹੈਗਾ ਤਾਂ ਉਹ ਇਹੋ ਜਿਹਿਆਂ ਨੂੰ ਰੋਕਦਾ ਕਿਉਂ ਨਹੀਂ? ਜੇ ਹੈਗਾ ਤਾਂ ਫਿਰੌਤੀਆਂ ਵਾਲਿਆਂ ਨੂੰ ਸਾਂਭੇ, ਨਹੀਂ ਫਿਰ ਹੈ ਨੀਂ। ਇਹ ਤਾਂ ਗੱਲ ਹੈ ਨਾ, ਕਿ ਨਹੀਂ?

ਜਾਪਦਾ ਹੈ ਯੂ-ਟਿਊਬਰ ਕੋਈ ਅਜਿਹੀ ਗੱਲ ਅਖਵਾਉਣਾ ਚਾਹੁੰਦਾ ਸੀ ਜਿਸ ਨਾਲ ਕੋਈ ਵਿਵਾਦ ਸ਼ੁਰੂ ਹੋ ਸਕੇ ਪਰ ਬਾਪੂ ਦੇ ਸੁਲਝੇ ਹੋਏ ਜਵਾਬਾਂ ਅੱਗੇ ਉਸ ਦੀ ਪੇਸ਼ ਨਾ ਗਈ । ਸੋ ਕੁਝ ਚਿਰ ਏਧਰ ਉਧਰ ਦੀਆਂ ਗੱਲਾਂ ਬਾਅਦ ਮੁੜ ਸਵਾਲ ਕਰਦਾ ਹੈ - 'ਤੁਹਾਡੇ ਕੀ ਵਿਚਾਰ ਐ , ਰੱਬ ਹੈਗਾ ਕਿ ਨਹੀਂ?'

ਬਾਪੂ - ਆਪਾਂ ਨੂੰ ਤਾਂ ਐਨੀ ਨਾਲਿਜ਼ ਹੈਨੀ, ਨਾ ਆਪਾਂ ਨੂੰ ਕਦੇ ਮਿਲਿਆ। ਮਿਲੇ ਤਾਂ ਪੁੱਛ ਹੀ ਲਈਏ ਕਿ ਐਨੇ ਪੁੱਠੇ ਕੰਮ ਕਿਉਂ ਕਰਦੈਂ? ਕਰਦਾ ਤਾਂ ਪੁੱਠੇ ਹੀ ਹੈ ਨਾ? .... ਖੁੱਲ੍ਹ ਕੇ ਹੱਸਦਾ ਹੈ।

ਸਾਡਾ ਸੇਬ ਸਕਰੀਨ ਨਾ ਬਣਿਆ

ਪੱਲਵੀ ਤ੍ਰਿਵੇਦੀ *

ਇੱਕ ਵਾਰ ਇਕ ਬਾਬਾ ਜੀ ਸਾਡੇ ਸ਼ਹਿਰ ਮੰਡਲਾ ਆਏ। ਅਸੀਂ ਉਸ ਵਕਤ ਕਾਲਜ ਵਿੱਚ ਪੜ੍ਹ ਰਹੀਆਂ ਸੀ। ਬਾਬਾ ਜੀ ਦੀ ਪ੍ਰਸਿੱਧੀ ਦੋ ਤਿੰਨ ਦਿਨਾਂ ਵਿੱਚ ਸਾਰੇ ਸ਼ਹਿਰ ਵਿੱਚ ਫੈਲ ਗਈ। ਬਾਬਾ ਜੀ ਦੀ ਖਾਸ ਗੱਲ ਇਹ ਸੀ ਕਿ ਉਸ ਕੋਲ ਇੱਕ ਫਲ ਲੈ ਕੇ ਜਾਣਾ ਹੁੰਦਾ ਸੀ, ਬਾਬਾ ਉਸ ਫਲ ਨੂੰ ਆਪਣੇ ਹੱਥ ਵਿੱਚ ਲੈਂਦੇ ਅਤੇ ਫਲ ਟੀਵੀ ਦੀ ਸਕਰੀਨ ਬਣ ਜਾਂਦਾ। ਉਸ 'ਟੀ.ਵੀ.' ਵਿੱਚ ਦੇਖ ਕੇ, ਬਾਬਾ ਫਲ ਲਿਆਉਣ ਵਾਲੇ ਦਾ ਭੂਤ ਭਵਿੱਖ ਸਭ ਕੁਝ ਦੱਸ ਦਿੰਦਾ। ਲੋਕਾਂ ਆਪੋ ਆਪਣੀ ਪਸੰਦ ਦਾ ਫਲ ਲੈ ਕੇ, ਭੀੜਾਂ ਲਾ ਦਿੱਤੀਆਂ।

ਬਾਬੇ ਦੀ ਕੋਈ ਫੀਸ ਨਹੀਂ ਸੀ, ਪਰ ਜੇਕਰ ਉਸ ਦੀ ਗੱਲ ਸੱਚੀ ਲੱਗੇ ਤਾਂ ਸ਼ਰਧਾ ਅਨੁਸਾਰ ਚੜ੍ਹਾਵਾ ਚੜ੍ਹਾ ਦਿੱਤਾ ਜਾਂਦਾ ਸੀ। ਬਾਬਾ ਇਨਕਾਰ ਨਹੀਂ ਸੀ ਕਰਦਾ। ਬੇਸ਼ਕ ਆਪਣਾ ਮਕਾਨ ਕਿਉਂ ਨਾ ਬਾਬੇ ਦੇ ਨਾਂ ਕਰ ਦਿਓ, ਬਾਬਾ ਮਨ੍ਹਾਂ ਨਹੀਂ ਕਰਦਾ ਸੀ।

ਮੈਂ ਅਤੇ ਗੁੱਡੂ ਜਗਿਆਸੂ ਲੜਕੀਆਂ ਸੀ। ਸ਼ਹਿਰ ਕੋਈ ਤੋਪ ਆਵੇ ਤੇ ਸਾਥੋਂ ਬਚ ਕੇ ਚਲੀ ਜਾਵੇ, ਇਹ ਤਾਂ ਸਾਡੀ ਹੋਂਦ ਦਾ ਹੀ ਅਪਮਾਨ ਸੀ। ਸੋ ਅਸੀਂ ਬਾਬੇ ਦੀ ਜਾਂਚ ਪੜਤਾਲ ਕਰਨੀ ਸੀ। ਜਦ ਉਸਦੀ ਪ੍ਰਸਿੱਧੀ ਸਿਖਰ 'ਤੇ ਪਹੁੰਚ ਗਈ, ਅਸੀਂ ਦੋਵਾਂ ਨੇ ਫਲਾਂ ਵਿੱਚ ਕੈਦ ਆਪਣੇ ਭਵਿੱਖ ਦਿਖਾਉਣ ਦਾ ਵਿਚਾਰ ਬਣਾਇਆ।

ਇਕ ਸ਼ਾਮ ਅਸੀਂ ਦੋਨਾਂ ਭੈਣਾਂ ਨੇ ਬਾਬੇ ਕੋਲ ਜਾਣ ਦਾ ਫੈਸਲਾ ਕੀਤਾ ਅਤੇ ਉਸਦੇ ਵੱਲ ਚੱਲ ਪਈਆਂ। ਰਸਤੇ 'ਚ ਇੱਕ ਫਲਾਂ ਦੀ ਰੇੜ੍ਹੀ ਤੋਂ ਫਲ ਲੈਣ ਰੁਕੀਆਂ। ਅਸੀਂ ਸੋਚ ਵਿਚਾਰ ਕੇ ਸੇਬ ਚੁਣਿਆ। ਪਹਿਲੀ ਗੱਲ ਤਾਂ ਇਹ ਸੀ ਕਿ ਇਹ ਪਿਲਪਲਾ ਨਹੀਂ ਸੀ, ਇਸ ਵਿੱਚੋਂ ਜੋ ਦਿਖੇਗਾ ਠੋਸ ਦਿਖੇਗਾ। ਦੂਸਰਾ ਇਸਦਾ ਆਕਾਰ ਵੀ ਦਰਮਿਆਨਾ ਸੀ, ਭੂਤਕਾਲ ਦੇ 'ਪਾਪ' ਵੱਡੇ ਹੋ ਕੇ ਨਹੀਂ ਦਿਖਣਗੇ। ਤੀਜਾ ਚਮਕਦਾਰ ਮਸਤ ਲਾਲ ਰੰਗ ਦਾ ਸੀ ਜਿਵੇਂ ਸਾਡੀ ਫਿਲਮ ਰੰਗੀਨ ਦਿਖੇਗੀ। ਅਸੀਂ ਇਹ ਸੇਬ ਖ਼੍ਰੀਦਿਆ ਅਤੇ ਬਾਬਾ ਜੀ ਦੇ ਦਰਬਾਰ ਪਹੁੰਚ ਗਈਆਂ।

ਉੱਥੇ ਪਹੁੰਚ ਕੇ ਵੇਖਿਆ ਕਿ ਚੰਗੀ ਭੀੜ ਸੀ, ਉਡੀਕ ਚੱਲ ਰਹੀ ਸੀ। ਉਸਦੇ ਕਮਰੇ ਦੇ ਬਾਹਰ, ਅਸੀਂ ਦੋਨੋਂ ਹੋਰਨਾਂ ਨਾਲ ਖੜੀਆਂ ਹੋ ਗਈਆਂ। ਸਭ ਦੇ ਹੱਥਾਂ ਵਿੱਚ ਇੱਕ ਇੱਕ ਫਲ ਚਮਕ ਰਿਹਾ ਸੀ। ਅਸੀਂ ਹੱਸ ਰਹੀਆਂ ਸੀ ਕਿ ਜਿਸ ਦੇ ਹੱਥਾਂ ਵਿੱਚ ਅੰਗੂਰ ਸਨ, ਇਨ੍ਹਾਂ ਦੇ ਦ੍ਰਿਸ਼ ਜਰੂਰ ਕੱਟ ਜਾਣਗੇ। ਇਹ ਸੜਿਆ ਗਲਿਆ ਸੰਤਰਾ ਤਾਂ ਦ੍ਰਿਸ਼ਾਂ ਨੂੰ ਜਰੂਰ ਬਦਰੰਗ ਕਰ ਦੇਵੇਗਾ। ਸਾਡਾ ਸੇਬ ਸਭ ਤੋਂ ਸੁੰਦਰ ਪਿਆਰਾ, ਫੁਲ ਹਾਈ ਡੈਫੀਨੇਸ਼ਨ, 5k ਰੈਜ਼ੁਲੇਸ਼ਨ ਵਾਲਾ ਹੈ।

ਅਸੀਂ ਆਪਣੇ ਸੇਬ ਨੂੰ ਹਥੇਲੀ ਵਿੱਚ ਰੱਖ ਕੇ, ਆਸ ਪਾਸ ਦਾ ਜਾਇਜ਼ਾ ਲੈ ਰਹੀਆਂ ਸੀ। ਉਡੀਕ ਰਿਹਾ ਇੱਕ ਜਗਿਆਸੂ ਸਾਡੇ ਕੋਲ ਆਇਆ ਅਤੇ ਗੱਲਾਂ ਕਰਨ ਲੱਗ ਪਿਆ। ਉਸਨੇ ਸਾਨੂੰ ਦੱਸਿਆ ਕਿ ਉਹ ਬਾਬੇ ਦੀ ਮਸ਼ਹੂਰੀ ਵੇਖ ਕੇ ਬਹੁਤ ਦੂਰ ਤੋਂ ਚੱਲ ਕੇ ਆਇਆ ਹੈ। ਅਸੀਂ ਕਿਹਾ ਅਸੀਂ ਵੀ ਮਸ਼ਹੂਰੀ ਸੁਣ ਕੇ ਹੀ ਆਈਆਂ ਹਾਂ। ਫਿਰ ਉਸਨੇ ਪੁੱਛਿਆ ਕਿ ਅਸੀਂ ਕੀ ਕਰਦੀਆਂ ਹਾਂ? ਕਿੱਥੋਂ ਦੀਆਂ ਰਹਿਣ ਵਾਲੀਆਂ ਹਾਂ?

ਦੋਸਤੋ! ਇੱਥੇ ਹੀ ਤੁਸੀਂ ਸਾਡੀ ਬੁੱਧੀ ਦੀ ਪਰਖ ਕਰ ਸਕਦੇ ਹੋ। ਸਾਡੀਆਂ ਦੋਵਾਂ ਭੈਣਾਂ ਦੀਆਂ ਅੱਖਾਂ ਮਿਲੀਆਂ ਅਤੇ ਅਸੀਂ ਫੈਸਲਾ ਕਰ ਲਿਆ ਕਿ ਅਸੀਂ ਕੀ ਕਹਿਣਾ ਹੈ।

ਫਿਰ ਅਸੀਂ ਹਰ ਪ੍ਰਸ਼ਨ ਦਾ ਗਲਤ ਉੱਤਰ ਦਿੱਤਾ। ਜਿਵੇਂ ਕਿ-

ਅਸੀਂ ਦੋ ਭਾਈ ਅਤੇ ਦੋ ਭੈਣਾਂ ਹਾਂ।
ਪਿਤਾ ਜੀ ਦੁਕਾਨ ਕਰਦੇ ਹਨ।
ਅਸੀਂ ਫੇਲ੍ਹ ਹੋਣ ਤੋਂ ਪ੍ਰੇਸ਼ਾਨ ਹਾਂ।
ਸਾਡੀ ਮਾਂ ਲੰਮੀ ਅਤੇ ਪੱਕੇ ਰੰਗ ਦੀ ਹੈ।
ਪਿਤਾ ਜੀ ਦੀ ਕੋਈ ਭੈਣ ਨਹੀਂ ਹੈ।

ਅਸੀਂ ਇਕਦਮ ਉਲਟੇ ਉੱਤਰ ਦਿੱਤੇ। ਅਸੀਂ ਗੜਬੜ੍ਹ ਸੁੰਘ ਲਈ ਸੀ। ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਬਾਅਦ ਉਹ ਆਦਮੀ ਅੰਦਰ ਗਿਆ। ਪੰਜਾਂ ਮਿੰਟਾਂ ਬਾਅਦ ਸਾਨੂੰ ਬੁਲਾਇਆ ਗਿਆ। ਬਾਬਾ ਹੱਟਾ ਕੱਟਾ ਮੁਸ਼ਟੰਡਾ ਆਦਮੀ ਸੀ। ਤਿਲਕ ਲਗਾ ਕੇ, ਪੂਰੀ ਵਰਦੀ ਵਿੱਚ ਬੈਠਾ ਸੀ। ਉਸ ਦੀ ਬਗਲ ਵਿੱਚ ਇੱਕ ਹੋਰ ਆਦਮੀ ਸੀ ਜਿਹੜਾ ਉਸਦੀ ਮਦਦ ਕਰ ਰਿਹਾ ਸੀ।

ਬਾਬੇ ਨੇ ਸਾਥੋਂ ਫਲ ਮੰਗਿਆ, ਅਸੀਂ ਬਹੁਤ ਮਾਣ ਨਾਲ ਸੇਬ ਬਾਬੇ ਅੱਗੇ ਕਰ ਦਿੱਤਾ। ਸੋਚਿਆ ਬਾਬਾ ਸਾਡੀ ਚੋਣ ਦੀ ਤਾਰੀਫ਼ ਕਰੂਗਾ। ਉਸ ਨੇ ਸੇਬ ਲਿਆ ਤੇ ਉਸ ਵੱਲ ਧਿਆਨ ਨਾਲ ਵੇਖਣ ਲੱਗ ਪਿਆ। ਸਾਨੂੰ ਤਾਂ ਸਕਰੀਨ ਖਾਲੀ ਨਜ਼ਰ ਆ ਰਹੀ ਸੀ। ਨਾ ਜਾਣੇ ਬਾਬੇ ਨੂੰ ਕੀ ਦਿਖ ਰਿਹਾ ਹੋਵੇਗਾ? ਬਾਬੇ ਨੇ ਪਹਿਲਾ ਪ੍ਰਸ਼ਨ ਪੁੱਛਿਆ, 'ਤਾਂ ਤੁਸੀਂ ਦੋ ਭੈਣਾਂ ਦੋ ਭਾਈ ਹੋ?',

ਗੁੱਡੂ ਬੋਲੀ, 'ਨਹੀਂ ਬਾਬਾ ਜੀ, ਅਸੀਂ ਤਾਂ ਚਾਰ ਭੈਣਾਂ ਹਾਂ।' ਬਾਬਾ ਥੋੜ੍ਹਾ ਚਕਰਾਇਆ। ਫਲ ਨੂੰ ਘੁੰਮਾਇਆ, ਅਗਲਾ ਪ੍ਰਸ਼ਨ ਪੁੱਛਿਆ, 'ਤਾਂ ਪਿਤਾ ਜੀ ਵਪਾਰੀ ਹਨ?' ਅਸੀਂ ਅੱਖਾਂ ਚਮਕਾ ਕੇ ਬੋਲੀਆਂ, 'ਨਹੀਂ ਬਾਬਾ ਜੀ, ਉਹ ਤਾਂ ਸਰਕਾਰੀ ਨੌਕਰੀ ਕਰਦੇ ਨੇ।' ਬਾਬੇ ਨੇ ਉਸ ਆਦਮੀ ਵੱਲ ਘੂਰਿਆ, ਜਿਹੜਾ ਸਾਡੀ ਇੰਟਰਵਿਊ ਲੈ ਕੇ ਗਿਆ ਸੀ ਅਤੇ ਹੁਣ ਇੱਕ ਕੋਨੇ ਵਿੱਚ ਬੈਠਾ ਸੀ। ਉਸਨੇ ਸਾਨੂੰ ਘੂਰਿਆ, ਅਸੀਂ ਮੁਸਕਰਾ ਪਈਆਂ।

ਜਿਹੜੀਆਂ ਅਗਲੀਆਂ ਚਾਰ ਗੱਲਾਂ ਬਾਬੇ ਨੇ ਸਾਡੇ ਬਾਰੇ ਕੀਤੀਆਂ, ਅਸੀਂ ਸਾਰੀ ਜਨਤਾ ਦੇ ਸਾਹਮਣੇ ਉਨ੍ਹਾਂ ਨੂੰ ਬੇਦਰਦੀ ਨਾਲ ਰੱਦ ਕਰ ਦਿੱਤਾ। ਹਾਜ਼ਰ ਲੋਕ ਚਕਰਾ ਗਏ। ਬਾਬਾ ਹੁਣ ਸਾਨੂੰ ਗੁੱਸੇ ਨਾਲ ਘੂਰ ਰਿਹਾ ਸੀ। ਜੇਕਰ ਬਾਬੇ ਦਾ ਵੱਸ ਚਲਦਾ ਤਾਂ 'ਕਾਲਦਰਸ਼ੀ' ਸੇਬ, ਸਾਡੇ ਸਿਰ ਵਿੱਚ ਭੰਨ ਦਿੰਦਾ। ਜੇਕਰ ਬਾਬੇ ਤੋਂ ਸਾਡਾ ਭੂਤ ਅਤੇ ਵਰਤਮਾਨ ਹੀ ਠੀਕ ਨਹੀਂ ਦੱਸਿਆ ਗਿਆ, ਭਵਿੱਖ ਕੀ ਦੱਸਣਾ ਸੀ ?

ਬਾਬੇ ਨੇ ਕਿਹਾ, "ਹੁਣ ਤੁਸੀਂ ਲੋਕ ਜਾਓ, ਤੁਹਾਡਾ ਦੋਨ੍ਹਾਂ ਦਾ ਭਵਿੱਖ ਚੰਗਾ ਹੈ।"

"ਪਰ ਬਾਬਾ, ਤੁਸੀਂ ਤਾਂ ਸਾਡੇ ਬਾਰੇ ਤਾਂ ਸਭ ਕੁਝ ਗਲਤ ਦੱਸਿਆ ਹੈ।" ਗੁੱਡੂ ਉੱਚੀ ਆਵਾਜ਼ ਵਿੱਚ ਬੋਲੀ। ਬਾਬਾ ਚੁੱਪ ਕਰ ਗਿਆ, ਫਿਰ ਕਹਿਣ ਲੱਗਾ, "ਅਸੀਂ ਫੁਰਸਤ ਦੇ ਸਮੇਂ ਤੁਹਾਡੇ ਜੀਵਨ ਬਾਰੇ ਦੇਖਾਂਗੇ, ਬਾਅਦ ਵਿੱਚ ਆਉਣਾ।" ਲੋਕ ਬਾਬੇ ਨੂੰ ਸ਼ੱਕ ਨਾਲ ਦੇਖਣ ਲੱਗੇ ਸਨ। ਪਰ ਉਨ੍ਹਾਂ ਨੂੰ ਆਪਣੇ ਜੀਵਨ ਸਬੰਧੀ ਸਹੀ ਉੱਤਰ ਮਿਲਣੇ ਸਨ ਕਿਉਂਕਿ ਉਹ ਸਾਡੇ ਵਾਂਗ ਚੁਸਤ ਨਹੀਂ ਸਨ। ਦੇਸ਼ ਦੀ ਆਮ ਜਨਤਾ ਵਾਂਗ ਭੋਲੇ ਅਤੇ ਮੂਰਖ ਸਨ। ਬਾਬੇ ਨੇ ਸੇਬ ਇੱਕ ਪਾਸੇ ਰੱਖ ਦਿੱਤਾ। ਅਸੀਂ ਉਥੋਂ ਉਠਦੇ ਉਠਦੇ ਬੋਲੀਆਂ ਬਾਬਾ ਸਾਡਾ ਸੇਬ ਤਾਂ ਦੇ ਦਿਓ।

ਬਾਬੇ ਨੇ ਭਸਮ ਕਰਨ ਵਾਲੀਆਂ ਅੱਖਾਂ ਨਾਲ ਸਾਨੂੰ ਵੇਖਿਆ। ਸੇਬ ਸਾਨੂੰ ਵਾਪਸ ਕਰ ਦਿੱਤਾ। ਅਸੀਂ ਬਾਬੇ ਵੱਲ ਦੇਖ ਕੇ ਫਿਰ ਅੱਖਾਂ ਵਿੱਚ ਹੱਸੀਆਂ। ਬਾਹਰ ਨਿਕਲ ਆਈਆਂ। ਰਸਤੇ ਵਿੱਚ ਅਸੀਂ ਉਸ 'ਰੰਗੀਨ ਟੀਵੀ' ਨੂੰ ਖਾ ਲਿਆ। ਘਰ ਆ ਕੇ ਅਸੀਂ ਆਪਣੀ ਸਿਆਣਪ ਦਾ ਕਿੱਸਾ ਸਭ ਨੂੰ ਸੁਣਾਇਆ। ਸੋਚਣ ਲੱਗੀਆਂ ਬਾਬੇ ਨੇ ਸਾਡਾ ਕਿੱਸਾ, ਕਿਸ ਨੂੰ ਅਤੇ ਕਿਵੇਂ ਸੁਣਾਇਆ ਹੋਵੇਗਾ?

ਅਨੁਵਾਦ ਵਿਸ਼ਵ ਕਾਂਤ

*(*ਪੱਲਵੀ ਤ੍ਰਿਵੇਦੀ ਐਸ ਵਕਤ ਮੱਧ ਪ੍ਰਦੇਸ਼ ਵਿੱਚ ਪੁਲੀਸ ਅਫ਼ਸਰ (A.S.P.) ਦੇ ਅਹੁਦੇ 'ਤੇ ਕੰਮ ਕਰ ਰਹੀ ਹੈ।)*

ਧਰਮ ਨਾਲ ਜੁੜਨ ਲਈ ਭਾਈਚਾਰਕ ਦਬਾਅ

ਮਸ਼ਹੂਰ ਨਾਸਤਿਕ ਵਿਚਾਰਕ ਰਿਚਰਡ ਡਾਕਿੰਨਜ਼, ਆਪਣੀ ਪੁਸਤਕ The God Delusion ਵਿੱਚ ਆਪਣੇ ਦੇਸ਼ ਅਮਰੀਕਾ ਬਾਰੇ ਬਹੁਤ ਸੋਚ-ਵਿਚਾਰ ਕਰਦਾ ਹੈ ਕਿ ਅਮਰੀਕਾ ਦੀ ਬੁਨਿਆਦ ਸੈਕੂਲਰਿਜ਼ਮ ਉੱਤੇ ਰੱਖੀ ਗਈ ਪਰ ਅੱਜ ਇਹ ਬਾਕੀ ਈਸਾਈ ਜਗਤ ਦੇ ਮੁਕਾਬਲੇ ਬਹੁਤ ਧਾਰਮਿਕ ਦੇਸ਼ ਹੈ। ਜਦ ਕਿ ਇੰਗਲੈਂਡ ਅਤੇ ਯੌਰਪ ਦੇ ਹੋਰ ਰਵਾਇਤੀ ਈਸਾਈ ਮੁਲਕ ਬਹੁਤ ਘੱਟ ਧਾਰਮਿਕ ਰਹਿ ਗਏ ਹਨ। ਅੱਜ ਅਮਰੀਕਾ ਦੀ ਸਥਿਤੀ ਇਹ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲੜ ਰਿਹਾ ਕੋਈ ਉਮੀਦਵਾਰ ਆਪਣੇ ਆਪ ਨੂੰ ਨਾਸਤਿਕ ਐਲਾਨ ਦੇਵੇ ਤਾਂ ਉਸ ਲਈ ਇਹ ਸਿਆਸੀ ਖੁਦਕਸ਼ੀ ਕਰਨਾ ਹੋਵੇਗਾ, ਹਾਲਾਂ ਕਿ ਮੁਢਲੇ ਸਮੇਂ ਵਿੱਚ ਜੈਫਰਸਨ ਵਰਗੇ ਅਮਰੀਕੀ ਰਾਸ਼ਟਰਪਤੀ ਐਲਾਨੀਆ ਨਾਸਤਿਕ ਸਨ।

ਇਸਦੇ ਕਾਰਣਾਂ ਬਾਰੇ ਵਿਚਾਰ ਕਰਦਿਆਂ ਉਸਦਾ ਇੱਕ ਦੋਸਤ ਕਹਿੰਦਾ ਹੈ ਕਿ, 'ਅਮਰੀਕਾ ਪਰਵਾਸੀਆਂ ਦਾ ਦੇਸ਼ ਹੈ। ਪਰਵਾਸੀ ਆਪਣੇ ਮੁਲਕਾਂ ਵਿੱਚ ਆਪਣੇ ਪਰਿਵਾਰ ਅਤੇ ਭਾਈਚਾਰੇ ਦੀ ਨੇੜਤਾ ਦਾ ਨਿੱਘ ਅਤੇ ਸੁਰੱਖਿਆ ਦਾ ਅਹਿਸਾਸ ਮਾਣਦੇ ਸਨ। ਉਹ ਇਥੇ ਓਪਰੀ ਧਰਤੀ ਉੱਤੇ ਓਹੀ ਭਾਈਚਾਰਕ ਸਾਂਝ ਹਾਸਲ ਕਰਨ ਲਈ ਆਪਣੇ ਚਰਚ ਨਾਲ ਜੁੜ ਜਾਂਦੇ ਹਨ।' ਡਾਕਿੰਨਜ਼ ਅਨੁਸਾਰ ਬਿਨਾਂ ਸ਼ੱਕ ਇਹ ਵੀ ਇੱਕ ਵੱਡਾ ਫੈਕਟਰ ਹੈ ਕਿਉਂਕਿ ਬਹੁਤ ਸਾਰੇ ਅਮਰੀਕਨ ਆਪਣੇ ਸਥਾਨਿਕ ਚਰਚ ਨਾਲ ਜੁੜ ਕੇ ਭਾਵਨਾਤਮਿਕ ਸਾਂਝ, ਪ੍ਰਭਾਵ ਅਤੇ ਸੁਰੱਖਿਆ ਮਹਿਸੂਸ ਕਰਦੇ ਹਨ।

ਇਸ ਗੱਲ ਦੀ ਸਚਾਈ ਅਸੀਂ ਅਮਰੀਕਾ, ਕੈਨੇਡਾ ਗਏ ਪਰਵਾਸੀਆਂ ਵਿੱਚ ਵੇਖ ਸਕਦੇ ਹਾਂ ਕਿ ਉਹ ਓਧਰ ਜਾ ਕੇ ਧਾਰਮਿਕ ਤੌਰ 'ਤੇ ਬਹੁਤ ਸਰਗਰਮ ਹੋ ਜਾਂਦੇ ਹਨ। ਉਹ ਗੁਰਦਵਾਰਿਆਂ, ਮੰਦਰਾਂ, ਨਗਰ ਕੀਰਤਨਾਂ ਵਿੱਚ ਭਰਵੀਂ ਹਾਜਰੀ ਲਵਾਉਂਦੇ ਹਨ। ਉਂਜ ਅਮਰੀਕੀ ਲੋਕਾਂ ਦੇ ਵੱਧ ਧਾਰਮਿਕ ਹੋਣ ਦੇ ਹੋਰ ਵੀ ਕਾਰਣ ਹਨ; ਜਿਵੇਂ ਉਥੇ ਯੌਰਪ ਦੇ ਮੁਕਾਬਲੇ ਸਰਕਾਰ ਵੱਲੋਂ ਸਮਾਜਿਕ ਸੁਰੱਖਿਆ ਬਹੁਤ ਘੱਟ ਹੈ। ਉਥੋਂ ਦੀ ਨਾਗਰਿਕਤਾ ਨਾ ਹਾਸਲ ਕਰ ਸਕਣ ਵਾਲੇ ਪਰਵਾਸੀਆਂ ਵਿੱਚ ਤਾਂ ਇਹ ਸੁਰੱਖਿਆ ਨਾਂਹ ਵਾਂਗ ਹੀ ਹੈ, ਜਿਸ ਕਰਕੇ ਜੀਵਨ ਵਿੱਚ ਅਨਿਸਚਿਤਤਾ ਬਹੁਤ ਹੈ। ਇਨ੍ਹਾਂ ਹਾਲਤਾਂ ਵਿੱਚ ਮਨੁੱਖ ਸੁਭਾਵਿਕ ਹੀ ਕਿਸੇ ਦੈਵੀ ਸ਼ਕਤੀ ਦਾ ਆਸਰਾ ਭਾਲਣ ਲੱਗ ਪੈਂਦਾ ਹੈ।

ਚਿੰਤਨ

ਧਰਮ ਬਨਾਮ ਵਿਗਿਆਨ

ਕੰਵਲ ਧਾਲੀਵਾਲ

ਜਿਨ੍ਹਾਂ ਨੇ ਪਿੰਡ ਦੇ ਟੋਬ੍ਹੇ ਵਿਚ ਅਰਸੇ ਤੋਂ ਖੜ੍ਹਾ ਪਾਣੀ, ਤੇ ਪਿੰਡ ਦੇ ਕੋਲੋਂ ਨਿਕਲਦੀ ਨਹਿਰ ਵਿਚ ਵਗਦਾ ਪਾਣੀ, ਦੋਨੋ ਹੀ ਮਨ ਦੀ ਸਜਗ ਅਵਸਥਾ ਵਿਚ ਵੇਖੇ ਹਨ, ਉਨ੍ਹਾਂ ਨੂੰ ਧਰਮ ਅਤੇ ਵਿਗਿਆਨ ਵਿਚਲਾ ਫਰਕ ਸਮਝਣ ਵਿਚ ਬੜੀ ਸਹੂਲਤ ਹੋ ਸਕਦੀ ਹੈ। ਆਪਣੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਕਹਿਣਾ ਚਾਹੁੰਦਾ ਹਾਂ ਕਿ ਸੱਚ ਦੀ ਤਲਾਸ਼ ਕਰਨਾ ਅਤੇ ਕਿਸੇ ਧਾਰਨਾ ਵਿਚ ਵਿਸ਼ਵਾਸ ਕਰਕੇ ਉਸ ਨੂੰ ਸੱਚ ਸਾਬਤ ਕਰਨਾ ਦੋ ਵੱਖਰੀਆਂ ਗੱਲਾਂ ਹਨ। ਕਿਸੇ ਖੋਜ ਦੇ ਸਿੱਟੇ ਖੋਜੀ ਦੀ ਧਾਰਨਾ ਦੇ ਅਨੁਕੂਲ ਵੀ ਨਿਕਲ ਸਕਦੇ ਹਨ ਤੇ ਧਾਰਨਾ ਦੇ ਉਲਟ ਵੀ। ਖੋਜੀ ਜੇ ਨਿਰੋਲ ਜਿਗਿਆਸਾ-ਵੱਸ, ਸਿੱਟਿਆਂ ਦੀ ਤਲਾਸ਼ ਵਿਚ ਹੈ ਤਾਂ ਇਸ ਗੱਲ ਦੀ ਪ੍ਰਵਾਹ ਨਹੀਂ ਕਰੇਗਾ ਕਿ ਸਿੱਟਾ ਉਸਦੀ ਸੋਚ ਮੁਤਾਬਿਕ ਨਿਕਲਿਆ ਹੈ ਜਾਂ ਉਸਦੇ ਉਲਟ। ਉਹ ਇਮਾਨਦਾਰੀ ਨਾਲ ਸਿੱਟਾ ਕਬੂਲ ਕਰੇਗਾ, ਪਰ ਜੇ ਉਹ ਅਜਿਹੀ ਮਾਨਸਿਕਤਾ ਦਾ ਧਾਰਨੀ ਹੈ ਕਿ ਸੱਚਾਈ ਖੋਜਣ ਦੇ ਓਹਲੇ ਆਪਣੀ ਕਿਸੇ ਵਿਚਾਰਧਾਰਾ ਨੂੰ ਸਿੱਧ ਕਰਨਾ ਚਾਹੁੰਦਾ ਹੋਵੇ ਤਾਂ ਉਸਦੀ ਇੱਛਾ ਅਨੁਸਾਰ ਨਾ ਨਿਕਲੇ ਸਿੱਟਿਆਂ ਬਾਰੇ ਉਹ ਕੰਨੀ ਕਤਰਾਵੇਗਾ ਜਾਂ ਝੂਠ ਬੋਲੇਗਾ।

ਲਗਪੱਗ ਸਾਰੇ ਹੀ ਸਥਾਪਤ ਧਰਮਾਂ ਦੇ ਮੰਨਣ ਵਾਲਿਆਂ ਵੱਲੋਂ ਉਨ੍ਹਾਂ ਦੇ ਧਰਮ ਦੇ 'ਵਿਗਿਆਨਕ' ਹੋਣ ਦੇ ਦਾਅਵੇ ਕੀਤੇ ਜਾਂਦੇ ਹਨ। ਇਹ ਦਾਅਵੇ ਝੂਠੇ ਹਨ ਜਾਂ ਸੱਚੇ ਇਹ ਵਿਚਾਰਨ ਤੋਂ ਪਹਿਲਾਂ ਇਸ ਗੱਲ ਵੱਲ ਗੌਰ ਕੀਤਾ ਜਾਣਾ ਚਾਹੀਦਾ ਹੈ ਕਿ ਕੋਈ ਰੂਹਾਨੀ ਵਿਚਾਰਧਾਰਾ ਆਪਣੇ-ਆਪ ਲਈ 'ਵਿਗਿਆਨਕ' ਹੋਣ ਦਾ ਪ੍ਰਮਾਣ-ਪੱਤਰ ਕਿਉਂ ਲੈਣਾ ਚਾਹੁੰਦੀ ਹੈ। ਵਿਗਿਆਨ ਜੇ ਇੰਨਾ ਹੀ ਬੁਰਾ ਹੈ ਜੋ ਧਰਮਾਂ ਦੇ ਨੱਕ ਹੇਠ ਨਹੀਂ ਆਉਂਦਾ ਤਾਂ ਫਿਰ ਉਸੇ ਵਿਗਿਆਨ ਦੀ ਸ਼ਰਨ ਵਿਚ ਜਾਣ ਵਾਲੀ ਮਾਨਸਿਕਤਾ ਨੂੰ ਕੀ ਨਾਂ ਦਿੱਤਾ ਜਾਵੇ?

ਵਿਗਿਆਨ ਦੀ ਇੱਕ ਵਿਲੱਖਣਤਾ ਹੈ ਕਿ ਇਹ ਕਦੇ ਕਿਸੇ ਨੂੰ ਵਿਸ਼ਵਾਸ ਕਰਨ ਲਈ ਨਹੀਂ ਕਹਿੰਦਾ ਬਲਕਿ 'ਹੱਥ ਕੰਗਣ ਨੂੰ ਆਰਸੀ ਕੀ' ਵਾਲੀ ਕਹਾਵਤ ਮੁਤਾਬਿਕ ਪ੍ਰਤੱਖ ਪ੍ਰਮਾਣ ਵਿਖਾਉਂਦਾ ਹੈ ਤੇ ਜੇ ਕੋਈ ਗੱਲ ਸਾਬਿਤ ਨਾ ਕਰ ਸਕੇ ਤਾਂ ਆਪਣੇ ਹੀ ਬਣਾਏ ਹੋਏ ਸਿਧਾਂਤ ਖਾਰਜ ਕਰਕੇ ਨਵੇਂ ਸਿਧਾਂਤ ਬਣਾਉਂਦਿਆਂ ਆਪਣੀ ਖੋਜ ਜਾਰੀ ਰੱਖਦਾ ਹੈ। ਵਿਗਿਆਨਕ ਤਰੱਕੀ ਦੇ ਪੜਾਵਾਂ ਦੀ ਇਸ ਕਹਾਣੀ ਦੇ ਨਾਲ ਹੀ ਇਨਸਾਨੀ ਤਰੱਕੀ ਦੀ ਦਾਸਤਾਨ ਵੀ ਜੁੜੀ ਹੋਈ ਹੈ! ਵਿਗਿਆਨ ਕਦੇ ਵੀ ਆਪਣੀ ਕਿਸੇ ਖੋਜ ਨੂੰ 'ਆਖਰੀ ਖੋਜ' ਨਹੀਂ ਮੰਨਦਾ ਤੇ ਨਵੀਆਂ ਰਾਹਾਂ ਖੁੱਲ੍ਹਣ ਦੀ ਸੰਭਾਵਨਾ ਨੂੰ ਹਮੇਸ਼ਾ ਜੀ-ਆਇਆਂ ਆਖਦਾ ਹੈ। ਇਹ ਵਿਗਿਆਨਕ ਹੀ ਨਹੀਂ ਕੁਦਰਤੀ ਵਿਹਾਰ ਵੀ ਹੈ ਜਿਸਦਾ ਸਿੱਧਾ ਸੰਬੰਧ ਚੌਗਿਰਦੇ ਬਾਰੇ ਜਿਗਿਆਸੂ ਹੋ ਸਕਣ ਦੀ ਸਮਰੱਥਾ ਦੇ ਅਰੰਭ ਨਾਲ ਜੁੜਿਆ ਹੋਇਆ ਹੈ। ਇਹ ਪ੍ਰਕਿਰਿਆ ਅੱਜ ਤੋਂ ਲਗਪੱਗ 60 ਲੱਖ ਸਾਲ ਪਹਿਲਾਂ ਦੇ ਬਣਮਾਨਸ ਤੋਂ ਮਨੁੱਖ ਵਿਚ ਤਬਦੀਲ ਹੋ ਰਹੇ ਜਾਨਵਰ ਤੋਂ ਸ਼ੁਰੂ ਹੋਈ ਜਿਸਦਾ ਇੱਕ ਵੱਖਰਾ ਇਤਿਹਾਸ ਹੈ।

ਧਰਤੀ ਉੱਪਰ ਮਨੁੱਖ ਹੀ ਅਜਿਹਾ ਜੀਵ ਹੈ ਜਿਸਨੇ ਆਪਣੇ ਨਾਲ-ਨਾਲ ਪੂਰੇ ਬ੍ਰਹਿਮੰਡ ਦੇ ਹੋਂਦ ਵਿਚ ਆਉਣ ਬਾਰੇ ਸੁਆਲ-ਜਵਾਬ ਸ਼ੁਰੂ ਕੀਤਾ, ਜਿਸਦੇ ਨਤੀਜੇ ਵੱਜੋ ਅਸੀਂ ਮਨੁੱਖਤਾ ਦੇ ਇਤਿਹਾਸ ਦੇ ਕਦੀਮੀ ਪੜਾਵਾਂ ਦੀਆਂ ਕਲਪਨਾ 'ਤੇ ਅਧਾਰਿਤ ਮਾਨਤਾਵਾਂ/ ਮਿਥਿਆਵਾਂ ਤੋਂ ਲੈ ਕੇ ਸਥਾਪਤ ਧਰਮਾਂ ਦੀ ਹੋਂਦ, ਵੈਦਿਕ ਅਤੇ ਯੂਨਾਨੀ ਫਲਸਫੇ ਦਾ ਜਨਮ ਹੁੰਦਾ ਵੇਖਦੇ ਹਾਂ। ਯੂਨਾਨ ਵਿਚ ਏਥਨਜ਼ ਗਣਰਾਜ ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿਚ ਨਵੇਕਲੀ ਥਾਂ ਰੱਖਦਾ ਹੈ, ਜਿਸ ਨੂੰ ਸਮਾਜ ਦੀਆਂ ਕਦਰਾਂ ਦੇ ਮਾਪਦੰਡ ਤੈਅ ਕਰਨ ਵਿਚ ਮੋਹਰੀ ਸਮਝਿਆ ਗਿਆ ਹੈ। ਲਗਪੱਗ ਉਸੇ ਸਮੇਂ, ਜਦੋਂ ਭਾਰਤੀ ਉੱਪਮਹਾਂਦੀਪ ਵਿਚ ਗੌਤਮ ਬੁੱਧ ਆਪਣੀ ਨਿਵੇਕਲੀ ਸ਼ੈਲੀ ਨਾਲ ਦੁੱਖ ਦੀ ਪਰਿਭਾਸ਼ਾ ਕਰਦਿਆਂ, ਬ੍ਰਾਹਮਣਵਾਦ ਦੀਆਂ ਕੁਰੀਤੀਆਂ ਦੇ ਖਿਲਾਫ ਲੋਕਾਂ ਨੂੰ ਸਜਗ ਕਰਨ ਅਤੇ ਸੁਖੀ ਰਹਿਣ ਦੇ ਨਵੇਂ ਤਰੀਕੇ ਦਾ ਸੰਦੇਸ਼ ਦੇ ਰਿਹਾ ਸੀ, ਏਥਨਜ਼ ਵਿਚ ਯੂਨਾਨੀ ਦਰਸ਼ਨ ਦਾ ਸੂਰਜ ਉੱਗ ਰਿਹਾ ਸੀ।

ਉਨ੍ਹਾਂ ਸਮਿਆਂ ਵਿੱਚ ਵਿਗਿਆਨ ਦੇ ਵਿਸ਼ੇ: ਜਿਵੇਂ ਗਣਿਤ, ਭੂ-ਵਿਗਿਆਨ, ਤਾਰਾ-ਵਿਗਿਆਨ, ਜੀਵ-ਵਿਗਿਆਨ ਅਤੇ ਸਮਾਜਕ ਵਿਸ਼ੇ: ਜਿਵੇਂ ਨੈਤਿਕਤਾ, ਰਾਜਨੀਤੀ, ਧਰਮ ਆਦਿ ਸੱਭ ਤਰ੍ਹਾਂ ਦਾ ਅਧਿਐਨ ਦਰਸ਼ਨ ਤਹਿਤ ਹੀ ਹੁੰਦਾ ਸੀ। ਇਸ ਲਈ ਇਸ ਸਮੇਂ ਦੇ ਮਹਾਨ ਵਿਚਾਰਕਾਂ ਨੂੰ ਦਾਰਸ਼ਨਿਕ ਕਿਹਾ ਜਾਂਦਾ ਸੀ। "ਜ਼ਿੰਦਗੀ ਦਾ ਮਕਸਦ ਕੀ ਹੈ? ਅਸੀਂ ਕਿੱਥੋਂ ਆਏ ਹਾਂ ਤੇ ਮਰ ਕੇ ਕਿਥੇ ਜਾਂਦੇ ਹਾਂ? ਦੁਨੀਆ ਵਿਚ ਦੁੱਖ ਕਿਉਂ ਹੈ? ਸੂਰਜ- ਚੰਦ-ਤਾਰੇ ਇਹ ਸਭ ਕੀ ਹਨ? ਧਰਤੀ ਦਾ ਅੰਤ ਕਿੱਥੇ ਹੈ? ਸ਼੍ਰਿਸ਼ਟੀ ਦਾ ਰਚਨਹਾਰ ਕੌਣ ਹੈ?"

ਵਰਗੇ ਸਵਾਲਾਂ ਨੂੰ ਯੂਨਾਨੀ ਦਾਰਸ਼ਨਿਕ ਸੰਬੋਧਿਤ ਹੋਏ ਤੇ ਹਰੇਕ ਨੇ ਆਪਣੀ-ਆਪਣੀ ਸਮਝ ਮੁਤਾਬਿਕ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਅੱਜ ਇਹ ਸਾਰੇ ਸਵਾਲ ਦਰਸ਼ਨ ਦੀ ਬਜਾਇ ਵਿਗਿਆਨ ਦੇ ਘੇਰੇ ਵਿਚ ਆ ਗਏ ਹਨ। ਉਨ੍ਹਾਂ ਦੇ ਜਵਾਬ ਸਹੀ ਸਨ ਜਾਂ ਗ਼ਲਤ ਪਰ ਅੱਜ ਉਹ ਸਾਰੇ ਦਾਰਸ਼ਨਿਕ ਦੁਨੀਆ ਭਰ ਵਿਚ ਇੱਜ਼ਤ ਦੀ ਨਜ਼ਰ ਨਾਲ਼ ਵੇਖੇ ਜਾਂਦੇ ਹਨ। ਲਗਪੱਗ ਅਜਿਹੇ ਹੀ ਸਵਾਲਾਂ ਦੇ ਜਵਾਬ ਦੁਨੀਆਂ ਦੇ ਧਾਰਮਿਕ ਨੁਮਾਇੰਦਿਆਂ ਨੇ ਵੀ ਦੇਣ ਦੀ ਕੋਸ਼ਿਸ਼ ਕੀਤੀ, ਭਾਵੇਂ ਉਹ ਪੰਜ ਹਜ਼ਾਰ ਸਾਲ ਪਹਿਲਾਂ ਦਾ ਕੋਈ ਵੈਦਿਕ ਰਿਸ਼ੀ ਹੋਵੇ ਜਾਂ ਢਾਈ ਹਜ਼ਾਰ ਸਾਲ ਪਹਿਲਾਂ ਦਾ ਬੁੱਧ, ਦੋ ਹਜ਼ਾਰ ਸਾਲ ਪਹਿਲਾਂ ਵਾਲਾ ਈਸਾ, ਡੇਢ ਹਜ਼ਾਰ ਸਾਲ ਪੁਰਾਣਾ ਮੁਹੰਮਦ ਜਾਂ ਪੰਜ ਸੌ ਸਾਲ ਪਹਿਲਾਂ ਹੋਇਆ ਨਾਨਕ। **ਇਨ੍ਹਾਂ ਨੇ ਵੀ ਆਪਣੇ ਸਮੇਂ-ਸਥਾਨ ਅਨੁਸਾਰ ਅਰਜਿਤ ਹੋ ਚੁੱਕੇ ਗਿਆਨ ਦੇ ਆਧਾਰ 'ਤੇ ਹੀ ਸਿੱਟੇ ਕੱਢੇ ਜੋ ਦਾਰਸ਼ਨਿਕ/ਵਿਗਿਆਨਕ ਸਿੱਟਿਆਂ ਵਾਂਗ ਹੀ ਕੋਈ 'ਆਖਰੀ ਸੱਚਾਈ' ਨਹੀਂ ਸਨ। ਪਰ 'ਧਰਮ' ਬਣਾ ਦਿੱਤਾ ਗਿਆ ਫਲਸਫਾ ਜਾਂ ਫਲਸਫੇ ਦਾ ਉਹ ਰੂਪ ਜਿਸ ਨੂੰ ਉਸ ਦੇ ਪੈਰੋਕਾਰ ਧਰਮ ਦਾ ਰੂਪ ਦੇ ਦਿੰਦੇ ਹਨ, ਇੱਥੇ ਹੀ ਆਪਣੇ ਵਿਗਿਆਨਕ ਸਰੂਪ ਤੋਂ ਟੁੱਟ ਜਾਂਦਾ ਹੈ। ਜਿਸ ਦਾ ਇੱਕੋ ਇੱਕ ਕਾਰਨ ਹੈ ਕਿ ਧਰਮ ਵਿਚ 'ਸੋਧ' ਦੀ ਗੁੰਜਾਇਸ਼ ਨਹੀਂ ਹੈ। ਜਦੋਂ ਕਿ ਵਿਗਿਆਨਕ ਖੋਜਾਂ ਦੇ ਸਿੱਟਿਆਂ ਦਾ ਪਰਪੱਕ ਹੋਣਾ ਸਿਰਫ ਅਤੇ ਸਿਰਫ ਸਬੂਤ 'ਤੇ ਨਿਰਭਰ ਕਰਦਾ ਹੈ।** ਜਿਸ ਦਿਨ ਵੀ ਕਿਸੇ ਖੋਜੀ ਦੇ ਨਤੀਜੇ ਖਿਲਾਫ ਕੋਈ ਸਬੂਤ ਪੇਸ਼ ਕਰ ਦਿਤਾ ਜਾਵੇ, ਉਸੇ ਦਿਨ ਉਸ ਖੋਜ ਦੇ ਸਿੱਟੇ ਖਾਰਜ ਕਰਕੇ ਨਵੇਂ ਨਤੀਜੇ ਦੀ ਘੋਖ ਚਾਲੂ ਹੋ ਜਾਂਦੀ ਹੈ। ਦੁਨੀਆਂ ਦੇ ਮਹਾਨ ਭੌਤਿਕ ਵਿਗਿਆਨੀ ਆਈਨਸਟਾਈਨ ਦੇ ਕਈ ਸਿਧਾਂਤਾਂ ਉੱਪਰ ਅੱਜ ਦੇ ਆਧੁਨਿਕ ਵਿਗਿਆਨੀ ਕਿੰਤੂ ਕਰਨ ਜੋਗੇ ਹੋ ਗਏ ਹਨ, ਉਸੇ ਤਰ੍ਹਾਂ ਜਿਵੇਂ ਖ਼ੁਦ ਆਈਨਸਟਾਈਨ ਨੇ ਨਿਊਟਨ ਦੇ ਸਿਧਾਂਤਾਂ ਨੂੰ ਸੋਧਿਆ ਸੀ।

ਇਸ ਤਰ੍ਹਾਂ ਤਰੱਕੀ ਦੀ ਇਹ ਨਿਰੰਤਰ ਪ੍ਰਕਿਰਿਆ ਹੈ ਜਿਸ ਅਨੁਸਾਰ ਪਿਛਲਾ ਖਾਰਜ ਕਰਕੇ ਹੀ ਅਗਾਂਹ ਵਧਿਆ ਜਾ ਸਕਦਾ ਹੈ। ਪਰ ਅਗਾਂਹ ਵਧਣ ਲਈ ਪਿਛਲੇ ਦਾ ਹੋਣਾ ਵੀ ਲਾਜ਼ਮੀ ਹੈ। ਕੋਪਰਨਿਕਸ ਤੋਂ ਬਿਨਾ ਗਲੈਲੀਓ ਸੰਭਵ ਨਹੀਂ ਸੀ, ਗਲੈਲੀਓ ਬਿਨਾ ਆਈਨਸਟਾਈਨ ਤੇ ਆਈਨਸਟਾਈਨ ਬਿਨਾ ਸਟੀਫਨ ਹਾਕਿੰਸ ਦੀ ਹੋਂਦ ਵਜੂਦ ਵਿਚ ਨਹੀਂ ਆ ਸਕਦੀ ਸੀ। ਪੜਾਅਵਾਰ ਹੋ ਰਹੀ ਇਸ ਤਰੱਕੀ ਨੂੰ ਹੀ ਮੈਂ ਦਰਿਆ ਵਿਚ ਵਹਿੰਦੇ ਪਾਣੀ ਵਾਂਗ ਮੰਨਿਆ ਹੈ ਤੇ ਟੋਬ੍ਹੇ-ਛੱਪੜਾਂ ਵਿਚ ਖੜ੍ਹਾ ਪਾਣੀ ਕਿਸੇ ਸਥਾਪਤ ਧਰਮ ਵਾਂਗ। ਟੋਬ੍ਹੇ ਦਾ ਪਾਣੀ ਵੀ ਟੋਬ੍ਹੇ ਦੇ ਜਨਮ ਵੇਲੇ ਸਰੋਵਰ ਦੇ ਸਵੱਛ ਜਲ ਵਾਂਗ ਸੀ ਪਰ ਸਮਾਂ ਪੈਣ ਨਾਲ਼ ਵੀ ਇਸ ਵਿਚ ਕੋਈ ਤਬਦੀਲੀ ਨਹੀਂ ਆਈ, ਕੋਈ ਸੋਧ ਦੀ ਸੰਭਾਵਨਾ ਨਹੀਂ ਬਣੀ। ਇਸ ਵਿਚ ਨਵਾਂ ਪਾਣੀ ਰਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤੇ ਨਾ ਹੀ ਗੰਧਲਿਆ ਪਾਣੀ ਉਥੋਂ ਬਾਹਰ ਜਾਣ ਦਾ ਨਿਕਾਸ ਕੀਤਾ ਗਿਆ। ਉਹੀ ਸਵੱਛ ਸਰੋਵਰ ਜਿਸ ਵਿਚ ਪ੍ਰਾਣ ਬਚਾਉਣ ਦੀ ਸਲਾਹੀਅਤ ਸੀ, ਪੀਣ ਲਾਇਕ ਨਹੀਂ ਰਿਹਾ, ਜ਼ਹਿਰੀਲਾ ਹੋ ਗਿਆ। ਇਸ ਦੇ ਪ੍ਰਮੁੱਖ ਜ਼ਿੰਮੇਂਵਾਰ ਹਨ ਧਰਮਾਂ ਦੇ ਪੈਰੋਕਾਰ, ਜਿਨ੍ਹਾਂ ਨੇ ਆਪਣੇ-ਆਪਣੇ ਜਿਗਿਆਸੂ ਪੁਰਸ਼ਾਂ ਨੂੰ 'ਰੱਬ ਦੇ ਦੂਤ' ਅਤੇ ਉਨ੍ਹਾਂ ਵੱਲੋ ਪ੍ਰਗਟਾਏ ਵਿਚਾਰਾਂ ਨੂੰ 'ਰੱਬੀ ਬਾਣੀ' ਵਰਗੀਆਂ ਫਜ਼ੂਲ ਉਪਾਧੀਆਂ ਵਿਚ ਕੈਦ ਕਰ ਦਿੱਤਾ ਤੇ ਉਨ੍ਹਾਂ ਵੱਲੋਂ ਕੀਤੇ ਗਏ ਉਪਰਾਲਿਆਂ ਨੂੰ 'ਕੌਤਕ' ਗਰਦਾਨ ਕੇ, ਗੁੰਝਲਦਾਰ ਸਵਾਲਾਂ ਦੇ ਹੱਲ ਲਭਣ ਦੇ ਯਤਨਾਂ ਨੂੰ ਹਮੇਸ਼ਾ ਲਈ ਅੰਧਵਿਸ਼ਵਾਸ ਹੇਠਾਂ ਦਫਨ ਕਰ ਦਿੱਤਾ। ਕਲਪਨਾ ਕਰੋ ਕਿ ਯੂਨਾਨ ਦੇ ਦਾਰਸ਼ਨਿਕ, ਜਿਨ੍ਹਾਂ ਨੇ ਵਿਗਿਆਨਕ ਨਜ਼ਰ ਤੋਂ ਸੋਚਦਿਆਂ ਨੈਤਿਕਤਾ, ਰਾਜਨੀਤੀ, ਬ੍ਰਹਿਮੰਡ, ਗਣਿਤ ਆਦਿ ਵਿਸ਼ਿਆਂ 'ਤੇ ਵਿਚਾਰ ਕੀਤਾ ਸੀ, ਨੂੰ ਵੀ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ 'ਰੱਬ ਦੇ ਦੂਤ' ਹੋਣ ਦਾ ਢੋਲ ਵਜਾ ਦਿੱਤਾ ਗਿਆ ਹੁੰਦਾ ਤੇ ਉਨ੍ਹਾਂ ਦੇ ਨਾਂ 'ਤੇ ਵੱਖੋ ਵੱਖਰੇ ਧਰਮਾਂ ਦੀ ਕਾਢ ਕੱਢ ਛੱਡੀ ਹੁੰਦੀ! ਅੱਜ ਉਹੀ ਦਾਰਸ਼ਨਿਕ ਜੋ ਸਾਰੀ ਦੁਨੀਆਂ ਵੱਲੋਂ ਇੱਕੋ ਜਿਹੀ ਨਜ਼ਰ ਨਾਲ ਵੇਖੇ ਜਾਂਦੇ ਹਨ, ਕਿਸੇ ਨਾ ਕਿਸੇ ਫਿਰਕੇ ਦੇ ਗੁਰੂ ਹੁੰਦੇ ਤੇ ਬਾਕੀ ਫਿਰਕਿਆਂ ਲਈ ਨਫ਼ਰਤ ਦੇ ਭਾਗੀ, ਪਖੰਡੀ। ਇਸੇ ਤਰ੍ਹਾਂ ਇਸ ਦੇ ਉਲਟ ਵੀ ਕਲਪਨਾ ਕੀਤੀ ਜਾ ਸਕਦੀ ਹੈ - ਬੁੱਧ, ਈਸਾ, ਮੁਹੰਮਦ, ਨਾਨਕ ਆਦਿ ਨੂੰ ਜੇ ਅਸਮਾਨੋ ਉੱਤਰੇ ਅਵਤਾਰ ਮੰਨਣ ਦੀ ਬਜਾਇ ਮਹਿਜ਼ ਸਮਾਜ ਸੁਧਾਰਕ ਮੰਨਿਆ ਗਿਆ ਹੁੰਦਾ, ਜਿਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਨਾਲ ਨਜਿੱਠਣ ਅਤੇ ਮਨੁੱਖੀ ਮਨ ਅੰਦਰ ਬੁਝਾਰਤ ਵਾਂਗ ਵੱਸੇ ਸਵਾਲਾਂ ਨੂੰ ਸਮੇਂ ਅਨੁਸਾਰ ਉਪਲਬਧ ਗਿਆਨ ਦੇ ਆਧਾਰ 'ਤੇ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਜੇ ਇਨ੍ਹਾਂ ਅਖੌਤੀ ਅਵਤਾਰਾਂ ਦੇ ਦਾਅਵਿਆਂ ਨੂੰ ਤਰਕ ਦੀ ਕਸੌਟੀ 'ਤੇ ਚੁਣੌਤੀ ਦਿੱਤੀ ਗਈ ਹੁੰਦੀ ਤੇ ਉਨ੍ਹਾਂ ਨੂੰ ਆਪਣੇ ਸਮੇਂ ਦੇ ਸਮਾਜੀ ਆਗੂਆਂ ਦੀ ਹੈਸੀਅਤ ਤੱਕ ਹੀ ਸੀਮਤ ਰੱਖਿਆ ਗਿਆ ਹੁੰਦਾ ਤਾਂ ਇਹ ਵੀ ਅੱਜ ਸਾਰੀ ਦੁਨੀਆ ਲਈ ਇੱਕੋ ਜਿਹੀ ਇੱਜ਼ਤ ਮਾਨਣ ਵਾਲੀਆਂ ਇਤਿਹਾਸਕ ਸ਼ਖਸੀਅਤਾਂ ਹੁੰਦੇ, ਨਾ ਕਿ ਇੱਕ ਹਿੱਸੇ ਵਿਚ ਪੂਜੇ ਜਾਣ ਵਾਲੇ ਤੇ ਦੂਜੇ ਪਾਸੇ ਕਤਲੋ-ਗਾਰਤ ਦੀ ਪ੍ਰੇਰਣਾ ਬਣਨ ਵਾਲੇ। ਨਾ ਯੂਰੋਪ ਵਿਚ ਯਹੂਦੀਆਂ ਦੇ ਲਹੂ ਦੀਆਂ ਨਦੀਆਂ ਵਹਿੰਦੀਆਂ, ਨਾ ਫਲਸਤੀਨ ਵਿਚ ਅਰਬਾਂ ਨੂੰ ਯਹੂਦੀਆਂ ਹੱਥੋਂ ਕੀੜੇ-ਮਕੌੜਿਆਂ ਵਾਲੀ ਜ਼ਿੰਦਗੀ ਨਸੀਬ ਹੁੰਦੀ, ਨਾ ਤੁਰਕ ਸਾਮਰਾਜ ਵਿਚ ਈਸਾਈਆਂ

ਦੀ ਅਧੋਗਤੀ ਹੁੰਦੀ, ਨਾ ਮੱਧ-ਏਸ਼ੀਆ ਵਿਚ 'ਫਰੰਗੀ' ਖ਼ੂਨ ਦੀ ਹੋਲੀ ਖੇਡਣ ਆਉਂਦੇ, ਨਾ ਹੀ ਲਾਤੀਨੀ ਅਮਰੀਕਾ ਵਿਚ ਈਸਾਈਆਂ ਹੱਥੋਂ ਮੂਲ ਨਿਵਾਸੀਆਂ ਦੀ ਨਸਲਕੁਸ਼ੀ ਹੁੰਦੀ, ਨਾ ਕਾਲੇ ਅਫਰੀਕਾ ਦੇ ਮੂਲ ਨਿਵਾਸੀ ਬਾਹਰੋਂ ਲਿਆਂਦੇ ਗਏ ਧਰਮਾਂ ਮਗਰ ਲੱਗ ਕੇ ਇੱਕ-ਦੂਜੇ ਦਾ ਬੀਅ ਨਾਸ ਕਰਨ 'ਤੇ ਤੁਲੇ ਰਹਿੰਦੇ। ਦੂਰ ਜਾਣ ਦੀ ਲੋੜ ਨਹੀਂ, ਪੰਜਾਬ ਦੇ '47 ਦੇ ਘੱਲੂਘਾਰੇ ਨੂੰ ਕੌਣ ਭੁੱਲ ਸਕਦਾ ਹੈ, ਜਿੱਥੇ ਮਨੁੱਖਤਾ ਵੱਲੋਂ ਅਰਜਿਤ ਪੰਜ ਹਜ਼ਾਰ ਸਾਲ ਦੀਆਂ ਸਭਿਅਕ ਕਦਰਾਂ ਕੀਮਤਾਂ ਇੱਕੋ ਝਟਕੇ ਵਿਚ ਧਰਮ ਦੀ ਖਾਤਰ ਛਿੱਕੂ ਟੰਗ ਦਿੱਤੀਆਂ ਗਈਆਂ। ਇਹ ਸੱਭ ਤਾਂ ਇਤਿਹਾਸ ਹੋ ਨਿੱਬੜਿਆ ਪਰ ਕੀ ਧਰਮ ਦੇ ਨਾਂ 'ਤੇ ਖ਼ੂੰਰੇਜ਼ੀ ਬੰਦ ਹੋ ਗਈ ਹੈ? ਭਾਰਤੀ ਪੰਜਾਬ ਵਿਚ ਦੋ ਦਹਾਕੇ ਹਨੇਰੀ ਵਾਂਗ ਝੁੱਲੀ ਦਹਿਸ਼ਤਗਰਦੀ ਦੀ ਤਾਨਾਸ਼ਾਹੀ, '84 ਵਿਚ ਹਜ਼ਾਰਾਂ ਬੇ-ਦੋਸ਼ੇ ਸਿੱਖਾਂ ਦਾ ਜਿਓਂਦਿਆਂ ਫੂਕੇ ਜਾਣਾ, ਗੁਜਰਾਤ ਵਿਚ ਮੁਸਲਮਾਨਾਂ ਦੇ ਸਰਵਨਾਸ਼ ਦੀ ਮਨੁੱਖਤਾ ਨੂੰ ਸ਼ਰਮਸਾਰ ਕਰਦੀ ਤਸਵੀਰ ਅਜੇ ਕੱਲ੍ਹ ਦੀਆਂ ਗੱਲਾਂ ਹਨ। ਅੱਜ ਵੀ ਇਸੇ ਧਰਮ ਅਤੇ ਰੱਬ ਦੇ ਨਾਂ 'ਤੇ ਜੋ ਹੋ ਰਿਹਾ ਹੈ, ਕਿਸੇ ਤੋਂ ਲੁਕਿਆ ਨਹੀਂ। ਵਾਘਿਓਂ ਪਾਰ ਮਜ਼ਹਬ ਲਈ ਖਾਸ ਤੌਰ 'ਤੇ ਬਣਾਏ ਗਏ ਦੇਸ਼ ਵਿਚ ਵੀ ਧਰਮ ਨੇ ਮਨੁੱਖਤਾ ਨੂੰ ਅਗਵਾ ਕਰ ਰੱਖਿਆ ਹੈ। ਜਿੱਥੇ ਹਰ ਉਹ ਸ਼ਖਸ ਜੋ ਇਸਲਾਮ ਦੀ ਇੱਕ ਖਾਸ ਸ਼ਾਖਾ ਨੂੰ ਨਹੀਂ ਮੰਨਦਾ, 'ਹਲਾਲ' ਹੋਣ ਨੂੰ ਤਿਆਰ ਬੈਠਾ ਹੈ। ਨਾਈਜੀਰੀਆ ਵਿਚ ਇਸਲਾਮੀ ਕਾਤਲਾਂ ਹੱਥੋਂ ਬੇਦੋਸ਼ੇ ਈਸਾਈ ਸ਼ਹਿਰੀਆਂ ਦਾ ਖ਼ੂਨ ਡੋਲੇ ਜਾਣ ਦੀਆਂ ਖਬਰਾਂ ਆਮ ਹਨ। ਈਰਾਕ, ਸੀਰੀਆ, ਬਹਿਰੀਨ, ਲੈਬਨਾਨ ਵਿਚ ਇੱਕੋ ਮਜ਼ਹਬ ਦੇ ਫਿਰਕਿਆਂ ਵਿਚਕਾਰ ਹੋ ਰਹੇ ਘਮਸਾਨ ਵਿਚਕਾਰ ਰੁਲਦੀ-ਫਿਰਦੀ ਇਨਸਾਨੀਅਤ, ਸ਼੍ਰੀ ਲੰਕਾ ਅਤੇ ਬਰਮਾ ਵਿਚ ਬੋਧੀ ਬਹੁਗਿਣਤੀ ਵੱਲੋਂ ਘੱਟ-ਗਿਣਤੀ ਦੇ ਫਿਰਕਿਆਂ ਉੱਪਰ ਤਸ਼ੱਦਦ ਤੇ ਹੁਣ 21ਵੀਂ ਸਦੀ ਵਿਚ ਵੀ ਅਫ਼ਗਾਨੀ ਬੁਰਕਿਆਂ ਵਿਚ ਗਰਕ ਹੁੰਦੀ ਜ਼ਿੰਦਗੀ, ਇਰਾਕ/ਸੀਰੀਆ ਦੇ ਹਿੱਸੇ 'ਤੇ ਕਾਬਜ਼ ਅੱਤਵਾਦੀ ਇਸਲਾਮੀ ਜੱਥੇਬੰਦੀ ਵੱਲੋਂ ਗੈਰ-ਮੁਸਲਮਾਨ ਮਰਦਾਂ ਦੀਆਂ ਲੱਥਦੀਆਂ ਗਰਦਨਾਂ, ਬੱਚੀਆਂ/ਔਰਤਾਂ ਦੀਆਂ ਮੰਡੀਆਂ...! ਕੀ-ਕੀ ਗਿਣਾਇਆ ਜਾਵੇ? ਮਨੁੱਖਤਾ ਦੇ ਲਹੂ-ਭਿੱਜੇ ਇਤਿਹਾਸ ਦਾ ਬਹੁਤਾ ਹਿੱਸਾ ਧਰਮਾਂ ਦੇ ਹਿੱਸੇ ਹੀ ਅਇਆ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਸਾਰਾ ਜ਼ੁਲਮ, ਸੱਭ ਤਰ੍ਹਾਂ ਦੀ ਹਨੇਰ-ਗਰਦੀ ਉਸੇ ਵਿਚਾਰਧਾਰਾ ਦੇ ਨਾਂ 'ਤੇ ਹੋ ਰਿਹਾ ਹੈ ਜਿਸ ਨੂੰ ਉਸ ਦੇ ਮੰਨਣ ਵਾਲੇ ਮਨੁੱਖਤਾ ਲਈ ਸ਼ਾਂਤੀ, ਪ੍ਰੇਮ, ਭਾਈਚਾਰਾ ਵਰਗੇ ਸੁਪਨਮਈ ਅਲੰਕਾਰਾਂ ਨਾਲ ਸੁਸ਼ੋਭਤ ਕਰਦੇ ਹਨ।

ਸਵਾਲ ਇਹ ਹੈ ਕਿ ਅਜਿਹੀ ਮੂੜ੍ਹਮੱਤ ਕਦੋਂ ਤੱਕ ਬਰਦਾਸ਼ਤ ਕੀਤੀ ਜਾਂਦੀ ਰਹੇਗੀ। ਦੁਨੀਆ ਦੀਆਂ ਜੇਲ੍ਹਾਂ ਵਿਚ ਬੰਦ ਹਰ ਮੁਜ਼ਰਮ ਕਿਸੇ ਨਾ ਕਿਸੇ ਧਰਮ ਨੂੰ ਮੰਨਣ ਵਾਲਾ ਹੁੰਦਾ ਹੈ। ਧਰਮ ਜੇ ਸੱਚ-ਮੁੱਚ ਹੀ ਪ੍ਰੇਮ-ਭਾਈਚਾਰੇ ਦਾ ਪਾਠ ਪੜ੍ਹਾਉਣ ਦੀ ਸਲਾਹੀਅਤ ਰੱਖਦਾ ਹੁੰਦਾ ਤਾਂ ਸਿਰਫ ਧਰਮ ਨੂੰ ਨਾ ਗੌਲਣ ਵਾਲੇ ਹੀ ਮੁਜ਼ਰਮ ਹੁੰਦੇ ਪਰ ਅਸਲੀਅਤ ਅਕਸਰ ਇਸ ਦੇ ਉਲਟ ਵੇਖੀ ਗਈ ਹੈ, ਕਿਉਂ? ਜੇ ਧਰਮ ਕਿਸੇ ਨੂੰ ਜੁਰਮ ਕਰਨ ਤੋਂ ਨਹੀਂ ਰੋਕ ਸਕਦਾ ਤਾਂ ਭੇਡਾਂ ਬੱਕਰੀਆਂ ਵਾਂਗ ਅਜਿਹੇ ਪੜਪੰਚ ਦੇ ਅੰਨ੍ਹੇਵਾਹ ਪਿੱਛੇ ਲੱਗਣਾ ਕਿੱਥੋਂ ਦੀ ਸਿਆਣਪ ਹੈ?

ਲਗਪੱਗ ਸਾਰੇ ਹੀ ਸਥਾਪਤ ਧਰਮਾਂ ਦੇ ਮੰਨਣ ਵਾਲਿਆਂ ਵੱਲੋਂ ਉਨ੍ਹਾਂ ਦੇ ਧਰਮ ਦੇ 'ਵਿਗਿਆਨਕ' ਹੋਣ ਦੇ ਦਾਅਵੇ ਕੀਤੇ ਜਾਂਦੇ ਹਨ। ਇਹ ਦਾਅਵੇ ਝੂਠੇ ਹਨ ਜਾਂ ਸੱਚੇ ਇਹ ਵਿਚਾਰਨ ਤੋਂ ਪਹਿਲਾਂ ਇਸ ਗੱਲ ਵੱਲ ਗੌਰ ਕੀਤਾ ਜਾਣਾ ਚਾਹੀਦਾ ਹੈ ਕਿ ਕੋਈ ਰੂਹਾਨੀ ਵਿਚਾਰਧਾਰਾ ਆਪਣੇ-ਆਪ ਲਈ 'ਵਿਗਿਆਨਕ' ਹੋਣ ਦਾ ਪ੍ਰਮਾਣ-ਪੱਤਰ ਕਿਉਂ ਲੈਣਾ ਚਾਹੁੰਦੀ ਹੈ। ਵਿਗਿਆਨ ਜੇ ਇੰਨਾ ਹੀ ਬੁਰਾ ਹੈ ਜੋ ਧਰਮਾਂ ਦੇ ਨੱਕ ਹੇਠ ਨਹੀਂ ਆਉਂਦਾ ਤਾਂ ਫਿਰ ਉਸੇ ਵਿਗਿਆਨ ਦੀ ਸ਼ਰਨ ਵਿਚ ਜਾਣ ਵਾਲੀ ਮਾਨਸਿਕਤਾ ਨੂੰ ਕੀ ਨਾਂ ਦਿੱਤਾ ਜਾਵੇ? ਮੂਲਵਾਦੀ ਹਿੰਦੂਆਂ ਦਾ ਇਹ ਦਾਅਵਾ ਕਿ "ਪੱਛਮ ਦੀ ਸਾਇੰਸ ਤਾਂ ਉਨ੍ਹਾਂ ਦੇ ਵੇਦਾਂ ਵਿਚ ਪਹਿਲਾਂ ਹੀ ਮੌਜੂਦ ਹੈ," ਕੋਰੀ ਬਕਵਾਸ ਤਾਂ ਹੈ ਹੀ ਪਰ ਇਸ ਦੇ ਨਾਲ-ਨਾਲ ਉਨ੍ਹਾਂ ਨੇ ਪੂਰੇ ਭਾਰਤ ਦੇਸ਼ ਨੂੰ ਸਜਗ ਦੁਨੀਆ ਵਿਚ ਇੱਕ ਭੱਦੇ ਮਜ਼ਾਕ ਦਾ ਨਿਸ਼ਾਨਾ ਬਣਾ ਦਿੱਤਾ ਹੈ। ਇਸੇ ਤਰ੍ਹਾਂ ਬੋਧ, ਈਸਾਈ, ਮੁਸਲਮਾਨ, ਪਾਰਸੀ, ਸਿੱਖ ਵੀ ਕਿਸੇ ਨਾ ਕਿਸੇ ਬਹਾਨੇ ਆਪਣੇ ਬਾਨੀਆਂ ਦੇ 'ਤਰਕਸ਼ੀਲ' ਹੋਣ ਦਾ ਦਮ ਭਰਦੇ ਰਹਿੰਦੇ ਹਨ ਤੇ ਆਪਣੀਆਂ ਕਿਤਾਬਾਂ ਵਿਚ ਬ੍ਰਹਿਮੰਡ, ਸੂਰਜ, ਤਾਰਿਆਂ ਦਾ ਜ਼ਿਕਰ ਹੋਣ ਬਾਰੇ ਮਿਸਾਲਾਂ ਦਿੰਦੇ ਹਨ। ਜਿਸ ਤਰ੍ਹਾਂ, ਮੈਂ ਪਹਿਲਾਂ ਕਹਿ ਚੁੱਕਿਆ ਹਾਂ ਕਿ ਮਨੁੱਖ ਦਾ ਜਿਗਿਆਸੂ ਮਨ ਸ਼ੁਰੂ ਤੋਂ ਹੀ ਆਪਣੇ ਚੌਗਿਰਦੇ ਬਾਰੇ ਘੋਖ ਦੀ ਨਜ਼ਰ ਨਾਲ ਵੇਖਦਾ ਰਿਹਾ ਹੈ, ਇਸ ਲਈ ਇਹ ਕੋਈ ਵੱਡੀ ਗੱਲ ਨਹੀਂ ਜੇ ਇਨ੍ਹਾਂ ਕਿਤਾਬਾਂ ਦੇ ਰਚਨਾਕਾਰਾਂ ਨੇ ਵੀ ਬ੍ਰਹਿਮੰਡ ਬਾਰੇ, ਜਿੰਨੀ ਕੁ ਉਨ੍ਹਾਂ ਨੂੰ ਉਸ ਸਮੇਂ ਸਮਝ ਸੀ, ਆਪਣੇ ਵਿਚਾਰ ਪਰਗਟ ਕੀਤੇ ਹੋਣ। ...ਇਹ ਪੜਾਅਵਾਰ ਤਰੱਕੀ ਹੈ ਜੋ ਸਦੀਆਂ ਤੋਂ ਚੱਲ ਰਹੀ ਹੈ। ਇਸ ਯਾਤਰਾ ਵਿਚ ਕੁੱਝ ਵੀ 'ਆਖਰੀ' ਨਹੀਂ। ਪਰ ਜਿਨ੍ਹਾਂ ਨੂੰ 'ਆਖਰੀ' ਕਰਾਰ ਦੇ ਦਿੱਤਾ ਗਿਆ ਹੈ, ਉਹ ਵਿਗਿਆਨ ਦੇ ਘੇਰੇ ਚੋਂ ਬਾਹਰ ਹੋ ਗਏ ਹਨ ਤੇ ਚਿਰਾਂ ਤੋਂ ਸੜ੍ਹਦੇ ਪਾਣੀ ਦੇ ਟੋਬਿਆਂ ਵਿਚ ਤਬਦੀਲ ਹੋ ਗਏ ਹਨ ਜਦਕਿ ਵਿਗਿਆਨ ਦੀ ਧਾਰਾ ਲਗਾਤਾਰ ਅੱਗੇ ਵਧਦੀ ਜਾ ਰਹੀ ਹੈ।

ਫੋਨ ਨੰਬਰ : +44 7932 984019 (U.K.)

23 ਮਾਰਚ ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਭਗਤ ਸਿੰਘ ਹੋਣ ਦਾ ਅਰਥ

ਮੁਦਰਾ ਰਾਖਸ਼ਿਸ਼

ਭਗਤ ਸਿੰਘ ਨੂੰ 23 ਮਾਰਚ 1931 ਨੂੰ ਭਾਰਤ ਵਿੱਚ ਸੱਤਾਧਾਰੀ ਅੰਗਰੇਜ਼ੀ ਰਾਜ ਨੇ ਫਾਂਸੀ ਦੇ ਦਿੱਤੀ ਸੀ। ਹੁਣ ਤੱਕ ਫਾਂਸੀ ਦਿੱਤੇ ਗਏ ਸਾਰੇ ਕ੍ਰਾਂਤੀਕਾਰੀਆਂ ਵਿੱਚ ਉਹ ਇਕੱਲੇ ਹੀ ਅਜਿਹੀ ਹਸਤੀ ਸਨ, ਜੋ ਕਾਲ ਕੋਠੜੀ ਦੇ ਅੰਤਿਮ ਪਲਾਂ ਤੱਕ ਵਿਸ਼ਵ ਚਿੰਤਨ ਦਾ ਅਧਿਐਨ ਕਰ ਰਹੇ ਸਨ। ਇਸ ਅਧਿਐਨ ਅਤੇ ਇਕਾਗਰ ਚਿੰਤਨ ਨੇ ਉਨ੍ਹਾਂ ਨੂੰ ਬੇਹਦ ਪਾਰਦਰਸ਼ੀ, ਵਿਵੇਕਸ਼ੀਲ ਅਤੇ ਬੁੱਧੀ ਦਾ ਵਾਰਸ ਬਣਾਇਆ। ਉਨ੍ਹਾਂ ਦੀਆਂ ਲਿਖਤਾਂ ਵਿਚਲੇ ਕੁਝ ਬਹੁਤ ਬਰੀਕ ਸੂਤਰ ਇਸ ਗੱਲ ਦੇ ਗਵਾਹ ਹਨ ਕਿ ਉਹ ਕਿੰਨੇ ਸਮਰੱਥ ਪਦਾਰਥਵਾਦੀ ਚਿੰਤਕ ਸਨ। ਉਹਨਾਂ ਦੀ ਜੇਲ੍ਹ ਨੋਟਬੁੱਕ ਦਾ ਆਖਰੀ ਸ਼ਬਦ ਹੈ "....ਅਤੇ ਕੰਮ ਦਾ ਸਭ ਤੋਂ ਮੁਸ਼ਕਿਲ ਹਿੱਸਾ ਹੋਵੇਗਾ, ਝੁੱਗੀ ਝੌਂਪੜੀ ਵਿੱਚ ਰਹਿਣ ਵਾਲਿਆਂ ਦੇ ਦਿਮਾਗ ਵਿੱਚ ਕੁਝ ਬਿਹਤਰੀ ਦੀ ਇੱਛਾ ਨੂੰ ਬਿਠਾਉਣਾ।"

ਸੋਵੀਅਤ ਸਮਾਜਵਾਦੀ ਪ੍ਰਬੰਧ ਦੇ ਢਹਿੰਦਿਆਂ ਹੀ ਉੱਥੇ ਚਾਰੇ ਪਾਸੇ ਧਾਰਮਿਕਤਾ ਦਾ ਵਿਸਫੋਟ ਹੋਇਆ। ਧਾਰਮਿਕ ਇਮਾਰਤਾਂ ਵਿੱਚ ਚਹਿਲ ਪਹਿਲ ਸ਼ੁਰੂ ਹੋ ਗਈ। ਦਰਅਸਲ ਸੋਵੀਅਤ ਪ੍ਰਬੰਧ ਚਲਾਉਣ ਵਾਲਿਆਂ ਨੇ ਇਹ ਗੱਲ ਤਾਂ ਆਖੀ ਕਿ ਧਰਮ ਇੱਕ ਗਲਤ ਚੀਜ਼ ਹੈ ਪਰ ਇਸਦੇ ਗਲਤ ਹੋਣ ਬਾਰੇ ਭਰੋਸੇਯੋਗ ਤਰਕ-ਸ਼ਾਸਤਰ ਦਾ ਨਿਰਮਾਣ ਨਹੀਂ ਕੀਤਾ। ਭਾਰਤ ਦੇ ਪ੍ਰਸੰਗ ਵਿੱਚ ਵੇਖੀਏ ਤਾਂ ਇਥੇ ਵੀ ਰੂੜੀਵਾਦੀ ਖੱਬੇ ਪੱਖੀ ਪਾਰਟੀਆਂ ਧਰਮ ਨਾਲ ਮੁੱਠਭੇੜ ਕਰਨ ਤੋਂ ਬਚਦੀਆਂ ਹਨ। ਇਸ ਨਜ਼ਰੀਏ ਤੋਂ ਵੀ ਇੱਕ ਪ੍ਰਭਾਵੀ ਵਿਚਾਰ ਕਰਨ ਵਾਲਾ ਖੱਬੇ ਪੱਖੀ ਬੁੱਧੀਜੀਵੀ ਸੀ ਭਗਤ ਸਿੰਘ।

ਇਹ ਵਾਕ ਭਗਤ ਸਿੰਘ ਨੇ ਕਿਉਂ ਚੁਣਿਆ? ਜ਼ਾਹਿਰ ਹੈ ਕਿ ਉਹ ਇਸ ਦੇ ਅਰਥ ਬੇਹੱਦ ਡੂੰਘਾਈ ਨਾਲ ਸਮਝ ਰਹੇ ਸਨ। ਦਰਅਸਲ ਭਗਤ ਸਿੰਘ ਆਰਥਿਕ ਰੂਪ ਵਿੱਚ ਵਿਰਵੇ ਵਿਅਕਤੀ ਦੇ ਅਲਗਾਉ ਜਾਂ ਐਲੀਨੇਸ਼ਨ ਦੀ ਤਸਵੀਰ ਇੱਥੇ ਵੇਖ ਰਹੇ ਸਨ। ਉੱਘਾ ਚਿੰਤਕ ਐਰਕ ਫਰੌਮ ਕਿਰਤੀ ਮਨੁੱਖ ਬਾਰੇ ਕਹਿੰਦਾ ਹੈ ਕਿ – **''ਉਹ ਪੂੰਜੀਵਾਦੀ ਵਿਵਸਥਾ ਦੇ ਪੁਰਜੇ ਦੀ ਤਰ੍ਹਾਂ ਜਿਉਂਦਾ ਰਹਿ ਕੇ ਇਹ ਸਮਝਣਾ ਭੁੱਲ ਜਾਂਦਾ ਹੈ ਕਿ ਉਤਪਾਦਨ ਦੇ ਕੰਮ ਵਿੱਚ ਉਹ ਰਚਨਾਕਾਰ ਹੈ ਅਤੇ ਖੁਸ਼ਹਾਲੀ ਉਸੇ ਦੀ ਦੇਣ ਹੁੰਦੀ ਹੈ। ਉਹ ਛੇਤੀ ਹੀ ਇਹ ਭੁੱਲ ਜਾਂਦਾ ਹੈ ਕਿ ਸਾਧਨਾ ਦੀ ਉਪਲਬਧਤਾ ਜਾਂ ਜੀਵਨ ਦੀ ਬਿਹਤਰੀ ਨਾਲ ਉਸ ਦਾ ਕੋਈ ਰਿਸ਼ਤਾ ਹੈ।''** ਭਗਤ ਸਿੰਘ ਇਸ ਨੂੰ ਦਾਰਸ਼ਨਿਕ ਰੂਪ ਵਿੱਚ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ।

ਜਿਸ ਨੈਤਿਕਤਾ ਨਾਂ ਦੀ ਚੀਜ਼ ਉੱਤੇ ਗਾਂਧੀ ਸਭ ਤੋਂ ਜਿਆਦਾ ਜੋਰ ਦਿੰਦੇ ਸੀ, ਭਗਤ ਸਿੰਘ ਦਾ ਚਿੰਤਨ ਉਸ ਦੀਆਂ ਸਾਰੀਆਂ ਹੱਦਾਂ ਲੰਘ ਜਾਂਦਾ ਹੈ। ਦਰਅਸਲ ਨੈਤਿਕਤਾ ਇਕ ਅਜਿਹੀ ਧਾਰਨਾ ਹੈ ਜੋ ਮਨੁੱਖ ਦੀ ਆਜ਼ਾਦੀ ਅਤੇ ਤਰਕਸ਼ੀਲਤਾ ਨੂੰ ਸੀਮਤ ਕਰਦੀ ਹੈ। ਇਸ ਗੱਲ ਦੀ ਮਿਸਾਲ ਆਮ ਗੱਲਬਾਤ ਦੌਰਾਨ ਮਿਲ ਸਕਦੀ ਹੈ, ਜਿਸ ਵਿੱਚ ਕਿਹਾ ਜਾਂਦਾ ਹੈ– 'ਤੁਸੀਂ ਕੰਮ ਤਾਂ ਠੀਕ ਕਰ ਰਹੇ ਹੋ ਲੇਕਿਨ ਨੈਤਿਕਤਾ ਕਹਿੰਦੀ ਹੈ, ਅਜਿਹਾ ਨਾ ਕਰੋ।'

ਸਮਾਜ ਵਿੱਚ ਔਰਤ ਪ੍ਰਤੀ ਮਰਦ ਦੇ ਸਾਰੇ ਅਨਿਆਂ ਦੀ ਜੜ੍ਹ ਇਹੀ ਇੱਕ ਸ਼ਬਦ ਨੈਤਿਕਤਾ ਹੁੰਦੀ ਹੈ। ਧਰਮ ਦੀ ਪ੍ਰਫੁੱਲਤਾ ਨੈਤਿਕਤਾ ਦੇ ਨਾਂ ਉੱਤੇ ਹੀ ਵੱਧਦੀ ਫੁੱਲਦੀ ਹੈ। ਤਰਕ ਅਤੇ ਨਿਆਂ ਨੂੰ ਨੈਤਿਕਤਾ ਦੇ ਜ਼ਰੀਏ ਕਾਬੂ ਕੀਤਾ ਜਾਂਦਾ ਹੈ। ਇਸ ਮੁੱਦੇ ਉੱਤੇ ਭਗਤ ਸਿੰਘ ਨੇ ਇੱਕ ਤਲਖ ਬਿਆਨ ਦਾ ਹਵਾਲਾ ਦਿੱਤਾ ਹੈ– "ਨੈਤਿਕਤਾ ਤੇ ਧਰਮ ਉਸ ਵਿਅਕਤੀ ਲਈ ਮਹਿਜ਼ ਸ਼ਬਦ ਭਰ ਹਨ ਜੋ ਰੋਜ਼ੀ ਰੋਟੀ ਦਾ ਜੁਗਾੜ ਕਰਨ ਲਈ ਗੰਦੀ ਨਾਲੀ ਵਿੱਚੋਂ ਮੱਛੀ ਮਾਰਦਾ ਹੈ ਅਤੇ ਕੜਾਕੇ ਦੀ ਠੰਡ ਤੋਂ ਬਚਣ ਲਈ ਸੜਕ ਕਿਨਾਰੇ ਪਾਈਪਾਂ ਵਿੱਚ ਪਨਾਹ ਲੈਂਦਾ ਹੈ।"

ਭਗਤ ਸਿੰਘ ਚੰਗੀ ਤਰ੍ਹਾਂ ਸਮਝ ਰਹੇ ਸੀ ਕਿ ਨੈਤਿਕਤਾ ਦੀ ਦੁਹਾਈ ਦੇਣ ਵਾਲਾ ਸਮਾਜ ਵਿਗਿਆਨਕ ਸੋਚ ਅਤੇ ਤਰਕ ਮਈ ਤਰੱਕੀ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੁੰਦਾ। ਇਸ ਲਈ ਕੇਵਲ ਨੈਤਿਕ ਮੁੱਲਾਂ 'ਤੇ ਜੋਰ ਦੇਣ ਵਾਲੇ ਲੋਕ ਮਨੁੱਖੀ ਕਦਰਾਂ ਕੀਮਤਾਂ ਨਾਲ ਸਰੋਕਾਰ ਨਹੀਂ ਰੱਖਣਾ ਚਾਹੁੰਦੇ। ਅਧਿਆਤਮਕਤਾ ਦੀਆਂ ਕਾਲਪਨਿਕ ਉਚਾਈਆਂ ਵਿੱਚ ਉਲਝਿਆ ਅਜਿਹਾ ਸਮਾਜ ਜ਼ਮੀਨੀ ਹਕੀਕਤਾਂ ਨੂੰ ਕਦੇ ਅਹਿਮੀਅਤ ਨਹੀਂ ਦਿੰਦਾ। ਕੋਈ ਵੀ ਵੇਖ ਸਕਦਾ ਹੈ ਕਿ ਮੂਰਤੀਆਂ ਤੇ ਮੰਦਰਾਂ ਦੇ ਨਾਂ ਉੱਤੇ ਅਥਾਹ ਪੈਸਾ ਲੁਟਾਉਣ ਵਾਲਾ ਸਮਾਜ ਇਸ ਗੱਲ ਪ੍ਰਤੀ ਕਦੇ ਫਿਕਰਮੰਦੀ ਨਹੀਂ ਕਰਦਾ ਕਿ ਉਸਦੀ ਅੱਧੀ ਆਬਾਦੀ ਪੂਰੀ ਤਰ੍ਹਾਂ ਢਿੱਡ ਵੀ ਨਹੀਂ ਭਰ ਸਕਦੀ। ਉਹ ਤਿਉਹਾਰਾਂ ਉੱਤੇ ਪੂਰੀਆਂ ਛੋਲੇ ਅਤੇ ਸ਼ਰਬਤ ਵੰਡਦਾ ਹੈ

ਅਤੇ ਦਾਨ ਲਈ ਟੁੱਟ-ਟੁੱਟ ਪੈਂਦੇ, ਇੱਕ ਦੂਜੇ ਨੂੰ ਧੱਕੇ ਦਿੰਦੇ, ਲੋਕਾਂ ਨੂੰ ਵੇਖ ਕੇ ਆਨੰਦ ਮਹਿਸੂਸ ਕਰਦਾ ਹੈ ਅਤੇ ਅਜਿਹੀ ਸੇਵਾ ਨੂੰ ਉਹ ਪੁੰਨ ਕਮਾਉਣ ਦਾ ਨਾਂ ਦਿੰਦਾ ਹੈ। ਭਗਤ ਸਿੰਘ ਮਹਿਸੂਸ ਕਰਦੇ ਸਨ ਕਿ ਮਨੁੱਖੀ ਸਭਿਅਤਾ ਦਾ ਸਭ ਤੋਂ ਜਿਆਦਾ ਅਪਰਾਧਿਕ ਕੰਮ ਸਵੈਮਾਨ ਦੀ ਖਰੀਦੋ ਫਰੋਖਤ ਹੁੰਦਾ ਹੈ ਅਤੇ ਇਹ ਅਪਰਾਧ ਰੋਕਿਆ ਜਾਣਾ ਚਾਹੀਦਾ ਹੈ। ਕੋਈ ਆਦਮੀ ਐਨਾ ਜਿਆਦਾ ਅਮੀਰ ਨਹੀਂ ਹੋਣਾ ਚਾਹੀਦਾ ਕਿ ਉਹ ਕਿਸੇ ਨੂੰ ਖਰੀਦ ਸਕੇ ਤੇ ਕੋਈ ਐਨਾ ਗਰੀਬ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਆਪ ਨੂੰ ਵੇਚਣ ਲਈ ਮਜਬੂਰ ਹੋ ਜਾਵੇ। ਵਧੇਰੇ ਗੈਰ-ਬਰਾਬਰੀ ਨਿਰੰਕੁਸ਼ਤਾ ਲਈ ਰਾਹ ਤਿਆਰ ਕਰਦੀ ਹੈ।

ਧਨਾਢ ਵਰਗ ਨੈਤਿਕਤਾ ਅਤੇ ਅਧਿਆਤਮਕਤਾ ਦੇ ਛਲ ਰਾਹੀਂ ਗਰੀਬ ਆਦਮੀ ਦੇ ਸਵੈਮਾਨ ਨੂੰ ਖਰੀਦ ਕੇ ਆਰਥਿਕ ਦ੍ਰਿਸ਼ਟੀ ਤੋਂ ਕਮਜ਼ੋਰ ਵਿਅਕਤੀ ਨੂੰ ਗੁਲਾਮ ਬਣਾਉਂਦਾ ਹੈ। ਭਗਤ ਸਿੰਘ ਨੇ ਸਖਤ ਸ਼ਬਦਾਂ ਵਿੱਚ ਕਿਹਾ- "ਲੋਕ ਨੈਤਿਕ ਆਜ਼ਾਦੀ ਲਈ ਕੁਦਰਤੀ ਆਜ਼ਾਦੀ ਨੂੰ ਗੁਆ ਦਿੰਦੇ ਹਨ।"

ਭਗਤ ਸਿੰਘ ਨੇ ਇਹ ਗੱਲ ਕਈ ਵਾਰ ਦੁਹਰਾਈ ਹੈ ਕਿ ਮਨੁੱਖ ਜਨਮ ਤੋਂ ਆਜ਼ਾਦ ਹੁੰਦਾ ਹੈ। ਇਸ ਲਈ ਉਹ ਉਹਨਾਂ ਤੱਤਾਂ ਨੂੰ ਲੈ ਕੇ ਚਿੰਤਤ ਸਨ ਜੋ ਇਸ ਜਨਮ ਜਾਤ ਆਜ਼ਾਦੀ ਨੂੰ ਅਗਵਾ ਕਰਦੇ ਹਨ। ਧਰਮ ਅਤੇ ਈਸ਼ਵਰ ਅਤੇ ਇਹਨਾਂ ਨੂੰ ਲਾਗੂ ਕਰਨ ਵਾਲੇ ਤੱਤਾਂ ਨਾਲ ਭਗਤ ਸਿੰਘ ਮਜਬੂਤੀ ਨਾਲ ਲੜਨਾ ਚਾਹੁੰਦੇ ਸਨ।

ਵਿਸ਼ਵ ਸੱਭਿਅਤਾ ਵਿੱਚ ਵਿਚਾਰਧਾਰਕ ਵਿਕਾਸ ਅਤੇ ਤਰੱਕੀ ਦਾ ਇਤਿਹਾਸ ਉਹਨਾਂ ਸੱਭਿਆਚਾਰਾਂ ਵਿੱਚ ਹੀ ਗਤੀਸ਼ੀਲ ਹੋਇਆ, ਜਿਨ੍ਹਾਂ ਵਿੱਚ ਜਾਂ ਤਾਂ ਈਸ਼ਵਰ ਅਤੇ ਧਰਮ ਦੀ ਅਣਹੋਂਦ ਸੀ ਜਾਂ ਜਿੱਥੇ ਇਹਨਾਂ ਨਾਲ ਵਿਚਾਰਕ ਮੁੱਠਭੇੜ ਕੀਤੀ ਗਈ। ਤਰਕ-ਸ਼ਾਸਤਰ, ਅਰਥ-ਸ਼ਾਸਤਰ ਅਤੇ ਵਿਗਿਆਨਕ ਸੋਚ ਲਈ ਯੂਨਾਨ ਦਾ ਉਹ ਦੌਰ ਹੀ ਮਹੱਤਵਪੂਰਨ ਰਿਹਾ ਜੋ ਈਸ਼ਵਰ ਅਤੇ ਧਰਮ ਤੋਂ ਮੁਕਤ ਸੀ। ਭਾਰਤ, ਈਸ਼ਵਰ ਅਤੇ ਧਰਮ ਨਾਲ ਭਰਪੂਰ ਬ੍ਰਾਹਮਣਵਾਦੀ ਸੱਭਿਆਚਾਰ ਰੱਖਣ ਕਾਰਨ, ਤਰਕ-ਬੁੱਧੀ ਤੋਂ ਦੂਰ ਅਤੇ ਗਿਆਨ-ਵਿਗਿਆਨ ਤੋਂ ਕੱਟਿਆ ਰਿਹਾ। ਯੂਰਪੀ ਸਭਿਆਚਾਰਾਂ ਵਿੱਚ ਜਬਰਦਸਤ ਵਿਚਾਰਕ ਵਿਕਾਸ ਐਨਲਾਈਟਨਮੈਂਟ ਨਾਲ ਸ਼ੁਰੂ ਹੋਇਆ ਅਤੇ ਐਨਲਾਈਟਨਮੈਂਟ ਦੀ ਸਭ ਤੋਂ ਮਹੱਤਵਪੂਰਨ ਜਮੀਨ ਸੀ- ਸ਼ੱਕ ਅਤੇ ਜਗਿਆਸਾ। ਇਸ ਨੇ ਈਸ਼ਵਰ ਅਤੇ ਧਰਮ ਨਾਲ ਸਿੱਧੀ ਮੁੱਠਭੇੜ ਸ਼ੁਰੂ ਕੀਤੀ। ਧਰਮ ਅਤੇ ਈਸ਼ਵਰ ਮਨੁੱਖੀ ਆਤਮ ਵਿਸ਼ਵਾਸ ਨੂੰ ਖਤਮ ਕਰ ਦਿੰਦਾ ਹੈ, ਮਨੁੱਖ ਨੂੰ ਉਸਦੀ ਸਮਰੱਥਾ ਅਤੇ ਸੰਭਾਵਨਾਵਾਂ ਤੋਂ ਵਿਰਵੇ ਕਰਦਾ ਹੈ। ਇਹ ਲਗਾਤਾਰ ਸਿੱਧ ਕੀਤਾ ਜਾਂਦਾ ਹੈ ਕਿ ਮਨੁੱਖ ਬਹੁਤ ਛੋਟਾ ਅਤੇ ਕੁਝ ਵੀ ਨਾ ਕਰ ਸਕਣ ਵਾਲਾ ਹੈ।

ਸੋਵੀਅਤ ਸਮਾਜਵਾਦੀ ਪ੍ਰਬੰਧ ਦੇ ਢਹਿੰਦਿਆਂ ਹੀ ਉੱਥੇ ਚਾਰੇ ਪਾਸੇ ਧਾਰਮਿਕਤਾ ਦਾ ਵਿਸਫੋਟ ਹੋਇਆ। ਧਾਰਮਿਕ ਇਮਾਰਤਾਂ ਵਿੱਚ ਚਹਿਲ ਪਹਿਲ ਸ਼ੁਰੂ ਹੋ ਗਈ। ਦਰਅਸਲ ਸੋਵੀਅਤ ਪ੍ਰਬੰਧ ਚਲਾਉਣ ਵਾਲਿਆਂ ਨੇ ਇਹ ਗੱਲ ਤਾਂ ਆਖੀ ਕਿ ਧਰਮ ਇੱਕ ਗਲਤ ਚੀਜ਼ ਹੈ ਪਰ ਇਸਦੇ ਗਲਤ ਹੋਣ ਬਾਰੇ ਭਰੋਸੇਯੋਗ ਤਰਕ-ਸ਼ਾਸਤਰ ਦਾ ਨਿਰਮਾਣ ਨਹੀਂ ਕੀਤਾ। ਭਾਰਤ ਦੇ ਪ੍ਰਸੰਗ ਵਿੱਚ ਵੇਖੀਏ ਤਾਂ ਇਥੇ ਵੀ ਰੂੜੀਵਾਦੀ ਖੱਬੇ ਪੱਖੀ ਪਾਰਟੀਆਂ ਧਰਮ ਨਾਲ ਮੁੱਠਭੇੜ ਕਰਨ ਤੋਂ ਬਚਦੀਆਂ ਹਨ। ਇਸ ਨਜ਼ਰੀਏ ਤੋਂ ਵੀ ਇੱਕ ਪ੍ਰਭਾਵੀ ਵਿਚਾਰ ਕਰਨ ਵਾਲਾ ਖੱਬੇ ਪੱਖੀ ਬੁੱਧੀਜੀਵੀ ਸੀ ਭਗਤ ਸਿੰਘ। ਉਹਨਾਂ ਨੇ ਉਤਸ਼ਾਹ ਨਾਲ ਮਾਰਕਸਵਾਦ ਦਾ ਇਕ ਲੰਮਾ ਹਵਾਲਾ ਦਿੱਤਾ ਹੈ ਜਿਸ ਵਿੱਚ ਮਾਰਕਸ ਨੇ ਦੱਸਿਆ ਸੀ ਕਿ ਮਨੁੱਖ ਧਰਮ ਨੂੰ ਬਣਾਉਂਦਾ ਹੈ ਧਰਮ ਮਨੁੱਖ ਨਹੀਂ ਬਣਾਉਂਦਾ।

ਅਤਿਅੰਤ ਸੁਚੇਤ ਬੁੱਧੀਜੀਵੀ ਦੇ ਰੂਪ ਵਿੱਚ ਭਗਤ ਸਿੰਘ ਨੇ ਮਨੁੱਖੀ ਸਭਿਅਤਾ ਵਿੱਚ ਐਨਲਾਈਟਨਮੈਂਟ ਦੀ ਇਤਿਹਾਸਿਕ ਭੂਮਿਕਾ ਨੂੰ ਪਛਾਣਿਆ।

ਜਵਾਹਰ ਲਾਲ ਨਹਿਰੂ ਜਰੂਰ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਪ੍ਰੰਤੂ ਉਹ ਆਪਣੇ ਮੋਢਿਆਂ ਉੱਤੇ ਸਵਾਰ ਗਾਂਧੀਵਾਦ ਦੇ ਭੂਤ ਕਾਰਨ ਆਪਣੀ ਸੋਚ ਨੂੰ ਅਮਲੀ ਰੂਪ ਨਾ ਦੇਣ ਦੇ ਆਦੀ ਹੋ ਗਏ ਸਨ। ਇਹੀ ਕਾਰਨ ਹੈ ਕਿ ਆਪਣੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਹਿਰੂ ਭਾਰਤੀ ਸੱਭਿਆਚਾਰਕ ਜੀਵਨ ਵਿੱਚ ਕੋਈ ਬਹੁਤੀ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਵਿੱਚ ਨਾਕਾਮਯਾਬ ਰਹੇ ਸਨ। ਇਸ ਦੇ ਮੁਕਾਬਲੇ ਭਗਤ ਸਿੰਘ ਆਪਣੀ ਗਰਦਨ ਕਿਸੇ ਵੀ ਅਤੀਤ ਅਤੇ ਪਰੰਪਰਾ ਤੋਂ ਮੁਕਤ ਰੱਖ ਸਕੇ ਸਨ। ਇਸ ਲਈ ਉਹਨਾਂ ਨੂੰ ਬੇਝਿਜਕ ਇਸ ਦੇਸ਼ ਦੇ ਆਧੁਨਿਕ ਇਤਿਹਾਸ ਦੇ ਸਭ ਤੋਂ ਵੱਡੇ, ਸਭ ਤੋਂ ਜਿਆਦਾ ਮਹੱਤਵਪੂਰਨ ਸ਼ਖਸੀਅਤ ਦੀ ਥਾਂ ਰੱਖਿਆ ਜਾਣਾ ਚਾਹੀਦਾ ਹੈ, ਪ੍ਰੰਤੂ ਇਹ ਨਹੀਂ ਹੋਇਆ। ਦੇਸ਼ ਵਿੱਚ ਜੀਵੰਤ ਸਭਿਅਤਾ ਦੇ ਪ੍ਰਤੀਕ ਭਗਤ ਸਿੰਘ ਦੀ ਤੁਲਨਾ ਵਿੱਚ ਜੜ੍ਹ ਸਭਿਅਤਾ ਦੇ ਪ੍ਰਤੀਕ ਹੀ ਅੱਜ ਵਧੇਰੇ ਮਹੱਤਵਪੂਰਨ ਦਰਸਾਏ ਜਾ ਰਹੇ ਹਨ।

ਅਨੁਵਾਦ- ਖੁਸ਼ਵੰਤ ਬਰਗਾੜੀ

(ਮੁਦਰਾ ਰਾਖਸ਼ਿਸ਼ ਦਾ ਅਸਲ ਨਾਮ ਸੁਭਾਸ਼ ਚੰਦਰ ਸੀ। ਉਹ ਲਖਨਊ ਵਿੱਚ ਜਨਮਿਆ ਹਿੰਦੀ ਦਾ ਉੱਘਾ ਲੇਖਕ, ਚਿੰਤਕ ਅਤੇ ਪੱਤਰਕਾਰ ਸੀ।)

23 ਮਾਰਚ ਸ਼ਹੀਦੀ ਦਿਵਸ ‘ਤੇ ਵਿਸ਼ੇਸ਼

ਪਾਸ਼ ਦੀ ਸਿਰਜਣਾ ਦਾ ਵਾਰਤਕ ਰੂਪ

ਪਾਸ਼ ਨੂੰ ਇੱਕ ਕਵੀ ਦੇ ਤੌਰ ’ਤੇ ਤਾਂ ਸਾਰੇ ਹੀ ਜਾਣਦੇ ਅਤੇ ਮਾਣਦੇ ਹਨ ਪਰ ਉਸ ਨੇ ਪੰਜਾਬੀ ਵਾਰਤਕ ਵਿੱਚ ਜੋ ਲਿਖਿਆ ਅਤੇ ਜਿਸ ਨਿਰਾਲੇ ਅੰਦਾਜ਼ ਵਿੱਚ ਲਿਖਿਆ ਉਹ ਉਸ ਦੇ ਵੱਡੇ ਕਾਵਿਕ ਬਿੰਬ ਹੇਠ ਹੀ ਦਬਿਆ ਰਹਿ ਜਾਂਦਾ ਹੈ। ਉਸ ਨੇ ਕਵਿਤਾ ਰਚਣ ਦੇ ਨਾਲ ਨਾਲ ਗਿਆਨ ਵਿਗਿਆਨ ਦੇ ਵੱਖ ਵੱਖ ਖੇਤਰਾਂ ਦਾ ਵੀ ਗੰਭੀਰ ਅਧਿਐਨ ਕੀਤਾ ਅਤੇ ਇਸ ਅਧਿਐਨ ਵਿਚੋਂ ਨਿਕਲਦੀ ਸਮਝ ਅਤੇ ਜਾਣਕਾਰੀ ਉਹ ਆਪਣੇ ਇਲਾਕੇ ਵਿੱਚ ਸਾਈਕਲੋਸਟਾਈਲ ਕਰ ਕੇ ਕੱਢੇ ਜਾਂਦੇ ਪਰਚੇ ‘ਹਾਕ’ ਜਾਂ ਫਿਰ ‘ਸਿਆੜ’ ‘ਰੋਹਲੇਬਾਣ’ ਵਰਗੇ ਰਸਾਲਿਆਂ ਰਾਹੀਂ ਲੇਖਾਂ ਦੇ ਰੂਪ ਵਿੱਚ ਪੇਸ਼ ਕਰਦਾ ਰਿਹਾ। ਇਨ੍ਹਾਂ ਪਰਚਿਆਂ ਦਾ ਦਾਇਰਾ ਸੀਮਿਤ ਹੋਣ ਕਰਕੇ ਇਨ੍ਹਾਂ ਲੇਖਾਂ ਤੋਂ ਬਹੁਤੇ ਪੰਜਾਬੀ ਪਾਠਕ ਅਣਜਾਣ ਹੀ ਰਹੇ। ਫਿਰ ਵੀ ਪਾਸ਼ ਦੀ ਸ਼ਹਾਦਤ ਤੋਂ ਬਾਅਦ ਉਸ ਦੇ ਵਿਗਿਆਨਕ ਲੇਖਾਂ ਨੂੰ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਪੁਸਤਕ ‘ਤੁਹਾਡੀ ਰਾਸ਼ੀ ਕੀ ਕਹਿੰਦੀ ਹੈ’ ਅਤੇ ਫਿਰ ਪਾਸ਼ ਦੇ ਪਿਤਾ ਸ. ਸੋਹਣ ਸਿੰਘ ਸੰਧੂ ਵੱਲੋਂ ਪਾਸ਼ ਦੀਆਂ ਵਾਰਤਕ ਲਿਖਤਾਂ ਨੂੰ ਇਕੱਠਾ ਕਰ ਕੇ ‘ਤਲਵੰਡੀ ਸਲੇਮ ਨੂੰ ਜਾਂਦੀ ਸੜਕ’ ਦੇ ਨਾਮ ਹੇਠ ਪੁਸਤਕ ਰੂਪ ਵਿੱਚ ਛਪਵਾਇਆ ਗਿਆ। ਪਾਸ਼ ਦੀਆਂ ਕੁਝ ਵਾਰਤਕ ਲਿਖਤਾਂ ਸਮਸ਼ੇਰ ਸੰਧੂ ਦੀ ਪੁਸਤਕ ‘ਇੱਕ ਪਾਸ਼ ਇਹ ਵੀ’ ਵਿੱਚ ਵੀ ਮਿਲਦੀਆਂ ਹਨ। ਇਨ੍ਹਾਂ ਪੁਸਤਕਾਂ ਸਦਕਾ ਅਸੀਂ ਉਸ ਦੀਆਂ ਵਾਰਤਕ ਲਿਖਤਾਂ ਵਿੱਚ ਵਿਸ਼ਿਆਂ ਦੀ ਵੰਨ ਸੁਵੰਨਤਾ ਅਤੇ ਅਧਿਐਨ ਦੀ ਗਹਿਰਾਈ ਨੂੰ ਜਾਣਨ ਦੇ ਯੋਗ ਹੋ ਸਕੇ ਹਾਂ।

ਕਵਿਤਾ ਵਾਂਗ ਵਾਰਤਕ ਵਿੱਚ ਵੀ ਉਸ ਦਾ ਅੰਦਾਜ਼ੇ-ਬਿਆਂ ਵਿਲੱਖਣ ਹੀ ਹੈ। ਜਿਵੇਂ ਬ੍ਰਹਿਮੰਡ ਦੇ ਸਰੂਪ ਅਤੇ ਇਸ ਦੀ ਉਤਪਤੀ ਬਾਰੇ ਉਸ ਨੇ ਵਿਗਿਆਨਕ ਅਤੇ ਦਾਰਸ਼ਨਿਕ ਜਾਣਕਾਰੀ ਨਾਲ ਭਰਪੂਰ ਦੋ ਵੱਡੇ ਲੇਖ ਲਿਖੇ। ਇਨ੍ਹਾਂ ਲੇਖਾਂ ਤੋਂ ਉਸ ਦੀ ਵਿਗਿਆਨਕ ਪਹੁੰਚ ਅਤੇ ਗਿਆਨ ਦੀ ਵਿਸ਼ਾਲਤਾ ਦਾ ਤਾਂ ਪਤਾ ਚਲਦਾ ਹੀ ਹੈ, ਨਾਲ ਹੀ ਉਹ ਵੱਡੇ ਸਿਧਾਂਤਕ ਸਵਾਲਾਂ ਨੂੰ ਜਿਵੇਂ ਹਲਕੀ ਫੁਲਕੀ ਭਾਸ਼ਾ ਵਿੱਚ ਪੇਸ਼ ਕਰਦਾ ਹੈ ਉਹ ਵੀ ਵੇਖਣਯੋਗ ਹੈ। ਬ੍ਰਹਿਮੰਡ ਬਾਰੇ ਬੁਨਿਆਦੀ ਤੌਰ ’ਤੇ ਦੋ ਸਵਾਲ ਪ੍ਰਮੁੱਖ ਬਣਦੇ ਹਨ – ਪਹਿਲਾ ਬ੍ਰਹਿਮੰਡ ਦਾ ਆਕਾਰ ਅਤੇ ਸਰੂਪ ਕੀ ਹੈ ਅਤੇ ਦੂਸਰਾ ਬ੍ਰਹਿਮੰਡ ਦੀ ਉਤਪਤੀ ਕਿਵੇਂ ਹੋਈ? ਪਾਸ਼ ਨੇ ਆਪਣੇ ਹੀ ਅੰਦਾਜ਼ ਵਿੱਚ ਇਹ ਦੋਵੇਂ ਸਵਾਲ ਇਸ ਤਰ੍ਹਾਂ ਪੇਸ਼ ਕੀਤੇ ਹਨ –

‘ਸਾਡਾ ਸੂਰਜ, ਸਾਡੀ ਆਕਾਸ਼ ਗੰਗਾ ਦੇ 150,000 ਮਿਲੀਅਨ ਸੂਰਜਾਂ ਵਿਚੋਂ ਇੱਕ ਹੈ। ਸਾਡੇ ਤੋਂ 500 ਮਿਲੀਅਨ ਚਾਨਣ ਵਰ੍ਹੇ ਵਿਆਸ ਦੇ ਘੇਰੇ ਵਿੱਚ ਕੋਈ 100 ਮਿਲੀਅਨ ਪ੍ਰਕਾਸ਼ ਗੰਗਾਵਾਂ ਅਜੇ ਤੀਕ ਲੱਭ ਚੁੱਕੀਆਂ ਹਨ, ਇਸ ਘੇਰੇ ਤੋਂ ਅੱਗੇ ਹੋਰ ਵੀ ਅਸੰਖ ਪ੍ਰਕਾਸ਼ ਗੰਗਾਵਾਂ ਹਨ। ਇਹ ਸਾਰਾ ਕੁੱਤਖਾਨਾ ਕਿਥੋਂ ਕੁ ਤੱਕ ਹੈ? ਅਨੰਤ ਦੇ ਸਰੂਪ ਬਾਰੇ ਤੁਹਾਡੇ ਦਿਮਾਗ ਵਿੱਚ ਠੋਸ ਨਕਸ਼ਾ ਕਿਸ ਤਰ੍ਹਾਂ ਦਾ ਬਣਦਾ ਹੈ?’

‘ਬ੍ਰਹਿਮੰਡ ਵਿੱਚ ਖਿਲਰਿਆ ਫਿਰਦਾ ਇਹ ਜੰਗ ਪੁਲੰਗਾ ਕਿਵੇਂ ਬਣਿਆ? ਜੇ ਕਿਸੇ ਨੇ ਬਣਾਇਆ ਹੈ ਤਾਂ ਉਹ ਭਾਈ ਸਾਹਿਬ ਕਿਥੇ ਅਤੇ ਕਿਉਂ ਬਣੇ? ਇਹ ਬਣਨ ਬਨਾਉਣ ਦਾ ਚੱਕਰ ਕੀ ਹੈ?’

ਇਨ੍ਹਾਂ ਵਿਚੋਂ ਪਹਿਲੇ ਸਵਾਲ ਦਾ ਜਵਾਬ ‘ਤੇਰਾ ਕੇਵਡ ਚੀਰਾ’ ਅਤੇ ਦੂਸਰੇ ਸਵਾਲ ਦਾ ਜਵਾਬ ‘ਕਿਤ ਬਿਧ ਸਜਾ ਪ੍ਰਥਮ ਸੰਸਾਰਾ’ ਸਿਰਲੇਖ ਹੇਠ ਲਿਖੇ ਲੇਖਾਂ ਰਾਹੀਂ ਦਿੱਤਾ ਗਿਆ ਹੈ। ਇਹ ਦੋਹਵੇਂ ਲੇਖ ਨਾ ਸਿਰਫ ਵਿਗਿਆਨਕ ਜਾਣਕਾਰੀ ਨਾਲ ਲੈਸ ਹਨ ਸਗੋਂ ਫਲਸਫ਼ੇ ਅਤੇ ਧਾਰਮਿਕ ਗ੍ਰੰਥਾਂ ਵਿੱਚ ਇਸ ਵਿਸ਼ੇ ਨੂੰ ਕਿਵੇਂ ਲਿਆ ਗਿਆ ਹੈ ਉਸਦੀ ਵੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

ਇਵੇਂ ‘ਤੁਹਾਡੀ ਰਾਸ਼ੀ ਕੀ ਕਹਿੰਦੀ ਹੈ’ ਵਿੱਚ ਉਹ ਭਾਰਤੀ ਜੋਤਿਸ਼ ਪ੍ਰਣਾਲੀ ਕਿਵੇਂ ਘੜ੍ਹੀ ਗਈ? ਰਾਸ਼ੀਆਂ ਕੀ ਹਨ? ਇਨ੍ਹਾਂ ਦਾ ਨਾਵਾਂ ਨਾਲ ਕੀ ਸਬੰਧ ਬਣਾਇਆ ਗਿਆ ਹੈ? ਆਦਿ ਨੁਕਤਿਆਂ ਬਾਰੇ ਉਹ ਐਨਾ ਕੁਝ ਦਸਦਾ ਹੈ ਜਿੰਨਾ ਜੋਤਿਸ਼ ਦੇ ਨਾਂ ’ਤੇ ਠੱਗਣ ਵਾਲੇ ਖ਼ੁਦ ਵੀ ਨਹੀਂ ਜਾਣਦੇ ਹੋਣਗੇ।

ਸਿਰਫ ਗਿਆਨਮਈ ਵਾਰਤਕ ਹੀ ਨਹੀਂ ਸਗੋਂ ਸਿਧਾਂਤਕ ਮਸਲਿਆਂ ਬਾਰੇ ਵੀ ਗੱਲ ਕਰਦਾ ਹੋਇਆ ਵੀ ਉਹ ਆਪਣੀ ਵਿਅੰਗ ਕਲਾ ਦੇ ਸੂਖ਼ਮ ਵਾਰਾਂ ਨਾਲ ਬੜੀ ਰੌਚਿਕ ਬਹਿਸ ਛੇੜਦਾ ਹੈ। ਜਿਵੇਂ ਪ੍ਰਤੀਬੱਧਤਾ ਬਾਰੇ ਲੇਖ ਵਿੱਚ ਉਹ ਲਿਖਦਾ ਹੈ –

‘ਇਥੇ ਲੋਕ ਅਜਿਹੇ ਹਨ ਕਿ ਪਿਛਲੀ ਸਦੀ ਵਿੱਚ ਉੱਠੇ ਮਸਲੇ ‘ਕਲਾ ਕਲਾ ਲਈ ਜਾਂ ਕਲਾ ਜ਼ਿੰਦਗੀ ਲਈ’ ਨੂੰ ਸਭਾਵਾਂ, ਗੋਸ਼ਟੀਆਂ ਅਤੇ ਘਰ ਬਹਿ ਕੇ ਲਿਖੇ ਲੇਖਾਂ ਵਿੱਚ ਇੰਜ ਛੇੜਦੇ ਹਨ, ਜਿਵੇਂ ਕੋਈ ਨਵਾਂ ਨਕੋਰ ਚੂਚਾ ਤਲੀ ਉਤੇ ਰੱਖ ਕੇ ਛਾਲ ਮਰਵਾਈਦੀ ਹੈ। ਅਜਿਹੀ ਮਤੇ ਬਾਜੀ ਤੋਂ ਇੱਕ ਨਿਰਣਾ ਇਹ ਵੀ ਨਿਕਲ ਸਕਦਾ ਹੈ ਕਿ ਕਲਾ ਨਾ ਕਲਾ ਲਈ ਹੈ ਨਾ

ਜ਼ਿੰਦਗੀ ਲਈ, ਸਗੋਂ ਕਲਾ ਕਾਗਜ਼ਾਂ ਖਿਲਾਫ਼ ਲੜਾਈ ਲਈ ਇੱਕ ਹਥਿਆਰ ਹੈ।'

ਜਾਂ ਇਹ ਕਿ –

'ਪੰਜਾਬੀ ਦੇ ਹਰ ਅਗਾਂਹਵਧੂ ਲਿਖਾਰੀ ਨੂੰ ਪਤਾ ਹੈ ਕਿ ਸਮਾਜ ਵਿੱਚ ਲੁੱਟਦੀ ਅਤੇ ਲੁਟੀਂਦੀ ਦੋ ਜਮਾਤਾਂ ਹਨ ਅਤੇ ਲੇਖਕ ਨੂੰ ਲੁਟੇਰਿਆਂ ਦੇ ਖਿਲਾਫ਼ ਲੁੱਟ ਹੋ ਰਹੀ ਜਮਾਤ ਦੇ ਹੱਕ ਵਿੱਚ ਖਲੋਣਾ ਚਾਹੀਦਾ ਹੈ। ਇਹ ਸਭ ਨੂੰ ਪਤਾ ਹੈ ਅਤੇ ਸਭ ਨੂੰ ਇਹ ਹੀ ਪਤਾ ਹੈ। ਸਭ ਨੂੰ ਜੋ ਪਤਾ ਹੈ ਉਹ ਬਕਵਾਸ ਹੈ, ਸਾਹਿਤ ਨਹੀਂ। ਉਪਰੋਕਤ ਇਕੋ ਹੀ ਗੱਲ ਨੂੰ ਸੈਂਕੜੇ ਤਰਤੀਬਾਂ ਨਾਲ ਫੈਲਾ ਕੇ ਲਿਖਣਾ ਕੇਵਲ ਸਾਹਿਤ ਨਾਲ ਵੈਰ ਵਿਰੋਧ ਹੀ ਜ਼ਾਹਿਰ ਕਰਦਾ ਹੈ। ਇਸ ਨਾਲ ਕਿਸੇ ਜਮਾਤ ਦਾ ਵਿਰੋਧ ਨਹੀਂ ਹੋ ਸਕਦਾ।'

ਚੰਗੇ ਮਾੜੇ ਸਾਹਿਤ ਦੀ ਨਾ ਸਿਰਫ ਉਸਨੂੰ ਪਛਾਣ ਸੀ ਸਗੋਂ ਇਸ ਬਾਰੇ ਉਹ ਆਪਣੀ ਰਾਇ ਪ੍ਰਗਟ ਕਰਨ ਤੋਂ ਭੋਰਾ ਵੀ ਨਹੀਂ ਝਿਜਕਦਾ ਸੀ ਚਾਹੇ ਇਸ ਨਾਲ ਉਸ ਨੂੰ ਆਪਣੇ ਕਰੀਬੀ ਮਿੱਤਰਾਂ ਦੀ ਨਰਾਜ਼ਗੀ ਵੀ ਝੱਲਣੀ ਪੈਂਦੀ ਸੀ। ਜਿਵੇਂ ਆਪਣੇ ਇੱਕ ਸਮਕਾਲੀ ਕਵੀ ਮਿੱਤਰ ਫਤਿਹਜੀਤ ਦੀ ਕਾਵਿ ਪੁਸਤਕ ਬਾਰੇ ਟਿੱਪਣੀ ਕਰਦੇ ਹੋਏ ਉਹ ਉਸ ਦੀ ਕਵਿਤਾ ਵਿੱਚ ਆਏ ਖਿਆਲਾਂ ਦੀ ਵਿਅੰਗਮਈ ਸੁਰ ਵਿੱਚ ਸੂਚੀ ਬਣਾਉਂਦਾ ਹੈ ਕਿ ਹਾਕਮ ਵੱਢੀਖੋਰ ਹਨ, ਜਮਾਂਖੋਰ ਲੋਕ ਵਸਤਾਂ ਦਾ ਸਟਾਕ ਕਰਕੇ ਮਹਿੰਗਾਈ ਕਰਦੇ ਹਨ ਅਤੇ ਨਾਲ ਹੀ ਮੰਦਰੀਂ ਮਸੀਤੀਂ ਦਾਨ ਕਰਕੇ ਬਗਲੇ ਭਗਤ ਬਣਦੇ ਹਨ, ਜ਼ਾਲਮ ਸਮਾਜ ਸੱਧਰਾਂ ਦਾ ਖ਼ੂਨ ਕਰਕੇ ਹੀ ਖੁਸ਼ ਹੁੰਦਾ ਹੈ, ਮੱਝ ਲਾਠੀ ਵਾਲੇ ਦੀ ਹੁੰਦੀ ਹੈ, ਲੋਕ ਕਿਸੇ ਦੀ ਖੁਸ਼ੀ ਨਹੀਂ ਜਰ ਸਕਦੇ, ਲੋਕ ਕੁੜੀਆਂ ਦੇ ਜੰਮਣ ਨੂੰ ਮਾੜਾ ਗਿਣਦੇ ਹਨ ਜਦ ਕਿ ਔਰਤ ਹੀ ਹੈ ਜੋ ਰਾਜਾਨ ਅਤੇ ਮਹਾਂਪੁਰਖਾਂ ਨੂੰ ਜਨਮ ਦਿੰਦੀ ਹੈ ਆਦਿ ਆਦਿ। ਇਹ ਸਾਰੀ ਸੂਚੀ ਦੇਣ ਤੋਂ ਬਾਅਦ ਉਹ ਜੋਰਦਾਰ ਢੰਗ ਨਾਲ ਸਪਸ਼ਟ ਕਰਦਾ ਹੈ ਕਿ ਇਉਂ **ਸਾਧਾਰਣ ਸਚਾਈਆਂ ਨੂੰ ਦੁਹਰਾਈ ਜਾਣ ਨਾਲ ਕਵਿਤਾ ਵਿੱਚ ਮੌਲਕਿਤਾ ਜਾਂ ਸਿਰਜਣਾਤਮਿਕਤਾ ਦੀ ਜਗ੍ਹਾ ਖੋਖਲਾਪਣ ਹੀ ਆਉਂਦਾ ਹੈ। ਉਸ ਮੁਤਾਬਿਕ ਕਵਿਤਾ ਉਦੋਂ ਹੀ ਲਿਖੀ ਜਾਣੀ ਚਾਹੀਦੀ ਹੈ ਜਦ ਤੁਹਾਡੀ ਸੰਵੇਦਨਾ ਏਨੀ ਸੂਖ਼ਮ, ਤੀਬਰ ਅਤੇ ਗਾਹੜੀ ਹੋਵੇ ਕਿ ਸ਼ਬਦਾਂ ਦੀ ਆਮ ਰੂਪ ਵਿੱਚ ਵਰਤੋਂ ਉਸ ਨੂੰ ਪ੍ਰਗਟ ਕਰਨ ਵਿੱਚ ਅਸ਼ਕਤ ਦਿਖਾਈ ਦੇਵੇ।** ਉਸ ਦਾ ਇਹ ਲੇਖ ਜੇ ਕਾਵਿ ਸ਼ਾਸ਼ਤਰ ਦੀ ਕਿਸੇ ਪੁਸਤਕ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਤਾਂ ਘੱਟੋ ਘੱਟ ਸਾਹਿਤ ਸਭਾਵਾਂ ਦੀਆਂ ਬੈਠਕਾਂ ਵਿੱਚ ਜਰੂਰ ਪੜ੍ਹ ਕੇ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਨਾਲ ਨਵੇਂ ਕਵੀਆਂ ਦਾ ਬਹੁਤ ਭਲਾ ਹੋਵੇਗਾ ਅਤੇ ਕਾਗਜ਼ ਦੀ ਬਰਬਾਦੀ ਨੂੰ ਵੀ ਠੱਲ੍ਹ ਪਵੇਗੀ।

ਉਸ ਦੀਆਂ ਖੋਜ ਬਿਰਤੀਆਂ ਬਹੁ–ਦਿਸ਼ਾਵੀ ਸਨ। ਉਹ ਕੇਵਲ ਸਾਹਿਤ, ਰਾਜਨੀਤੀ ਜਾਂ ਗਿਆਨ ਵਿਗਿਆਨ ਦੇ ਵੱਡੇ ਮਸਲਿਆਂ ਬਾਰੇ ਹੀ ਗੱਲ ਨਹੀਂ ਕਰਦਾ ਸੀ ਸਗੋਂ ਪੰਜਾਬੀ ਫਿਲਮਾਂ, ਗੀਤਾਂ ਅਤੇ ਗਾਇਕਾਵਾਂ ਆਦਿ ਬਾਰੇ ਵੀ ਦਿਲਚਸਪ ਵਿਸ਼ਲੇਸ਼ਣ ਕਰਦਾ ਸੀ। 'ਨਾਨਕ ਨਾਮ ਜਹਾਜ' ਦੀ ਸਫਲਤਾ ਬਾਅਦ ਜਦ ਪੰਜਾਬੀ ਵਿੱਚ ਧਾਰਮਿਕ ਫਿਲਮਾਂ ਬਨਾਉਣ ਦਾ ਰੁਝਾਨ ਚੱਲਿਆ ਤਾਂ ਉਸ ਲਿਖਿਆ ਸੀ – 'ਮਸਾਂ ਜਿਹੇ ਸ਼ੁਕਰ ਕੀਤਾ ਸੀ ਕਿ ਪੰਜਾਬੀ ਫਿਲਮਾਂ ਦੇ ਮੋਢਿਆਂ ਉਤੋਂ ਘੱਗਰਿਆਂ, ਲਹਿੰਗਿਆਂ, ਨਕਲੀ ਕਿਸਮ ਦੇ ਨਾਚਾਂ, ਹਟਵਾਣੀਆਂ ਦੇ ਪੁੱਤਾਂ ਵਰਗੇ ਨਾਇਕਾਂ ਅਤੇ ਪਰਾਲੀ ਦੇ ਢੇਰਾਂ ਦਾ ਭਾਰ ਲੱਥਾ। ਪਰ ਉਸ ਦੀ ਥਾਂ 'ਤੇ ਨਿਹੰਗਾਂ, ਭਾਈਆਂ, ਗੁਰਦਵਾਰਿਆਂ, ਬੇਸਿਰ–ਪੈਰ ਅੰਧਵਿਸ਼ਵਾਸੀ ਕਥਾਵਾਂ ਅਤੇ ਕਾਲਜੀ ਭੰਗੜਿਆਂ ਦਾ ਭਾਰ ਪੈ ਗਿਆ। ਅਜੇ ਸ਼ੁਕਰ ਹੈ ਕਿ ਜਾਸੂਸੀ ਸ਼ਾਵਨਵਾਦੀ ਕਿਸਮ ਦੀ ਥੋਥੀ ਦੇਸ਼ਭਗਤੀ ਅਤੇ ਪੇਂਡੂ ਕਥਾਵਾਂ ਦੀਆਂ ਜੜ੍ਹਾਂ ਨਹੀਂ ਲੱਗ ਸਕੀਆਂ ਪਰ ਕੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਰੋਗਾਂ ਤੋਂ ਮੁਕਤੀ ਦੀ ਉਮਰ ਕਿੰਨੀ ਕੁ ਹੈ।' ਇਸੇ ਲੇਖ ਵਿੱਚ ਉਹ ਵਿਅੰਗਮਈ ਸੁਰ ਵਿੱਚ ਲਿਖਦਾ ਹੈ 'ਪੰਜਾਬੀਆਂ ਦੇ ਜਾਹਿਲ ਅਤੇ ਗੰਭੀਰਤਾ ਦੇ ਵੈਰੀ ਹੋਣ ਬਾਰੇ ਭੁਲੇਖਾ ਏਨਾ ਵਿਆਪਕ ਹੈ ਕਿ ਇਹ ਭੁਲੇਖਾ ਖ਼ੁਦ ਪੰਜਾਬੀਆਂ ਨੂੰ ਵੀ ਹੈ। ਏਸੇ ਲਈ ਬੂਟਾ ਸਿੰਘ ਸ਼ਾਦ 'ਅੱਧੀ ਰਾਤ ਪਹਿਰ ਦਾ ਤੜਕਾ' ਵਰਗੇ ਬਲਵਾਨ ਨਾਵਲ ਉੱਤੇ 'ਕੁੱਲੀ ਯਾਰ ਦੀ' ਵਰਗੀ ਹਲਕੀ ਫਿਲਮ ਬਣਾ ਦਿੰਦਾ ਹੈ। ਏਸੇ ਲਈ ਗੁਲਜ਼ਾਰ 'ਆਂਧੀ' ਅਤੇ 'ਮੌਸਮ', ਰਾਜਿੰਦਰ ਸਿੰਘ ਬੇਦੀ 'ਚੇਤਨਾ', 'ਦਸਤਕ', 'ਫਾਗੁਨ' ਅਤੇ ਰਾਜ ਕਪੂਰ 'ਮੇਰਾ ਨਾਮ ਜੋਕਰ' ਵਰਗੀਆਂ ਫਿਲਮਾਂ ਹਿੰਦੀ ਵਿੱਚ ਬਣਾ ਰਹੇ ਹਨ।' ਪਾਸ਼ ਦੇ ਕਹਿਣ ਦਾ ਭਾਵ ਹੈ ਕਿ ਪੰਜਾਬੀ ਹੋਣ ਦੇ ਬਾਵਜੂਦ ਇਹ ਫਿਲਮਕਾਰ ਚੰਗੀਆਂ ਫਿਲਮਾਂ ਪੰਜਾਬੀ ਦੀ ਬਜਾਏ ਹਿੰਦੀ ਵਿੱਚ ਬਨਾਉਂਦੇ ਹਨ ਕਿਉਂਕਿ ਇਨ੍ਹਾਂ ਨੂੰ ਪੰਜਾਬੀਆਂ ਦੀ ਸੂਝ ਉੱਤੇ ਸ਼ੰਕਾ ਹੈ।


ਉਸ ਦੀ ਡਾਇਰੀ ਦੇ 25 ਅਗਸਤ 1974 ਵਾਲੇ ਪੰਨੇ ਉੱਤੇ ਲਿਖੇ ਸ਼ਬਦ ਤਰਕਸ਼ੀਲਤਾ ਦੀ ਬੜੀ ਸੰਤੁਲਿਤ ਪ੍ਰੀਭਾਸ਼ਾ ਉਲੀਕ ਦਿੰਦੇ ਹਨ – ***'ਜ਼ਿੰਦਗੀ ਜਿਉਣ ਦਾ ਤਰਕਸ਼ੀਲ ਢੰਗ ਏਹੋ ਹੈ ਕਿ ਭਾਵੁਕਤਾ ਨੂੰ ਘਟਨਾਵਾਂ ਦੇ ਪ੍ਰਤੀਕਰਮ ਉੱਤੇ ਹਾਵੀ ਨਾ ਹੋਣ ਦਿੱਤਾ ਜਾਵੇ।'***

ਰਾਜਪਾਲ ਸਿੰਘ

98767 10809

14 ਮਾਰਚ ਨੂੰ ਆਈਨਸਟਾਈਨ ਦੇ ਜਨਮ-ਦਿਨ ਉੱਤੇ

ਜਦੋਂ ਆਈਨਸਟਾਈਨ ਨੇ ਆਪਣੀ ਗਲਤੀ ਮੰਨੀ



1930 ਦੀ ਗੱਲ ਹੈ, ਇੱਕ ਹਾਲ ਵਿੱਚ ਆਈਨਸਟਾਈਨ ਕੋਈ ਨਵਾਂ ਸਿਧਾਂਤ ਪੇਸ਼ ਕਰ ਰਿਹਾ ਸੀ। ਉਸ ਵਕਤ ਤੱਕ ਅਲਬਰਟ ਆਈਨਸਟਾਈਨ ਦਾ ਬਹੁਤ ਵੱਡਾ ਨਾਂ ਬਣ ਚੁੱਕਾ ਸੀ। ਆਈਨਸਟਾਈਨ ਨੇ ਭੌਤਿਕ ਵਿਗਿਆਨ ਵਿੱਚ ਇਨਕਲਾਬੀ ਤਬਦੀਲੀ ਲਿਆਂਦੀ ਸੀ, ਉਸਦਾ ਨਾਮ ਹੀ ਬੌਧਿਕ ਪ੍ਰਤਿਭਾ ਦਾ ਸੂਚਕ ਬਣ ਚੁੱਕਾ ਸੀ। ਉਸ ਹਾਲ ਵਿੱਚ ਸੋਵੀਅਤ ਰੂਸ ਤੋਂ ਯੂਰਪ ਦੇ ਟੂਰ 'ਤੇ ਗਿਆ ਵਿਗਿਆਨ ਦਾ ਇੱਕ ਵਿਦਿਆਰਥੀ ਲੇਵ ਲੈਂਦਾਓ ਬੈਠਾ ਸੀ। ਉਸ ਨੇ ਦੇਖਿਆ ਕਿ ਆਈਨਸਟਾਈਨ ਜੋ ਗਣਿਤਕ ਥਿਊਰਮ ਪੇਸ਼ ਕਰ ਰਿਹਾ ਸੀ ਉਹ ਦਰੁੱਸਤ ਨਹੀਂ ਸੀ। ਉਸ ਨੇ ਗਲਤੀ ਫੜ੍ਹ ਲਈ ਸੀ। ਉਸ ਨੇ ਹੱਥ ਖੜ੍ਹਾ ਕੀਤਾ ਅਤੇ ਕਿਹਾ ਕਿ ਆਈਨਸਟਾਈਨ ਜੋ ਪੇਸ਼ ਕਰ ਰਿਹਾ ਹੈ ਉਹ ਸਹੀ ਨਹੀਂ ਹੈ। ਸਾਰਾ ਹਾਲ ਹੈਰਾਨ ਪ੍ਰੇਸ਼ਾਨ ਹੋ ਗਿਆ ਅਤੇ ਸਭ ਅੱਖਾਂ ਉਸ ਮੁੰਡੇ ਵੱਲ ਘੁੰਮ ਗਈਆਂ ਜਿਸ ਨੇ ਐਡੇ ਵੱਡੇ ਵਿਗਿਆਨੀ ਨੂੰ ਟੋਕਣ ਦਾ ਹੌਂਸਲਾ ਕੀਤਾ ਸੀ। ਉਥੇ ਹੋਰ ਵੀ ਬਹੁਤ ਵਿਗਿਆਨੀ ਅਤੇ ਪ੍ਰੋਫੈਸਰ ਬੈਠੇ ਸਨ ਪਰ ਜੇ ਕਿਸੇ ਦੇ ਧਿਆਨ ਵਿੱਚ ਉਹ ਗਲਤੀ ਆਈ ਵੀ ਹੋਵੇਗੀ ਤਾਂ ਉਹ ਇਹ ਸੋਚ ਕੇ ਚੁੱਪ ਕਰ ਗਿਆ ਕਿ ਆਈਨਸਟਾਈਨ ਤਾਂ ਗਲਤ ਨਹੀਂ ਹੋ ਸਕਦਾ, ਉਸ ਨੂੰ ਹੀ ਸਮਝਣ ਵਿੱਚ ਗਲਤੀ ਲੱਗੀ ਹੋਵੇਗੀ। ਪਰ ਲੇਵ ਦੀ ਟਰੇਨਿੰਗ ਹੋਰ ਤਰ੍ਹਾਂ ਦੀ ਹੋਈ ਸੀ, ਉਹ ਗਲਤ ਨੂੰ ਗਲਤ ਕਹਿਣ ਦਾ ਹੌਂਸਲਾ ਰੱਖਦਾ ਸੀ।

ਦੂਜੇ ਪਾਸੇ ਆਈਨਸਟਾਈਨ ਵੀ ਸੱਚਾ ਵਿਗਿਆਨੀ ਸੀ, ਉਸ ਦੇ ਮਨ ਵਿੱਚ ਇਹ ਬਿਲਕੁਲ ਨਹੀਂ ਆਇਆ ਕਿ ਇਹ ਛੋਟੀ ਜਿਹੀ ਉਮਰ ਵਾਲਾ, ਦੂਜੇ ਦੇਸ਼ ਵਿਚੋਂ ਆਇਆ ਮੁੰਡਾ ਮੈਨੂੰ ਗਲਤ ਕਹਿਣ ਵਾਲਾ ਕੌਣ ਹੁੰਦਾ ਹੈ? ਉਹ ਰੁਕਿਆ, ਸਾਰੀ ਥਿਊਰਮ ਉਤੇ ਮੁੜ ਕੇ ਨਿਗ੍ਹਾ ਮਾਰੀ, ਅਤੇ ਕਿਹਾ ਕਿ "ਹਾਂ, ਇਹ ਮੁੰਡਾ ਠੀਕ ਕਹਿੰਦਾ ਹੈ, ਮੈਂ ਹੀ ਗਲਤ ਸਾਂ।"

ਵਿਗਿਆਨਕ ਹਲਕਿਆਂ ਵਿੱਚ ਇਹ ਘਟਨਾ ਕਾਫੀ ਪ੍ਰਸਿੱਧ ਹੈ ਅਤੇ ਅਕਸਰ ਦੁਹਰਾਈ ਜਾਂਦੀ ਹੈ। ਭਲਾ ਕਿਉਂ?

ਕਿਉਂਕਿ ਸਾਧਾਰਣ ਜਾਪਦੀ ਇਹ ਗੱਲ ਬਹੁਤ ਮਹੱਤਵਪੂਰਨ ਸਿਖਿਆਵਾਂ ਦਿੰਦੀ ਹੈ।

ਪਹਿਲੀ ਗੱਲ, ਸੱਚਾਈ ਕਿਸੇ ਦੀ ਉਮਰ ਜਾਂ ਰੁਤਬੇ ਨਾਲ ਨਹੀਂ ਬੱਝੀ ਹੁੰਦੀ। ਕੋਈ ਛੋਟੀ ਉਮਰ ਦਾ, ਘੱਟ ਪੜ੍ਹਿਆ ਜਾਂ ਛੋਟੇ ਅਹੁਦੇ ਵਾਲਾ ਵਿਅਕਤੀ ਵੀ ਸਹੀ ਹੋ ਸਕਦਾ ਹੈ। ਤਰਕਸ਼ੀਲ ਸੋਸਾਇਟੀ ਦਾ ਵੀ ਨਾਹਰਾ ਹੈ ਕਿ 'ਛੋਟੀ ਵੱਡੀ ਉਮਰ ਦੀਆਂ ਗੱਲਾਂ ਛੱਡੋ, ਆਓ ਵੇਖੀਏ ਕਿਸ ਦੇ ਵਿਚਾਰ ਠੀਕ ਹਨ।'

ਦੂਜੀ ਗੱਲ, ਜੇ ਤੁਸੀਂ ਸਹੀ ਹੋ ਤਾਂ ਸੱਚ ਨੂੰ ਸਭ ਦੇ ਸਾਹਮਣੇ ਪੇਸ਼ ਕਰਨ ਦਾ ਹੌਂਸਲਾ ਰੱਖੋ। ਜ਼ਿੱਦੀ ਬਣੇ ਬਿਨਾਂ ਤਰਕ ਨਾਲ ਆਪਣੀ ਗੱਲ ਪੇਸ਼ ਕਰੋ।

ਤੀਸਰੀ ਗੱਲ, ਜੋ ਸਭ ਤੋਂ ਮਹੱਤਵਪੂਰਨ ਹੈ, ਉਹ ਹੈ ਆਪਣੀ ਗਲਤੀ ਨੂੰ ਖਿੜੇ ਮੱਥੇ ਮੰਨਣਾ ਜਿਵੇਂ ਕਿ ਆਈਨਸਟਾਈਨ ਨੇ ਕੀਤਾ। ਉਸ ਨੇ ਇਸਨੂੰ ਆਪਣੇ ਵਕਾਰ ਦਾ ਸਵਾਲ ਨਹੀਂ ਬਣਾਇਆ, ਆਪਣੀ ਈਗੋ ਨੂੰ ਇਸਦੇ ਰਾਹ ਵਿੱਚ ਨਹੀਂ ਆਉਣ ਦਿੱਤਾ। ਅਸਲ ਬੁੱਧੀਮਾਨਤਾ ਕਦੇ ਵੀ ਗਲਤ ਨਾ ਹੋਣ ਵਿੱਚ ਨਹੀਂ, ਬਲਕਿ ਵੱਖਰੀਆਂ ਰਾਵਾਂ ਨੂੰ ਸੁਣਦੇ ਹੋਏ, ਆਪਣੀਆਂ ਗਲਤੀਆਂ ਨੂੰ ਸਵੀਕਾਰਦੇ ਹੋਏ, ਆਪਣੀ ਸੋਚ ਅਤੇ ਗਿਆਨ ਨੂੰ ਲਗਾਤਾਰ ਵਿਕਸਿਤ ਕਰਦੇ ਰਹਿਣ ਵਿੱਚ ਹੈ। ਵਿਗਿਆਨਕ ਵਿਧੀ ਵੀ ਇਹੀ ਹੈ ਕਿ ਆਪਣੇ ਵਿਚਾਰਾਂ ਨੂੰ ਪਰਖ ਪੜਚੋਲ ਲਈ ਖੁੱਲ੍ਹਾ ਰੱਖੋ, ਜੋ ਉਸ ਵਿੱਚ ਸਹੀ ਸੁਝਾਅ ਆਉਂਦੇ ਹਨ ਉਨ੍ਹਾਂ ਦੀ ਰੋਸ਼ਨੀ ਵਿੱਚ ਆਪਣੇ ਵਿਚਾਰਾਂ ਨੂੰ ਲਗਾਤਾਰ ਸੁਧਾਰਦੇ ਜਾਓ। ਸਮੁੱਚਾ ਵਿਗਿਆਨ ਇਸੇ ਢੰਗ ਨਾਲ ਵਿਕਸਿਤ ਹੋਇਆ ਹੈ।

ਉਪਰਲੀ ਘਟਨਾ ਵਿੱਚ ਸ਼ਾਮਲ ਲੇਵ ਲੈਂਦਾਓ ਬਾਅਦ ਵਿੱਚ ਵੱਡਾ ਵਿਗਿਆਨੀ ਬਣਿਆ ਅਤੇ ਉਸ ਨੂੰ 1962 ਵਿੱਚ ਭੌਤਿਕ ਵਿਗਿਆਨ ਦਾ ਨੋਬਲ ਇਨਾਮ ਵੀ ਮਿਲਿਆ। ਉਹ ਨਾਸਤਿਕ ਅਤੇ ਸਮਾਜਵਾਦੀ ਵਿਚਾਰਾਂ ਦਾ ਧਾਰਨੀ ਸੀ। 1935 ਵਿੱਚ, ਰੂਸੀ ਅਖ਼ਬਾਰ 'ਇਜ਼ਵੈਸਤੀਆ' ਵਿੱਚ ਪ੍ਰਕਾਸ਼ਿਤ ਆਪਣੇ ਲੇਖ 'ਸਰਮਾਏਦਾਰੀ ਅਤੇ ਸਮਕਾਲੀ ਭੌਤਿਕ ਵਿਗਿਆਨ' ਵਿੱਚ ਉਸ ਨੇ ਧਾਰਮਿਕ ਅੰਧਵਿਸ਼ਵਾਸਾਂ ਅਤੇ ਪੂੰਜੀ ਦੇ ਦਾਬੇ ਦੀ ਭਰਵੀਂ ਆਲੋਚਨਾ ਕਰਦੇ ਹੋਏ ਇਨ੍ਹਾਂ ਨੂੰ ਵਿਗਿਆਨ ਦੇ ਵਿਕਾਸ ਲਈ ਵੱਡਾ ਅੜਿੱਕਾ ਦੱਸਿਆ।

(ਲੇਵ ਲੈਂਦਾਓ ਨੇ ਆਈਨਸਟਾਈਨ ਦੇ ਸਪੇਖਤਾ ਦੇ ਸਿਧਾਂਤ ਨੂੰ ਆਮ ਪਾਠਕ ਨੂੰ ਸੌਖੇ ਸ਼ਬਦਾਂ ਵਿੱਚ ਦੱਸਣ ਲਈ ਰੂਸੀ ਭਾਸ਼ਾ ਵਿੱਚ ਇੱਕ ਪੁਸਤਕ ਲਿਖੀ ਸੀ ਜਿਸਦਾ ਵਰੁਣ ਕੁਮਾਰ ਵੱਲੋਂ ਕੀਤਾ ਪੰਜਾਬੀ ਅਨੁਵਾਦ 'ਸਾਪੇਖਤਾ ਦਾ ਸਿਧਾਂਤ ਕੀ ਹੈ?' ਕੁਝ ਸਮਾਂ ਪਹਿਲਾਂ ਹੀ ਛਪ ਕੇ ਆਇਆ ਹੈ।)

ਫੁੱਲ ਬਾਡੀ ਟੈਸਟ - ਕਿੰਨੇ ਕੁ ਫਾਇਦੇਮੰਦ?

'ਸਾਡਾ ਡਾਕਟਰ' ਸਮਾਜਿਕ ਸਰੋਕਾਰਾਂ ਵਾਲੇ ਡਾਕਟਰਾਂ ਦਾ ਮੰਚ ਹੈ, ਜੋ ਆਮ ਲੋਕਾਂ ਨਾਲ ਸਰਲ ਭਾਸ਼ਾ ਵਿੱਚ ਬਿਮਾਰੀਆਂ ਦੇ ਕਾਰਨਾਂ ਅਤੇ ਇਲਾਜ ਬਾਰੇ ਜਾਣਕਾਰੀ ਸਾਂਝੀ ਕਰਨ ਅਤੇ ਇਨ੍ਹਾਂ ਨਾਲ ਜੁੜੀਆਂ ਮਿੱਥਾਂ ਅਤੇ ਵਹਿਮਾਂ ਬਾਰੇ ਸੁਚੇਤ ਕਰਨ ਦਾ ਬਹੁਤ ਮਹੱਤਵਪੂਰਨ ਕਾਰਜ ਕਰ ਰਹੇ ਹਨ। ਉਨ੍ਹਾਂ ਵੱਲੋਂ ਸਹੀ ਜਾਣਕਾਰੀ ਅਤੇ ਲੋੜ ਤੋਂ ਬਗੈਰ ਕਰਵਾਏ ਜਾਂਦੇ ਟੈਸਟਾਂ ਬਾਰੇ ਇਹ ਲੇਖ ਤਰਕਸ਼ੀਲ ਦੇ ਪਾਠਕਾਂ ਲਈ ਭੇਜਿਆ ਗਿਆ ਹੈ ਜਿਸ ਨੂੰ ਤੁਹਾਡੇ ਨਾਲ ਸਾਂਝਾ ਕੀਤਾ ਜਾ ਰਿਹਾ ਹੈ।

ਅਕਸਰ ਹੁੰਦਾ ਹੈ ਕਿ ਕੋਈ ਨਾ ਕੋਈ ਵਿਅਕਤੀ ਆਪਣੀ 15-17 ਸਫਿਆਂ ਦੀ ਟੈਸਟ ਰਿਪੋਰਟ ਵੱਟਸਐਪ ਰਾਹੀਂ ਭੇਜ ਕੇ ਕਹੇਗਾ ਕਿ ਡਾਕਟਰ ਸਾਹਿਬ ਦਵਾਈ ਲਿਖ ਦਿਓ। ਇੱਕਾ-ਦੁੱਕਾ ਮਾਮਲਿਆਂ ਨੂੰ ਛੱਡ ਕੇ ਸਿਰਫ਼ ਟੈਸਟ ਰਿਪੋਰਟਾਂ ਦੇਖ ਕੇ ਦਵਾਈ ਲਿਖਣਾ ਸੰਭਵ ਨਹੀਂ ਹੁੰਦਾ, ਇਹ ਮਸਲਾ ਤਾਂ ਹੈ ਹੀ।ਪਰ ਕੀ ਫੁੱਲ ਬਾਡੀ ਟੈਸਟ ਪੈਕੇਜ ਕਰਵਾਉਣੇ ਚਾਹੀਦੇ ਹਨ, ਅਸੀਂ ਇਸ ਲੇਖ ਰਾਹੀਂ ਇਸ ਮੁੱਦੇ ਬਾਰੇ ਗੱਲ ਕਰਨੀ ਚਾਹੁੰਦੇ ਹਾਂ।

ਜਿਵੇਂ ਜਿਵੇਂ ਮੈਡੀਕਲ ਵਿਗਿਆਨ ਨੇ ਵਿਕਾਸ ਕੀਤਾ ਤਾਂ ਇਹ ਪਤਾ ਲੱਗਾ ਕਿ ਕਈ ਬਿਮਾਰੀਆਂ ਦੇ ਲੱਛਣ ਸਾਹਮਣੇ ਆਉਣ ਤੋਂ ਪਹਿਲਾਂ ਉਨ੍ਹਾਂ ਬਿਮਾਰੀਆਂ ਕਰਕੇ ਕੁਝ ਅਜਿਹੇ ਕੈਮੀਕਲ/ਸਰੀਰਕ ਬਦਲਾਅ ਆਉਂਦੇ ਹਨ ਜਿਨ੍ਹਾਂ ਨੂੰ ਖਾਸ ਟੈਸਟਾਂ ਰਾਹੀਂ ਜਾਂ ਸਰੀਰਕ ਚੈੱਕ-ਅੱਪ ਨਾਲ਼ ਪਹਿਲਾਂ ਹੀ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਬਿਮਾਰੀ ਨੂੰ ਬਹੁਤ ਸ਼ੁਰੂ ਵਿੱਚ ਹੀ ਫੜਿਆ ਜਾ ਸਕਦਾ ਹੈ ਅਤੇ ਇਲਾਜ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸਿਹਤਮੰਦ ਲੋਕਾਂ ਵਿੱਚ ਬਿਮਾਰੀਆਂ ਦੀ ਸਕਰੀਨਿੰਗ ਦਾ ਸੰਕਲਪ ਸ਼ੁਰੂ ਹੋਇਆ। ਪਰ ਇਸ ਤਰ੍ਹਾਂ ਦੀ ਸਕਰੀਨਿੰਗ ਦੇ ਵੀ ਆਪਣੇ ਨਿਯਮ-ਵਿਧਾਨ ਹਨ ਅਤੇ ਬਹੁਤ ਸਾਰੀਆਂ ਸਿਹਤ ਸੰਸਥਾਵਾਂ ਇਸ ਲਈ ਸਿਫਾਰਸ਼ਾਂ ਤੈਅ ਕਰਦੀਆਂ ਹਨ।

ਸਕਰੀਨਿੰਗ ਕਦੋਂ ਕੀਤੀ ਜਾਂਦੀ ਹੈ?

1. ਸ਼ੂਗਰ, ਵਧਿਆ ਬਲੱਡ ਪਰੈਸ਼ਰ ਜਿਹੀਆਂ ਬਿਮਾਰੀਆਂ ਅਕਸਰ ਕਈ ਕਈ ਸਾਲ ਬਿਨਾਂ ਕਿਸੇ ਲੱਛਣ ਦੇ ਪਈਆਂ ਰਹਿੰਦੀਆਂ ਹਨ। ਅਜਿਹੀਆਂ ਬਿਮਾਰੀਆਂ ਬਾਰੇ ਜਿੰਨਾ ਜਲਦੀ ਪਤਾ ਲੱਗ ਜਾਵੇ, ਓਨਾ ਹੀ ਅਸੀਂ ਉਹਨਾਂ ਦੁਆਰਾ ਹੋਣ ਵਾਲ਼ੇ ਨੁਕਸਾਨ ਨੂੰ ਘੱਟ ਕਰ ਸਕਦੇ ਹਾਂ, ਅੱਗੇ ਵਧਣਾ ਰੋਕ ਸਕਦੇ ਹਾਂ ਜਾਂ ਕਈ ਵਾਰੀ ਪਿੱਛੇ ਵੀ ਮੋੜ ਸਕਦੇ ਹਾਂ।

2. ਕਈ ਬਿਮਾਰੀਆਂ ਜਿਵੇਂ ਕੈਂਸਰ ਜੇਕਰ ਦੇਰੀ ਨਾਲ਼ ਪਤਾ ਚੱਲਣ ਤਾਂ ਇਲਾਜ ਕਰਨਾ ਔਖਾ ਹੋ ਸਕਦਾ ਹੈ ਜਾਂ ਕਈ ਵਾਰ ਪੂਰੀ ਤਰ੍ਹਾਂ ਇਲਾਜਯੋਗ ਨਹੀਂ ਰਹਿੰਦੀਆਂ। ਪਰ ਕੈਂਸਰ ਦੀਆਂ ਕੁਝ ਕਿਸਮਾਂ ਨੂੰ ਬਹੁਤ ਮੁੱਢ ਵਿੱਚ ਫੜਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ਼ ਉਹਨਾਂ ਦਾ ਇਲਾਜ ਸੌਖਾ ਹੋ ਜਾਂਦਾ ਹੈ।

3. ਕੁਝ ਬਿਮਾਰੀਆਂ ਜਿਵੇਂ ਦਿਲ/ਦਿਮਾਗ ਦੀ ਨਾੜੀ ਬੰਦ ਹੋਣੀ (ਜਿਸ ਕਰਕੇ ਦਿਲ ਦਾ ਦੌਰਾ ਜਾਂ ਅਧਰੰਗ ਹੁੰਦਾ ਹੈ) ਦਾ ਰਿਸਕ ਵਧਾਉਣ ਵਾਲ਼ੇ ਕਾਰਕਾਂ ਨੂੰ ਫੜ੍ਹਨਾ ਅਤੇ ਉਹਨਾਂ ਨੂੰ ਘੱਟ ਕਰ ਕੇ ਦਿਲ ਦੇ ਦੌਰੇ ਜਾਂ ਅਧਰੰਗ ਦੇ ਦੌਰੇ ਦੀ ਸੰਭਾਵਨਾ ਨੂੰ ਘੱਟ ਕਰਨਾ ਸੰਭਵ ਹੈ। ਇਸ ਲਈ ਵੀ ਸਕਰੀਨਿੰਗ ਕੀਤੀ ਜਾ ਸਕਦੀ ਹੈ। ਲਿਪਿਡ ਪ੍ਰੋਫਾਈਲ ਦਾ ਟੈਸਟ ਅਕਸਰ ਇਸੇ ਲਈ ਕੀਤਾ ਜਾਂਦਾ ਹੈ।

4. ਕਈ ਵਾਰੀ ਕਿਸੇ ਖਾਸ ਬਿਮਾਰੀ ਦੇ ਬਿਨਾਂ ਲੱਛਣ ਵਾਲ਼ੇ ਮਰੀਜ਼ ਲੱਭਣ ਲਈ ਸਕਰੀਨਿੰਗ ਮੁਹਿੰਮ ਵੀ ਚਲਾਈ ਜਾਂਦੀ ਹੈ, ਜਾਂ ਕਿਸੇ ਵਿਸ਼ੇਸ਼ ਬਿਮਾਰੀ ਜਿਵੇਂ ਟੀ.ਬੀ. ਦਾ ਮਰੀਜ਼ ਮਿਲਣ ਉੱਤੇ ਉਸਦੇ ਪਰਿਵਾਰਕ ਜਾਂ ਸੰਪਰਕ ਵਿੱਚ ਆਏ ਵਿਅਕਤੀਆਂ ਵਿੱਚੋਂ ਟੀ.ਬੀ. ਦੇ ਮਰੀਜ਼ ਲੱਭਣ ਲਈ ਸਕਰੀਨਿੰਗ ਕੀਤੀ ਜਾਂਦੀ ਹੈ। ਅਜਿਹੀ ਸਕਰੀਨਿੰਗ ਲਈ ਬਾਕਾਇਦਾ ਪ੍ਰੋਟੋਕੋਲ ਹੁੰਦੀ ਹੈ ਅਤੇ ਅਜਿਹੀ ਸਕਰੀਨਿੰਗ ਡਾਕਟਰ ਜਾਂ ਸਿਹਤ ਮਹਿਕਮੇ ਦੀ ਨਿਗਰਾਨੀ ਹੇਠ ਹੀ ਹੁੰਦੀ ਹੈ, ਬਿਨਾਂ ਪ੍ਰੋਟੋਕੋਲ ਦੇ ਅਜਿਹੀ ਸਕਰੀਨਿੰਗ ਬੇਅਰਥ ਹੁੰਦੀ ਹੈ।

ਇਸ ਤਰ੍ਹਾਂ ਫੁੱਲ ਬਾਡੀ ਟੈਸਟ ਜਾਂ ਬਿਨਾਂ ਕਿਸੇ ਟਾਰਗੈੱਟ ਬਿਮਾਰੀ ਦੇ ਸਕਰੀਨਿੰਗ ਦਾ ਮੈਡੀਕਲ ਵਿਗਿਆਨ ਵਿੱਚ ਕੋਈ ਸੰਕਲਪ ਨਹੀਂ ਹੈ, ਇਹ ਕਾਢ ਸਿਰਫ਼ ਤੇ ਸਿਰਫ਼ ਮੁਨਾਫ਼ਾ ਕੁੱਟਣ ਲਈ ਕੀਤੀ ਗਈ ਹੈ। ਲੋਕਾਂ ਦੇ ਇੱਕ ਹਿੱਸੇ ਕੋਲ਼ ਜਦੋਂ ਵਾਫਰ ਪੈਸੇ ਆ ਜਾਂਦੇ ਹਨ ਅਤੇ ਕੁਝ ਕੱਚਘਰੜ ਜਾਣਕਾਰੀ ਉਹਨਾਂ ਨੂੰ ਮਿਲਣ ਲੱਗਦੀ ਹੈ ਤਾਂ ਬਿਮਾਰੀ ਅਤੇ ਮੌਤ ਦਾ ਡਰ ਦਿਖਾ ਕੇ ਲੋਕਾਂ ਦੇ ਅਜਿਹੇ ਡਰ ਨੂੰ 'ਮੈਡੀਕਲ ਮਾਰਕੀਟ' ਟਾਰਗੇਟ ਕਰਦੀ ਹੈ।

ਅਸਲ ਵਿੱਚ ਹਾਲ ਇਹ ਹੈ ਕਿ ਸਹੀ ਢੰਗ ਨਾਲ਼ ਬਿਮਾਰੀਆਂ ਦੀ ਸਕਰੀਨਿੰਗ ਭਾਰਤ ਵਰਗੇ ਦੇਸ਼ਾਂ ਵਿੱਚ ਤਾਂ ਅਜੇ ਹੋਣ ਹੀ ਨਹੀਂ ਲੱਗੀ। ਸਕਰੀਨਿੰਗ ਦੇ ਪ੍ਰੋਗਰਾਮ ਲਾਗੂ ਕਰਨ ਲਈ ਜਨਤਕ ਸਿਹਤ ਢਾਂਚਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ, ਖਾਸ ਕਰਕੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ। ਨਿੱਜੀ ਮੁਨਾਫ਼ਾ ਅਧਾਰਤ ਇਲਾਜ ਪ੍ਰਣਾਲੀ ਵਿੱਚ ਕੁਝ ਕੁ ਬਿਮਾਰੀਆਂ ਦਾ ਡਰ, ਜਾਂ ਫਿਰ ਅਸਲ ਬਿਮਾਰੀ ਜ਼ਿਆਦਾ 'ਫਾਇਦੇਮੰਦ' ਹੈ।

ਸਕਰੀਨਿੰਗ/ਟੈਸਟ ਕਰਾਉਣ ਤੋਂ ਪਹਿਲਾਂ ਇਹ ਦੇਖੋ:

1. ਤੁਹਾਡੀ ਉਮਰ ਕੀ ਹੈ, ਜਿਵੇਂ 30 ਤੋਂ ਘੱਟ, 30-40 ਸਾਲ, 40-50 ਸਾਲ ਜਾਂ 50-55 ਸਾਲ ਤੋਂ ਵੱਧ।

2. ਤੁਹਾਡੇ ਪਰਿਵਾਰ, ਭਾਵ ਕਿ ਜਿਨ੍ਹਾਂ ਨਾਲ਼ ਖ਼ੂਨ ਦਾ ਰਿਸ਼ਤਾ ਹੈ, ਉਨ੍ਹਾਂ ਵਿੱਚ ਕਿਸੇ ਨੂੰ ਸ਼ੂਗਰ, ਬਲੱਡ ਪਰੈਸ਼ਰ ਵਧਣਾ, ਦਿਲ ਦੇ ਦੌਰੇ ਦੀ ਸ਼ਿਕਾਇਤ ਜਾਂ ਕੈਂਸਰ ਦੀ ਕੋਈ ਕਿਸਮ ਤਾਂ ਨਹੀਂ ਸੀ/ਹੈ।

3. ਤੁਹਾਡੇ ਜੀਵਨ ਦਾ ਢੰਗ ਤਰੀਕਾ ਕੀ ਹੈ, ਭਾਵ ਤੁਸੀਂ ਸਾਰਾ ਦਿਨ ਬੈਠੇ ਰਹਿਣ ਵਾਲ਼ੇ ਤਾਂ ਨਹੀਂ ਹੋ, ਮੋਟਾਪਾ ਹੈ, ਸਿਗਰਟ ਸ਼ਰਾਬ ਚਲਦੀ ਹੈ।

ਇਹ ਤਿੰਨ ਗੱਲਾਂ ਬਹੁਤ ਅਹਿਮ ਹਨ ਕੋਈ ਵੀ ਟੈਸਟ ਕਰਵਾਉਣ ਤੋਂ ਪਹਿਲਾਂ।

ਹੁਣ ਅਸੀਂ ਦੇਖਦੇ ਹਾਂ ਕੀ ਕੀ ਚੈੱਕ ਕਰਵਾਈਏ :

1. ਵਜ਼ਨ, ਲੱਕ ਦੀ ਮਿਣਤੀ ਅਤੇ BMI (ਬਾਡੀ ਮਾਸ ਇੰਡੈਕਸ, ਇਹ ਕੱਦ ਦੇ ਹਿਸਾਬ ਨਾਲ਼ ਭਾਰ ਦੀ ਮਿਣਤੀ ਹੈ, ਭਾਰਤ ਦੇ ਲੋਕਾਂ ਲਈ ਇਹ ਅੰਕੜਾ 18.5 - 23.0 ਦੇ ਵਿਚਾਲੇ ਰਹਿਣਾ ਚਾਹੀਦਾ ਹੈ)।

ਇਹ ਤਿੰਨੇ ਸਭ ਤੋਂ ਜ਼ਰੂਰੀ ਚੀਜ਼ਾਂ ਹਨ, ਕਿਸੇ ਵੀ ਟੈਸਟ ਤੋਂ ਵੱਧ ਜ਼ਰੂਰੀ, ਪਰ ਅਫ਼ਸੋਸ ਇਸ ਗੱਲ ਦਾ ਹੁੰਦਾ ਹੈ ਕਿ ਲੋਕ ਟਿਊਮਰ ਮਾਰਕਰ ਕਰਵਾਉਣਗੇ, ਪਰ ਵਜ਼ਨ ਕਦੇ ਨਹੀਂ ਦੇਖਣਗੇ। ਕਿਹਾ ਜਾਵੇ ਕਿ ਲੋਕ ਮੰਗਲ ਗ੍ਰਹਿ ਉੱਤੇ ਕੀ ਹੋ ਰਿਹਾ ਹੈ ਇਹ ਦੇਖਦੇ ਫਿਰਦੇ ਹਨ ਪਰ ਆਪਣੇ ਢਿੱਡ ਦਾ ਵਿਆਸ ਕਿੰਨਾ ਬਣ ਰਿਹ, ਇਹ ਨਹੀਂ ਦੇਖਣਗੇ।

2. ਦੂਜੀ ਜ਼ਰੂਰੀ ਗੱਲ ਹੈ ਬਲੱਡ ਪਰੈਸ਼ਰ ਚੈੱਕ ਕਰਵਾਉਣਾ। 30 ਸਾਲ ਤੋਂ ਉੱਪਰ ਦੇ ਹਰੇਕ ਵਿਅਕਤੀ ਨੂੰ ਸਾਲ ਵਿੱਚ 1-2 ਵਾਰ ਬਲੱਡ ਪਰੈਸ਼ਰ ਚੈੱਕ ਕਰਵਾ ਲੈਣਾ ਚਾਹੀਦਾ ਹੈ। ਜਿਹਨਾਂ ਦਾ ਬਲੱਡ ਪਰੈਸ਼ਰ ਵਧਦਾ ਹੈ, ਉਨ੍ਹਾਂ ਨੂੰ ਇਲਾਜ ਅਤੇ BP ਚੈੱਕ ਕਰਦੇ ਰਹਿਣਾ ਚਾਹੀਦਾ ਹੈ।

3. ਸ਼ੂਗਰ ਲਈ ਚੈੱਕਅਪ ਤੀਜੀ ਅਹਿਮ ਸਕਰੀਨਿੰਗ ਹੈ। 30-40 ਸਾਲ ਦੀ ਉਮਰ ਵਾਲ਼ੇ ਵਿਅਕਤੀ, ਜਿਨ੍ਹਾਂ ਵਿੱਚ ਸ਼ੂਗਰ ਦੀ ਬਿਮਾਰੀ ਦਾ ਰਿਸਕ ਹੈ ਜਿਵੇਂ ਪਰਿਵਾਰ ਵਿੱਚ ਸ਼ੂਗਰ ਦੀ ਬਿਮਾਰੀ ਹੈ, ਮੋਟਾਪਾ ਹੈ, ਸ਼ਰਾਬ ਸਿਗਰਟ ਚਲਦੀ ਹੈ, ਬਲੱਡ ਪਰੈਸ਼ਰ ਅਤੇ ਦਿਲ ਦੀ ਬਿਮਾਰੀ ਹੈ। 40 ਸਾਲ ਤੋਂ ਉੱਪਰ ਦੇ ਹਰੇਕ ਵਿਅਕਤੀ ਨੂੰ ਹੀ ਸਾਲ ਵਿੱਚ ਇੱਕ ਵਾਰ ਸ਼ੂਗਰ ਟੈਸਟ ਕਰਵਾਉਣੀ ਚਾਹੀਦੀ ਹੈ। ਰੁਟੀਨ ਸ਼ੂਗਰ ਟੈਸਟ ਲਈ ਖਾਲੀ ਪੇਟ (ਨਿਰਣੇ ਕਾਲਜੇ) ਸ਼ੂਗਰ ਦਾ ਟੈਸਟ ਅਤੇ HBA1c (ਤਿੰਨ ਮਹੀਨੇ ਵਾਲ਼ਾ ਟੈਸਟ) ਕਾਫ਼ੀ ਹੁੰਦਾ ਹੈ।

4. ਚੌਥਾ ਸਕਰੀਨਿੰਗ ਟੈਸਟ ਲਿਪਿਡ ਪ੍ਰੋਫਾਈਲ (Lipid Profile) ਹੈ। 40 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਇਹ ਟੈਸਟ ਤਦ ਹੀ ਲਾਹੇਵੰਦ ਹੁੰਦਾ ਹੈ ਜੇ ਮੋਟਾਪਾ ਹੋਵੇ, ਸਿਗਰਟ ਜਾਂ ਸ਼ਰਾਬ ਦੀ ਲਤ ਹੋਵੇ, ਸ਼ੂਗਰ ਜਾਂ ਬਲੱਡ ਪ੍ਰੈਸ਼ਰ ਵਧਦਾ ਹੋਵੇ, ਪਰਿਵਾਰ ਵਿੱਚ ਕਿਸੇ ਨੂੰ ਘੱਟ ਉਮਰ ਵਿੱਚ ਦਿਲ ਦੀ ਬਿਮਾਰੀ ਜਾਂ ਕੋਲੈਸਟ੍ਰੋਲ ਨਾਲ਼ ਸਬੰਧਿਤ ਕੋਈ ਖ਼ਾਨਦਾਨੀ ਬਿਮਾਰੀ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ 40 ਸਾਲ ਦੀ ਉਮਰ ਤੱਕ lipid profile ਦਾ ਟੈਸਟ ਕਰਾਉਣ ਦੀ ਕੋਈ ਖਾਸ ਸਿਫ਼ਾਰਿਸ਼ ਨਹੀਂ ਹੈ। 40 ਸਾਲ ਤੋਂ ਵੱਧ ਉਮਰ ਵਿੱਚ ਜੇ ਤੁਸੀਂ ਸਿਹਤਮੰਦ ਹੋ ਤਾਂ ਹਰੇਕ 3-5 ਸਾਲ ਦੇ ਅਰਸੇ ਵਿੱਚ ਇੱਕ ਵਾਰ lipid profile ਦਾ ਟੈਸਟ ਕਰਵਾਇਆ ਜਾ ਸਕਦਾ ਹੈ। ਹਾਂ ਜੇਕਰ ਕੋਈ ਉੱਪਰ ਦੱਸੇ ਰਿਸਕ ਫੈਕਟਰਾਂ ਜਾਂ ਬਿਮਾਰੀਆਂ ਵਿੱਚੋਂ ਕੋਈ ਹੈ ਤਾਂ ਉਸ ਹਿਸਾਬ ਨਾਲ ਇਹ ਟੈਸਟ ਕਰਵਾਉਣਾ ਚਾਹੀਦਾ ਹੈ।

5. ਇੱਕ ਹੋਰ ਅਹਿਮ ਸਕਰੀਨਿੰਗ ਹੈ ਉਹ ਹੈ ਹੱਡੀਆਂ ਦੀ ਘਣਤਾ (bone density) ਦੇਖਣਾ। ਵੱਡੀ ਉਮਰ ਵਿੱਚ ਚੂਲਾ ਟੁੱਟਣ ਜਾਂ ਰੀੜ੍ਹ ਦੀ ਹੱਡੀ ਦੇ ਮਣਕਿਆਂ ਦੇ ਫ੍ਰੈਕਚਰ ਅਕਸਰ ਹੁੰਦੇ ਹਨ, ਜਿਸਦਾ ਕਾਰਨ ਹੱਡੀਆਂ ਦਾ ਕਮਜ਼ੋਰ ਹੋਣਾ ਹੁੰਦਾ ਹੈ। ਇਸਨੂੰ ਜੇ ਸਮਾਂ ਰਹਿੰਦਿਆਂ ਦੇਖ ਲਿਆ ਜਾਵੇ ਤਾਂ ਅਜਿਹੇ ਫ੍ਰੈਕਚਰ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ। ਇਹ ਸਕਰੀਨਿੰਗ ਔਰਤਾਂ ਵਿੱਚ 50 ਸਾਲ ਦੀ ਉਮਰ ਤੋਂ ਬਾਅਦ, ਮਰਦਾਂ ਵਿੱਚ 65-70 ਸਾਲ ਦੀ ਉਮਰ ਤੋਂ ਬਾਅਦ ਕੀਤੀ ਜਾਂਦੀ ਹੈ। ਇਹਨਾਂ 2 ਉਮਰ ਵਰਗਾਂ ਤੋਂ ਇਲਾਵਾ ਹੋਰ ਵੀ ਕਈ ਕਾਰਨ ਹਨ ਜਿਨ੍ਹਾਂ ਕਰਕੇ bone density ਦੇਖਣੀ ਚਾਹੀਦੀ ਹੈ। Bone density ਦੇਖਣ ਦੀ ਪੂਰੀ ਪ੍ਰੋਟੋਕੋਲ ਹੈ ਜਿਸ ਬਾਰੇ ਅਸੀਂ ਅਲੱਗ ਤੋਂ ਲਿਖਾਂਗੇ।

6. 50 ਸਾਲ ਤੋਂ ਉੱਪਰ ਉਮਰ ਵਾਲ਼ੇ ਸਿਹਤਮੰਦ ਵਿਅਕਤੀ ਕੁਝ ਹੋਰ ਟੈਸਟ ਜਿਵੇਂ ECG, urine routine ਵੀ ਕਰਵਾ ਸਕਦੇ ਹਨ ਪਰ ਇਨ੍ਹਾਂ ਟੈਸਟਾਂ ਦੇ ਨਤੀਜੇ ਡਾਕਟਰ ਦੀ ਸਲਾਹ ਨਾਲ਼ ਹੀ ਕੱਢਣੇ ਚਾਹੀਦੇ ਹਨ। ਦੂਜੀ ਗੱਲ, ਕਰਵਾ ਸਕਣ ਦਾ ਅਰਥ ਇਹ ਨਹੀਂ ਹਰੇਕ 1-2 ਮਹੀਨੇ ਬਾਅਦ ਟੈਸਟ ਕਰਵਾਈ ਜਾਓ, ਜੇਕਰ ਟੈਸਟ ਠੀਕ ਆਉਂਦੇ ਹਨ ਤਾਂ ਦੋਬਾਰਾ ਟੈਸਟ ਕਰਵਾਉਣ ਲਈ 1-2 ਸਾਲ ਦਾ ਇੰਤਜ਼ਾਰ ਕਰੋ, ਜਾਂ ਡਾਕਟਰ ਦੀ ਸਲਾਹ ਲਵੋ।

7. ਬਾਕੀ ਟੈਸਟ ਜਿਵੇਂ CBC, ਲਿਵਰ ਦੇ ਟੈਸਟ, ਕਿਡਨੀ ਟੈਸਟ, ਵਿਟਾਮਿਨ ਡੀ ਜਾਂ b-12 ਦੇ ਟੈਸਟ, ਥਾਇਰਾਇਡ ਦੇ ਟੈਸਟ, ਟਿਊਮਰ ਮਾਰਕਰ, ਅਲਟਰਾਸਾਊਂਡ ਆਦਿ ਟੈਸਟਾਂ ਦੀ ਰੁਟੀਨ ਵਿੱਚ ਕੋਈ ਸਿਫ਼ਾਰਿਸ਼ ਨਹੀਂ ਹੈ। ਸਿਰਫ਼ ਕੋਈ ਖਾਸ ਲੱਛਣ ਸਾਹਮਣੇ ਆਉਣ ਉੱਤੇ ਹੀ ਡਾਕਟਰ ਨੂੰ ਦਿਖਾ ਕੇ ਇਹ ਟੈਸਟ

ਕਰਵਾਉਣੇ ਚਾਹੀਦੇ ਹਨ।

"ਫੁੱਲ ਬਾਡੀ ਟੈਸਟ" ਕਿਉਂ ਨਹੀਂ ਕਰਵਾਉਣੇ ਚਾਹੀਦੇ, ਇਹਨਾਂ ਦਾ ਕੀ ਨੁਕਸਾਨ ਹੋ ਸਕਦਾ ਹੈ।

ਬਹੁਤੇ ਲੋਕ ਇਹੀ ਸੋਚਦੇ ਹਨ ਕਿ "ਚੱਲ ਕੀ ਹੁੰਦਾ ਕੁਝ ਹਜ਼ਾਰ ਰੁਪੈ ਹੀ ਹਨ, ਸਭ ਕੁਝ ਪਤਾ ਲੱਗ ਜਾਏਗਾ।" ਪਰ ਮਸਲਾ ਸਿਰਫ਼ ਪੈਸੇ ਦਾ ਨਹੀਂ ਹੈ, ਫੁੱਲ ਬਾਡੀ ਪੈਕੇਜਾਂ ਦੇ ਹੋਰ ਵੀ ਕਈ ਪੰਗੇ ਹਨ ਜਿਨ੍ਹਾਂ ਕਰਕੇ ਵਿਅਕਤੀ ਦਾ ਨੁਕਸਾਨ ਵੀ ਹੋ ਸਕਦਾ ਹੈ। ਅਸੀਂ ਇੱਕ ਇੱਕ ਕਰਕੇ ਦੇਖਦੇ ਹਾਂ:

1. ਜਿਹੜਾ ਵੀ ਟੈਸਟ ਅਸੀਂ ਕਰਵਾਉਂਦੇ ਹਾਂ, ਉਹਦੇ ਗਲਤ ਤੌਰ 'ਤੇ ਪਾਜ਼ੇਟਿਵ ਆਉਣ ਦੀ ਸੰਭਾਵਨਾ ਵੀ ਹੁੰਦੀ ਹੈ। ਇਹ ਸੰਭਾਵਨਾ 2-3% ਤੱਕ ਹੁੰਦੀ ਹੈ। ਅਜਿਹਾ ਹੋਣ ਦੀ ਸੰਭਾਵਨਾ ਪਿੱਛੇ ਹਰੇਕ ਟੈਸਟ ਦੀ ਨਾਰਮਲ ਰੇਂਜ ਮਿੱਥਣ ਦੀ ਤਰੀਕਾ ਹੈ, ਅਤੇ ਕਈ ਵਾਰ ਲੈਬ ਦੀ ਮਸ਼ੀਨੀ ਗਲਤੀ ਵੀ ਹੋ ਸਕਦੀ ਹੈ। ਹੁਣ ਜੇ ਤੁਸੀਂ 2-3 ਟੈਸਟ ਕਰਵਾਉਂਦੇ ਹੋ ਤਾਂ ਗਲਤ ਪਾਜ਼ੇਟਿਵ ਆਉਣ ਦੀ ਸੰਭਾਵਨਾ ਘੱਟ ਹੈ, ਪਰ ਜੇਕਰ ਇਕੱਠੇ 25-30 ਜਾਂ ਵੱਧ ਟੈਸਟ ਕਰਵਾਉਗੇ ਤਾਂ ਪੱਕਾ ਹੈ ਕਿ 2-3 ਟੈਸਟ ਨਾਰਮਲ ਤੋਂ ਇਧਰ ਉਧਰ ਹੋਣਗੇ ਜੋ ਕਿ ਜ਼ਰੂਰੀ ਨਹੀਂ ਕਿ ਕਿਸੇ ਬਿਮਾਰੀ ਕਰਕੇ ਹਨ।

ਜਿੰਨੇ ਜ਼ਿਆਦਾ ਟੈਸਟ, ਉਨੇ ਜ਼ਿਆਦਾ ਗ਼ਲਤ ਪਾਜ਼ੇਟਿਵ

ਨਤੀਜਾ: ਡਰ, ਟੈਨਸ਼ਨ, ਦੁਬਾਰਾ ਦੁਬਾਰਾ ਟੈਸਟ, ਕਈ ਵਾਰ CT/MRI ਜਾਂ Biopsy ਜਦੋਂ ਕਿ ਬਿਮਾਰੀ ਅਸਲ ਵਿੱਚ ਹੁੰਦੀ ਹੀ ਨਹੀਂ।

2. ਐਸੀ 'ਬਿਮਾਰੀ' ਜੋ ਨੁਕਸਾਨ ਨਹੀਂ ਕਰਦੀ, ਪਰ ਤੁਸੀਂ ਐਵੇਂ ਟੈਸਟ ਜਾਂ ਅਲਟਰਾਸਾਉਂਡ ਕਰਵਾ ਲਿਆ ਬੱਸ ਫਿਰ ਸ਼ੁਰੂ ਹੋ ਜਾਂਦਾ ਹੈ ਕਈ ਕਈ ਸਾਲਾਂ ਦੀ ਟੈਨਸ਼ਨ, ਘਬਰਾਹਟ, ਬਿਨਾਂ ਲੋੜੋਂ ਇਲਾਜ, ਇਲਾਜ ਦੇ ਸਾਈਡ-ਇਫੈਕਟਸ।

ਮਿਸਾਲ ਵਜੋਂ, ਪੇਟ ਦਾ ਅਲਟਰਾਸਾਉਂਡ ਕਰਵਾ ਲਿਆ ਅਤੇ ਉਸ ਵਿੱਚ ਆ ਗਿਆ ਗੁਰਦੇ ਜਾਂ ਲਿਵਰ ਵਿੱਚ ਸਿਸਟ (cyst) ਜਾਂ ਇਸ ਤਰ੍ਹਾਂ ਕੁਝ ਹੋਰ ਜਿਹੜਾ ਬਿਮਾਰੀ ਨਹੀਂ ਹੁੰਦਾ ਜਾਂ ਜਿਸਦਾ ਕੁਝ ਕਰਨਾ ਨਹੀਂ ਹੁੰਦਾ। ਬੱਚੇਦਾਨੀ ਵਿੱਚ Fibroid ਵੀ ਇੱਕ ਅਜਿਹੀ ਮਿਸਾਲ ਹੈ, ਬਹੁਤ ਸਾਰੀਆਂ ਔਰਤਾਂ ਦੇ ਬਿਨਾਂ ਲੋੜੋਂ ਅਪਰੇਸ਼ਨ ਤੱਕ ਕਰ ਦਿੱਤੇ ਜਾਂਦੇ ਹਨ।

3. ਛੋਟੀ ਮੋਟੀ ਗੜਬੜ ਆਉਣ ਉੱਤੇ ਜਾਂ ਗਲਤ ਪਾਜ਼ੇਟਿਵ ਰਿਪੋਰਟ ਆਉਣ ਉੱਤੇ ਜਾਂ ਤਾਂ ਮਰੀਜ਼ ਜ਼ੋਰ ਦੇਣ ਲੱਗਦਾ ਹੈ ਕਿ ਡਾਕਟਰ ਸਾਬ੍ਹ ਕੁਝ ਕਰੋ, ਜਾਂ ਡਾਕਟਰ ਸਾਬ੍ਹ ਖੁਦ ਹੀ 'ਕੁਝ' ਕਰਨ ਲਗਦੇ ਹਨ - ਭਾਵ ਬਿਨਾਂ ਲੋੜੋਂ ਇਲਾਜ।

4. ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ 50-100 ਟੈਸਟਾਂ ਦੀ ਭੀੜ ਵਿੱਚ ਕੋਈ ਨਾ ਕੋਈ ਅਹਿਮ ਗੱਲ ਅਣਡਿੱਠ ਹੋ ਜਾਂਦੀ ਹੈ। ਉਹੀ ਟੈਸਟ ਜੇਕਰ ਡਾਕਟਰ ਨੇ ਕੁਝ ਖਾਸ ਬਿਮਾਰੀ ਨੂੰ ਧਿਆਨ ਵਿੱਚ ਰੱਖ ਕੇ ਕਰਵਾਇਆ ਹੁੰਦਾ ਤਾਂ ਉਹ ਜ਼ਰੂਰ ਨਜ਼ਰੀਂ ਪੈਂਦਾ।

5. ਟੈਸਟ ਨਾਰਮਲ ਹਨ, ਦਾ ਮਤਲਬ ਲੋਕ 'ਸਭ ਚੰਗਾ ਹੈ' ਲੈਂਦੇ ਹਨ, ਭਾਵੇਂ ਬੰਦੇ ਦਾ ਵਜ਼ਨ 120 ਕਿਲੋ ਹੋਵੇ, ਰੋਜ਼ ਬੋਤਲ ਦਾਰੂ ਦੀ ਚਲਦੀ ਹੋਵੇ। ਦਿਲ ਦਾ ਦੌਰਾ ਜਾਂ ਅਧਰੰਗ ਜ਼ਿੰਦਗੀ ਜਿਊਣ ਦੇ ਢੰਗ ਨਾਲ ਜੁੜੀਆਂ ਬਿਮਾਰੀਆਂ ਹਨ, ਟੈਸਟਾਂ ਨਾਲ ਨਹੀਂ। ਪਰ ਕਿਉਂਕਿ 'ਟੈਸਟ ਤਾਂ ਸਹੀ ਹਨ' ਇਸ ਲਈ ਬੰਦਾ ਜ਼ਿੰਦਗੀ ਜਿਊਣ ਦਾ ਢੰਗ ਨਹੀਂ ਬਦਲਦਾ, ਫਿਰ ਜਦੋਂ ਪੰਗਾ ਪੈਂਦਾ ਹੈ ਤਾਂ ਲੋਕ ਕਹਿਣਗੇ ਕਿ ਟੈਸਟ ਤਾਂ ਠੀਕ ਸੀ !!

6. ਪੈਸੇ ਦਾ ਨੁਕਸਾਨ ਤਾਂ ਹੈ ਹੀ, ਖਾਸ ਕਰਕੇ ਜਦੋਂ ਗੱਲ ਪੈਕੇਜ ਟੈਸਟਾਂ ਉੱਤੇ ਹੀ ਖਤਮ ਨਾ ਹੋਵੇ। ਪੈਕੇਜ ਟੈਸਟ ਇਕੱਲੇ ਵੀ ਹਜ਼ਾਰ-ਡੇਢ ਹਜ਼ਾਰ ਵਿੱਚ ਤਾਂ ਪੈ ਹੀ ਜਾਂਦੇ ਹਨ।

7. ਇੱਕ ਹੋਰ ਗੱਲ ਜਿਹੜੀ ਲੋਕ ਧਿਆਨ ਹੀ ਨਹੀਂ ਦਿੰਦੇ, ਉਹ ਹੈ ਸਾਧਨਾਂ ਦੀ ਬਰਬਾਦੀ। ਜੇਕਰ ਟੈਸਟ ਬਿਲਕੁਲ ਮੁਫ਼ਤ ਵੀ ਹੋਣ ਤਾਂ ਵੀ ਟੈਸਟ ਕਰਨ ਵਿੱਚ ਮਨੁੱਖੀ ਮਿਹਨਤ ਤੋਂ ਲੈਕੇ ਕਾਫ਼ੀ ਚੀਜ਼ਾਂ ਖਰਚ ਹੁੰਦੀਆਂ ਹੀ ਹਨ ਅਤੇ ਉਹਨਾਂ ਦਾ ਖਰਚਾ ਵੀ ਆਖ਼ਿਰ ਨੂੰ ਕੋਈ ਤਾਂ ਝੱਲਦਾ ਹੈ। ਜੇਕਰ ਸਰਕਾਰੀ ਖਰਚਾ ਹੈ ਤਾਂ ਵੀ ਉਹ ਲੋਕਾਂ ਦੇ ਟੈਕਸਾਂ ਦੇ ਪੈਸੇ ਵਿੱਚੋਂ ਹੀ ਕੱਟਿਆ ਜਾਣਾ ਹੈ। ਦੂਜਾ, ਜੇਕਰ ਕੁਝ ਲੋਕਾਂ ਕੋਲ਼ ਫਾਲਤੂ ਪੈਸੇ ਹਨ ਤਾਂ ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਅਜੇ ਲੋੜੀਂਦੀਆਂ ਸਿਹਤ ਸਹੂਲਤਾਂ ਵੀ ਢੰਗ ਨਾਲ਼ ਉਪਲਬਧ ਨਹੀਂ ਹਨ।

ਤਾਂ ਗੱਲ ਇਸ ਨੁਕਤੇ ਉੱਤੇ ਮੁੱਕਦੀ ਹੈ,

ਸਕਰੀਨਿੰਗ ਟੈਸਟ - ਉਮਰ ਦੇ ਹਿਸਾਬ ਨਾਲ਼, ਰਿਸਕ ਦੇ ਹਿਸਾਬ ਨਾਲ, ਲੱਛਣ ਦੇ ਅਧਾਰ ਉੱਤੇ, ਟਾਰਗੈਟ ਬਿਮਾਰੀ ਸੋਚ ਕੇ ਹੀ ਕਰਵਾਏ ਜਾਣ।

ਫੁੱਲ ਬਾਡੀ ਟੈਸਟ - ਫਾਇਦਾ ਘੱਟ, ਨੁਕਸਾਨ ਜ਼ਿਆਦਾ

ਪੈਸੇ ਦੀ ਬਰਬਾਦੀ ਕਦੋਂ - ਜਦੋਂ ਨੌਜਵਾਨ ਸਿਹਤਮੰਦ ਲੋਕ 30-50 ਫਾਲਤੂ ਟੈਸਟ ਵਾਲੇ ਪੈਕੇਜ, ਹਰ 3-6 ਮਹੀਨੇ ਦੁਹਰਾਉਣਾ, ਐਵੇਂ ਕਰਵਾਏ ਜਾਣ ਵਾਲ਼ੇ ਅਲਟਰਾਸਾਉਂਡ, Whole body CT/MRI, ਟਿਊਮਰ ਮਾਰਕਰ ਆਦਿ ਦੇ ਚੱਕਰਾਂ ਵਿੱਚ ਪੈ ਜਾਣ।

ਟੀਮ ਸਾਡਾ ਡਾਕਟਰ

ਫੇਸਬੁੱਕ ਪੇਜ **Saada-Our Doctor**

ਈਮੇਲ-saadadoctor@gmail.com

ਵਿਗਿਆਨ ਸਾਡੀ ਸੋਚ ਵਿਸ਼ਾਲ ਕਰਦਾ ਹੈ

ਪੁਲਾੜ ਵਿਚੋਂ ਪ੍ਰਿਥਵੀ ਨੂੰ ਵੇਖਣ ਉਪਰੰਤ ਬਣੇ ਕੁਝ ਅਹਿਸਾਸ

ਜਦ ਚੀਜਾਂ ਨੂੰ ਅਸੀਂ ਆਪਣੇ ਤੰਗ ਦਾਇਰਿਆਂ ਵਿਚੋਂ ਬਾਹਰ ਨਿਕਲਕੇ ਵੇਖਦੇ ਹਾਂ ਤਾਂ ਸਾਨੂੰ ਵਸਤਾਂ, ਵਰਤਾਰਿਆਂ ਅਤੇ ਵਿਚਾਰਾਂ ਦੀ ਵਿਸ਼ਾਲਤਾ ਦਾ ਅਹਿਸਾਸ ਹੁੰਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਘੁੰਮ ਫਿਰ ਕੇ ਦੁਨੀਆ ਦੇਖਣ ਨਾਲ ਤੁਹਾਡੀ ਜਾਣਕਾਰੀ ਵਿੱਚ ਵਾਧੇ ਦੇ ਨਾਲ ਨਾਲ ਤੁਹਾਡੀ ਸੋਚ ਵੀ ਵਿਸ਼ਾਲ ਹੁੰਦੀ ਹੈ। ਪਰ ਜੇ ਕਿਸੇ ਨੂੰ ਪ੍ਰਿਥਵੀ ਤੋਂ ਵੀ ਬਾਹਰ ਜਾ ਕੇ ਇਸ ਨੂੰ ਵੇਖਣ ਦਾ ਮੌਕਾ ਮਿਲੇ ਤਾਂ ਉਸਦੀ ਸੋਚ ਉੱਤੇ ਕੀ ਅਸਰ ਪੈਣਗੇ? ਉਹ ਧਰਮਾਂ, ਜਾਤਾਂ, ਦੇਸ਼ਾਂ ਦੀਆਂ ਹੱਦਬੰਦੀਆਂ ਨੂੰ ਕੀ ਸਮਝੇਗਾ? ਇਸ ਬਾਰੇ ਇੱਕ ਪੁਲਾੜ ਯਾਤਰੀ ਰੌਨ ਗੈਰਨ ਦੇ ਅਹਿਸਾਸ ਡਾ. ਦਰਸ਼ਨ ਖੇੜੀ ਨੇ ਅਨੁਵਾਦ ਕਰਕੇ ਭੇਜੇ ਹਨ, ਜੋ ਅੱਗੇ ਪੇਸ਼ ਕੀਤੇ ਜਾ ਰਹੇ ਹਨ।

ਕੌਮਾਂਤਰੀ ਪੁਲਾੜ ਸਟੇਸ਼ਨ ਉੱਤੇ 178 ਦਿਨ ਬਿਤਾਉਣ ਤੋਂ ਬਾਅਦ ਪੁਲਾੜ ਯਾਤਰੀ ਰੌਨ ਗੈਰਨ ਧਰਤੀ ’ਤੇ ਉੱਤਰਣ ਵੇਲੇ ਅਪਣੇ ਨਾਲ ਕੁੱਝ ਖਾਸ, ਵਾਪਸ ਲੈਕੇ ਮੁੜੇ ਹਨ। ਉਹ ਮਾਨਵ ਜਾਤੀ ਬਾਰੇ ਅਪਣੀ ਬਦਲੀ ਹੋਈ ਸੋਚ ਲੈ ਕੇ ਇੱਥੇ ਵਾਪਸ ਆਏ ਹਨ।

ਉਹ ਕਹਿੰਦੇ ਹਨ ਕਿ ਆਪਣੇ ਗ੍ਰਹਿ ਪੱਥ ਤੋਂ ਵੇਖਿਆਂ ਸਾਡੀ ਧਰਤੀ ਵੱਖੋ ਵੱਖਰੇ ਦੇਸਾਂ ਪ੍ਰਦੇਸਾਂ, ਕੌਮਾਂਤਰੀ ਸਰਹੱਦਾਂ ਜਾਂ ਟਕਰਾਵੇਂ ਹਿਤਾਂ ਦਾ ਕੋਈ ਸਮੂਹ ਨਹੀਂ ਲੱਗਦਾ। ਸਗੋਂ ਇਹ ਹਨੇਰੇ ’ਚ ਲਟਕਿਆ ਇੱਕ ਇਕਲੌਤਾ ਤੇ ਜਗਮਗਾਉਂਦਾ ਨੀਲਾ ਗੋਲਾ ਲੱਗਦਾ ਹੈ। ਮਹਾਂਦੀਪਾਂ ਨੂੰ ਵਖਰਿਆਉਂਦੀ ਕੋਈ ਰੇਖਾ ਵੀ ਨਹੀਂ ਦਿਸਦੀ। ਵੱਖ ਵੱਖ ਰਾਜ ਖੇਤਰਾਂ ਨੂੰ ਦਰਸਾਉਂਦਾ ਕੋਈ ਝੰਡਾ ਵੀ ਨਜ਼ਰ ਨਹੀਂ ਪੈਂਦਾ। ਧਰਤੀ ਦੀ ਉੱਪਰੀ ਸਤਿਹ ਤੋਂ ਕੋਈ 250 ਮੀਲ ਉੱਪਰੋਂ ਹਰ ਮਨੁੱਖੀ ਟਕਰਾਅ ਅਚਾਨਕ ਨਿਗੂਣਾ ਲੱਗਣ ਲੱਗਦਾ ਹੈ ਅਤੇ ਹਰ ਮਨੁੱਖੀ ਰਿਸ਼ਤਾ ਬੇਹੱਦ ਲਾਜ਼ਮੀ।

ਗੈਰਨ ਉੱਪਰੋਂ ਦਿਸਦੇ ਦ੍ਰਿਸ਼ ਦਾ ਚਿਤਰਣ ਕਰਦਾ ਦੱਸਦਾ ਹੈ ਕਿ ਕਿਵੇਂ ਇੱਥੇ ਸਮੁੱਚੇ ਮਹਾਂਦੀਪਾਂ ਉੱਪਰ ਅਸਮਾਨੀ ਬਿਜਲੀ ਦੇ ਝੱਖੜ ਝੂਲਦੇ ਹਨ, ਧਰੂ-ਜੋਤੀਆਂ ਕਿਵੇਂ ਧਰਤੀ ਦੇ ਧਰੁਵਾਂ ਉੱਪਰ ਜੀਵੰਤ ਪਰਦਿਆਂ ਵਾਂਗ ਲਹਿਰਾਉਂਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਧਰਤੀ ਉੱਪਰ ਵਸਦੇ ਸ਼ਹਿਰਾਂ ਦੀ ਬਿਜਲਈ ਰੌਸ਼ਨੀ ਕਿਵੇਂ ਸਾਡੇ ਗ੍ਰਹਿ ਦੇ ਹਨੇਰੇ ਪਾਸੇ ਬੜੀ ਸਹਿਜਤਾ ਨਾਲ ਦਮਕਦੀ ਹੈ। ਜਿਸ ਗੱਲ ਨੇ ਉਸ ਨੂੰ ਸੱਭ ਤੋਂ ਵੱਧ ਪ੍ਰਭਾਵਿਤ ਕੀਤਾ, ਓਹ ਧਰਤੀ ਦੀ ਤਾਕਤ ਨਹੀਂ ਬਲਕਿ ਇਸਦੇ ਉਲਟ ਬੇਤਾਕਤੀ ਸੀ। ਧਰਤੀ ਉੱਪਰ ਸਮੁੱਚੇ ਜੀਵਨ ਦੀ ਰੱਖਿਆ ਕਰਨ ਵਾਲਾ ਵਾਯੂ ਮੰਡਲ ਬੱਸ ਮਸੀਂ ਦਿਖਦਾ ਕਾਗਜ ਵਰਗਾ ਪਤਲਾ ਇੱਕ ਨੀਲਾ ਆਭਾ ਮੰਡਲ ਦਿਖਾਈ ਦਿੰਦਾ ਹੈ ਜੋ ਹਰ ਜੀਵੰਤ ਸ਼ੈਅ ਦੇ ਸਾਹਾਂ ਨੂੰ ਨਿਰੰਤਰ ਚੱਲਦਾ ਰੱਖਣ, ਇਨ੍ਹਾਂ ਨੂੰ ਜਿਉਂਦੇ ਵਸਦੇ ਰੱਖਣ ਅਤੇ ਇਨ੍ਹਾਂ ਦੇ ਉਗਮਣ ਲਈ ਜਿੰਮੇਂਵਾਰ ਹੈ।

ਪੁਲਾੜ ਵਿੱਚੋਂ ਧਰਤੀ ਨੂੰ ਦੇਖਣ ਵਾਲੇ ਬਹੁਤੇ ਪੁਲਾੜ ਯਾਤਰੀਆਂ ਨੇ ਅਪਣੇ ਤਜ਼ਰਬੇ ’ਚੋਂ ਵੀ ਬਿਲਕੁਲ ਇੰਝ ਹੀ ਮਹਿਸੂਸਿਆ। ਇਹ ਇਸ ਤੱਥ ਦਾ ਅਚਾਨਕ ਹੋਇਆ ਸਹਿਜ ਗਿਆਨ ਹੈ ਕਿ ਮਨੁੱਖਤਾ ਕੋਲ ਸਿਰਫ ਇਹੋ ਹੀ ਇੱਕੋ ਇੱਕ ਗ੍ਰਹਿ ਹੈ, ਕੋਈ ਹੋਰ ਬਦਲਵੀਂ ਥਾਂ ਨਹੀਂ, ਕੋਈ ਬਚਾਅ ਰਸਤਾ ਨਹੀਂ, ਕੋਈ ਦੂਸਰਾ ਘਰ ਨਹੀਂ।

ਗੈਰਨ ਮਨੁੱਖ ਵੱਲੋਂ ਘੜੀਆਂ ਆਪਣੀਆਂ ਸੌੜੀਆਂ ਪ੍ਰਾਥਮਿਕਤਾਵਾਂ ’ਤੇ ਸੁਆਲ ਖੜ੍ਹੇ ਕਰਦਾ ਹੈ। ਕਿਉਂਕਿ ਆਰਥਿਕ ਵਿਕਾਸ ਨੂੰ ਹੀ ਸਾਡੀ ਮੂਲ ਪ੍ਰਾਪਤੀ ਮੰਨ ਲਿਆ ਗਿਆ ਹੈ। ਪ੍ਰੰਤੂ ਪੁਲਾੜ ’ਚੋਂ ਦੇਖਿਆਂ ਮਨੁੱਖੀ ਉਦੇਸ਼ਾਂ ਦੀ ਇਹ ਦਰਜ਼ੇਬੰਦੀ ਫਾਲਤੂ ਦੀ ਚੀਜ ਵਿਖਾਈ ਦਿੰਦੀ ਹੈ। ਗੈਰਨ ਅਨੁਸਾਰ ਮਨੁੱਖ ਦੀਆਂ ਪ੍ਰਾਥਮਿਕਤਾਵਾਂ ਦਾ ਸਹੀ ਕ੍ਰਮ ਇਸ ਪ੍ਰਕਾਰ ਹੋਣਾ ਚਾਹੀਦਾ ਹੈ- ਪਹਿਲੋਂ ਧਰਤੀ, ਫਿਰ ਸਮਾਜ ਤੇ ਅਖੀਰ ’ਚ ਅਰਥਚਾਰਾ। ਕਿਉਂਕਿ ਇੱਕ ਸਾਫ ਸੁਥਰੇ ਗ੍ਰਹਿ ਤੋਂ ਬਿਨਾਂ ਨਾ ਤਾਂ ਸਮਾਜ ਦੀ ਅਤੇ ਨਾ ਹੀ ਇਸ ਅਰਥਚਾਰੇ ਦੀ ਕੋਈ ਹੋਂਦ ਬਾਕੀ ਬਚਣੀ ਹੈ।

ਗੈਰਨ ਇਸ ਧਰਤੀ ਦੀ ਤੁਲਨਾ ਇੱਕ ਚਲਦੇ ਪੁਲਾੜੀ ਜਹਾਜ਼ ਨਾਲ ਕਰਦਾ ਹੈ। ਇੱਕ ਅਜਿਹਾ ਜਹਾਜ਼ ਜਿਸ ਵਿੱਚ ਅਰਬਾਂ ਮਨੁੱਖ ਸਵਾਰ ਹਨ। ਸਾਰੇ ਸਵਾਰ ਸਿਰਫ ਇੱਕੋ ਤਰਾਂ ਦੇ ਜੀਵਨ ਰੱਖਿਅਕ ਪ੍ਰਬੰਧਾਂ ’ਤੇ ਨਿਰਭਰ ਹਨ। ਤਾਂ ਵੀ ਬਹੁਤੇ ਅਪਣੇ ਆਪ ਨੂੰ ਮਹਿਜ਼ ਇੱਕ ਯਾਤਰੀ ਵੱਜੋਂ ਦੇਖਦੇ ਹਨ ਨਾ ਕਿ ਇਸ ਜਹਾਜ਼ ਦੇ ਰਖਵਾਲੇ ਵੱਜੋਂ। ਓਹ ਇਹੋ ਮੰਨੀ ਬੈਠੇ ਹਨ ਕਿ ਜਹਾਜ਼ ਨੂੰ ਸਹੀ ਸਲਾਮਤ ਚੱਲਦਾ ਰੱਖਣ ਦੀ ਜਿੰਮੇਂਵਾਰੀ ਕਿਸੇ ਹੋਰ ਦੀ ਹੈ।

ਉਪਰੋਂ ਦੇਖਿਆਂ ਪ੍ਰਦੂਸ਼ਣ ਦੀ ਕੋਈ ਕੌਮੀਅਤ ਨਹੀਂ। ਵਾਯੂ ਮੰਡਲੀ ਕੁਦਰਤੀ ਪ੍ਰਬੰਧ ਹੱਦਾਂ ਸਰਹੱਦਾਂ ਤੋਂ ਮੁਕਤ ਹਨ। ਧਰਤੀ ਦੇ ਕਿਸੇ ਇੱਕ ਹਿੱਸੇ ’ਚ ਹੋ ਰਹੀ ਵਾਤਾਵਰਣਕ ਤਬਾਹੀ ਪੂਰੇ ਦੇ ਪੂਰੇ ਭੂ-ਮੰਡਲ ਨੂੰ ਪ੍ਰਭਾਵਿਤ ਕਰਦੀ ਹੈ। ਮਨੁੱਖੀ ਵੰਡੀਆਂ, ਜਿਨ੍ਹਾਂ ਨੂੰ ਅਸੀਂ ਇੱਥੇ ਇੰਨੀ ਭਿਆਨਕਤਾ ਨਾਲ ਬਚਾਂਈ ਰੱਖਣ ’ਚ ਮਸ਼ਰੂਫ ਹਾਂ, ਉੱਪਰੋਂ ਦੇਖਿਆਂ ਇਹ ਕਿਤੇ ਨਹੀਂ ਲੱਭਦੀਆਂ।

ਗੈਰਨ ਦਾ ਮਨੁੱਖਤਾ ਨੂੰ ਇਹ ਸੁਨੇਹਾ ਕੋਈ ਅਮੂਰਤਨ

ਜਾਂ ਆਦਰਸ਼ਵਾਦੀ ਨਹੀਂ, ਇਹ ਵਿਹਾਰਕ ਹੈ। ਜੇ ਮਨੁੱਖਤਾ ਨੇ ਇਸ ਧਰਤੀ ਨੂੰ ਹਾਲੇ ਵੀ ਇੱਕ ਸਰਵ ਸਾਂਝੇ ਪ੍ਰਬੰਧ ਦੀ ਬਜਾਏ ਇੱਕ ਅਸੀਮਤ ਸ੍ਰੋਤ ਵਜੋਂ ਵੇਖਣਾ ਜਾਰੀ ਰੱਖਿਆ ਤਾਂ ਇਸਦੇ ਮਾੜੇ ਸਿੱਟੇ ਸਰਬਵਿਆਪਕ ਹੋਣਗੇ।

ਧਰਤੀ ਨੂੰ ਉੱਪਰੋਂ ਦੇਖਣ ਨੇ ਉਸ ਨੂੰ ਕੋਈ ਛੋਟਾ ਮਹਿਸੂਸ ਨਹੀਂ ਕਰਵਾਇਆ ਸਗੋਂ ਇਸ ਨੇ ਉਸ ਨੂੰ ਇੱਕ ਜਿੰਮੇਂਵਾਰੀ ਦਾ ਅਹਿਸਾਸ ਕਰਵਾਇਆ। ਕਿਉਂਕਿ ਜਦੋਂ ਤੁਸੀਂ ਸੱਚੇ ਦਿਲੋਂ ਇਹ ਜਾਣ ਲੈਂਦੇ ਹੋ ਕਿ ਅਸੀਂ ਸਾਰੇ ਇਸ ਬ੍ਰਹਿਮੰਡ ਵਿੱਚ ਇੱਕੋ ਹੀ ਨਾਜ਼ੁਕ ਪੁਲਾੜੀ ਜਹਾਜ (ਗ੍ਰਹਿ) ਦੇ ਸਾਂਝੇ ਸਵਾਰ ਹਾਂ ਤਾਂ 'ਸਾਡੇ ਤੁਹਾਡੇ ਦਾ ਭੇਦ ਭਾਵ' ਚੁੱਪ ਚੁਪੀਤੇ ਖਤਮ ਹੋ ਜਾਂਦਾ ਹੈ ਅਤੇ ਇਸ ਦੀ ਥਾਂ ਇੱਕੋ ਹੀ ਅਟੱਲ ਸੱਚ ਦਾ ਅਹਿਸਾਸ ਹੋਣ ਲੱਗਦਾ ਹੈ ਕਿ - ਸਾਡੀ ਹੋਂਦ ਦਾ ਪ੍ਰਗਟਾਅ ਸਿਰਫ ਅਸੀਂ ਹੋ ਜਾਣ ਵਿੱਚ ਹੀ ਹੈ।

***

ਤਰਕਸ਼ੀਲ ਮੈਗਜ਼ੀਨ ਲਈ ਮੈਟਰ ਭੇਜਣ ਬਾਰੇ

1. ਤਰਕਸ਼ੀਲ ਸਾਹਿਤਕ ਮੈਗਜ਼ੀਨ ਨਹੀਂ ਹੈ। ਇਹ ਮੁੱਖ ਤੌਰ ਤੇ ਗਿਆਨ, ਵਿਗਿਆਨ ਅਤੇ ਵਿਗਿਆਨਕ ਚਿੰਤਨ ਦਾ ਮੈਗਜ਼ੀਨ ਹੈ। ਸਾਹਿਤਕ ਰਚਨਾਵਾਂ ਬਹੁਤ ਥੋੜ੍ਹੀ ਗਿਣਤੀ ਵਿੱਚ ਛਾਪੀਆਂ ਜਾਂਦੀਆਂ ਹਨ, ਕਿਉਂਕਿ ਸਾਹਿਤਕ ਰਚਨਾਵਾਂ ਲਈ ਪੰਜਾਬੀ ਵਿੱਚ ਹੋਰ ਬਹੁਤ ਸੋਹਣੇ ਮੈਗਜੀਨ ਛਪ ਰਹੇ ਹਨ। ਸਾਹਿਤਕ ਰਚਨਾਵਾਂ ਅਜਿਹੀਆਂ ਹੋਣ ਜੋ ਪਾਠਕਾਂ ਦੀਆਂ ਭਾਵਨਾਵਾਂ ਨੂੰ ਹਲੂਣ ਦੇਣ, ਗੈਰ-ਵਿਗਿਆਨਕ ਸੋਚ ਅਤੇ ਫਿਰਕਾਪ੍ਰਸਤੀ ਉੱਤੇ ਸਟੀਕ ਚੋਟ ਕਰਦੀਆਂ ਹੋਣ। ਜਿਵੇਂ ਕਿ ਇਸ ਅੰਕ ਵਿੱਚ ਪਾਸ਼ ਦੇ ਵਿਚਾਰ ਦਿੱਤੇ ਗਏ ਹਨ ਕਿ ਆਮ ਜਾਣੀਆਂ ਜਾਂਦੀਆਂ ਸਚਾਈਆਂ ਨੂੰ ਵਾਰ ਵਾਰ ਦੁਹਰਾਈ ਜਾਣ ਦਾ ਕੋਈ ਫਾਇਦਾ ਨਹੀਂ ਹੁੰਦਾ।

2. ਪੰਜਾਬ ਦਾ ਸਮਾਜ ਬਹੁਤ ਬਦਲ ਚੁੱਕਾ ਹੈ। ਬਹੁਤ ਸਾਰੇ ਪੁਰਾਣੇ ਵਹਿਮ ਖਤਮ ਹੋ ਚੁੱਕੇ ਹਨ ਅਤੇ ਨਵੇਂ ਪੈਦਾ ਹੋ ਰਹੇ ਹਨ। ਜੋ ਵੀ ਵਿਅਕਤੀ ਤਰਕਸ਼ੀਲ ਸੁਸਾਇਟੀ ਦੇ ਸੰਪਰਕ ਵਿੱਚ ਹੈ ਜਾਂ ਤਰਕਸ਼ੀਲ ਮੈਗਜੀਨ ਪੜ੍ਹਦਾ ਹੈ ਉਹ ਟੂਣੇ ਟੱਪਣ ਤੋਂ ਜਾਂ ਸਿਵਿਆਂ ਵਿੱਚੋਂ ਲੰਘਣ ਤੋਂ ਨਹੀਂ ਡਰਦਾ, ਨੰਬਰਦਾਰ ਮੱਥੇ ਲੱਗਣ ਜਾਂ ਬਿੱਲੀ ਦਾ ਰਸਤਾ ਕੱਟਣ ਵਰਗੇ ਵਹਿਮ ਵੀ ਵੇਲਾ ਵਿਹਾ ਚੁੱਕੇ ਹਨ, ਸੋਸਾਇਟੀ ਦੇ ਪ੍ਰਚਾਰ ਸਦਕਾ ਹੁਣ ਘਰਾਂ ਵਿੱਚ ਇੱਟਾਂ ਰੋੜੇ ਵੱਜਣ, ਖੂਨ ਦੇ ਛਿੱਟੇ ਡਿੱਗਣ ਜਾਂ ਕੱਪੜੇ ਕੱਟੇ ਜਾਣ ਵਾਲੇ ਕੇਸ ਨਾਂ-ਮਾਤਰ ਹੀ ਰਹਿ ਗਏ ਹਨ ਅਤੇ ਤਰਕਸ਼ੀਲ ਦੇ ਪਾਠਕ ਇਹਨਾਂ ਦੀ ਸਚਾਈ ਜਾਣਦੇ ਹਨ। ਸੋ ਇਹਨਾਂ ਵਿਸ਼ਿਆਂ ਬਾਰੇ ਆਪਣੇ ਬਚਪਨ ਦੀਆਂ ਗੱਲਾਂ ਯਾਦ ਕਰ ਕਰ ਕੁਝ ਨਾ ਭੇਜਿਆ ਜਾਵੇ।

3. ਜਿੱਥੇ ਪਹਿਲੇ ਵਹਿਮ-ਭਰਮ ਘਟੇ ਹਨ, ਉੱਥੇ ਨਵੇਂ ਅੰਧਵਿਸ਼ਵਾਸ ਪ੍ਰਚਲਤ ਹੋ ਰਹੇ ਹਨ। ਅੱਜ ਕੱਲ੍ਹ ਵਾਸਤੂ ਸ਼ਾਸਤਰ, ਕੁੰਡਲੀਆਂ ਮਿਲਾਉਣਾ, ਜਨਮ ਪੱਤਰੀਆਂ ਬਣਾਉਣਾ, ਸੁੱਖਾਂ ਸੁੱਖਣਾ ਆਦਿ ਦਾ ਧੰਦਾ ਬਹੁਤ ਵੱਧ ਰਿਹਾ ਹੈ। ਸੋ ਇਹਨਾਂ ਪ੍ਰਤੀ ਸੋਚ ਨੂੰ ਹਲੂਣ ਦੇਣ ਵਾਲੀਆਂ ਪ੍ਰਭਾਵਸ਼ਾਲੀ ਲਿਖਤਾਂ ਦੀ ਲੋੜ ਹੈ।

4. ਵਿਗਿਆਨ ਸਬੰਧੀ ਲਿਖਤਾਂ ਦੀ ਬਹੁਤ ਲੋੜ ਹੈ ਅਤੇ ਵਿਗਿਆਨਕ ਵਿਸ਼ਿਆਂ ਉੱਤੇ ਲਿਖਣ ਵਾਲੇ ਲੇਖਕਾਂ ਦੀ ਬਹੁਤ ਥੋੜ੍ਹ ਹੈ। ਪਰ ਵਿਗਿਆਨਕ ਲਿਖਤ ਗੂੜ੍ਹ ਵਿਗਿਆਨਕ ਜਾਣਕਾਰੀ ਦੀ ਬਜਾਏ ਆਮ ਜ਼ਿੰਦਗੀ ਨਾਲ ਜੁੜੇ ਵਿਗਿਆਨ ਬਾਰੇ ਅਤੇ ਆਮ ਪਾਠਕ ਦੀ ਸਮਝ ਵਿੱਚ ਆਉਣ ਵਾਲੀ ਹੋਵੇ। ਨਵੀਆਂ ਵਿਗਿਆਨਕ ਖੋਜਾਂ ਬਾਰੇ ਜਾਣਕਾਰੀ ਭੇਜੀ ਜਾਵੇ।

5. ਸਿਆਸਤ ਵਿੱਚ ਧਰਮ ਦੀ ਦਖਲਅੰਦਾਜੀ ਬਹੁਤ ਵਧ ਗਈ ਹੈ, ਜਿਸ ਵਿੱਚ ਰਵਾਇਤੀ ਧਰਮਾਂ ਤੋਂ ਇਲਾਵਾ ਵੱਡੇ ਡੇਰੇ ਵੀ ਬਹੁਤ ਮਹੱਤਵ ਅਖਤਿਆਰ ਕਰ ਰਹੇ ਹਨ। ਨੌਜਵਾਨਾਂ ਵਿੱਚ ਧਾਰਮਿਕ ਕੱਟੜਤਾ ਅਤੇ ਫਿਰਕਾਪ੍ਰਸਤੀ ਦਾ ਜ਼ਹਿਰ ਬਹੁਤ ਖਿਲਾਰਿਆ ਜਾ ਰਿਹਾ ਹੈ। ਅਜਿਹੀਆਂ ਲਿਖਤਾਂ ਦੀ ਲੋੜ ਹੈ, ਜੋ ਇਨ੍ਹਾਂ ਵਰਤਾਰਿਆਂ ਦੀਆਂ ਜੜ੍ਹਾਂ ਫਰੋਲਦੀਆਂ ਹੋਣ ਅਤੇ ਕੇਵਲ ਰਸਮੀ ਨਿੰਦਾ ਅਤੇ ਸਤਹੀ ਵਿਸ਼ਲੇਸ਼ਣ ਤੋਂ ਅੱਗੇ ਜਾਂਦੀਆਂ ਹੋਣ।

6. ਨੌਜਵਾਨਾਂ ਅਤੇ ਵਿਦਿਆਰਥੀਆਂ ਲਈ ਅਜਿਹੀਆਂ ਪ੍ਰੇਰਨਾ ਦਾਇਕ ਲਿਖਤਾਂ ਚਾਹੀਦੀਆਂ ਹਨ ਜੋ ਉਹਨਾਂ ਨੂੰ ਮੰਡੀ ਦੀ ਚਕਾਚੌਂਧ ਤੋਂ ਸੁਚੇਤ ਕਰ ਸਕਣ, ਉਨ੍ਹਾਂ ਲਈ ਵਧੀਆ ਰੋਲ ਮਾਡਲ ਪੇਸ਼ ਕਰ ਸਕਣ ਅਤੇ ਉਨ੍ਹਾਂ ਵਿੱਚ ਚੰਗੇਰੀ ਜ਼ਿੰਦਗੀ ਅਤੇ ਚੰਗੇਰਾ ਸਮਾਜ ਸਿਰਜਣ ਲਈ ਸੁਪਨੇ ਪੈਦਾ ਕਰ ਸਕਣ।

7. ਸੋਸ਼ਲ ਮੀਡੀਆ ਅਤੇ ਏ.ਆਈ. ਦੇ ਦੌਰ ਵਿੱਚ, ਇਨ੍ਹਾਂ ਦੁਆਰਾ ਵੱਡੀ ਪੱਧਰ 'ਤੇ ਫੈਲਾਏ ਜਾ ਰਹੇ ਕੂੜ ਦੇ ਢੇਰ ਵਿੱਚੋਂ ਸੱਚ ਨੂੰ ਪਛਾਨਣ ਅਤੇ ਉਸ ਸੱਚ ਦੇ ਹੱਕ ਵਿੱਚ ਖੜ੍ਹ ਸਕਣ ਦੀ ਯੋਗਤਾ ਪੈਦਾ ਕਰਨ ਵਾਲੀਆਂ ਲਿਖਤਾਂ ਦਾ ਸਵਾਗਤ ਹੈ।

ਫਿਰਕਾਪ੍ਰਸਤੀ ਦੇ ਰੰਗ

ਮੈਡੀਕਲ ਕਾਲਜ ਬੰਦ ਕਰਵਾ ਕੇ 'ਵਿਸ਼ਵ ਗੁਰੂ' ਬਣਿਆ ਭਾਰਤ

ਨਵੀਆਂ ਸਿੱਖਿਆ ਸੰਸਥਾਵਾਂ ਸਥਾਪਿਤ ਕਰਨ ਜਾਂ ਪਹਿਲਾਂ ਹੀ ਕੰਮ ਕਰ ਰਹੇ ਵਿਦਿਅਕ ਅਦਾਰਿਆਂ ਦਾ ਦਰਜਾ ਵਧਾਉਣ ਦੀਆਂ ਮੰਗਾਂ ਨੂੰ ਲੈ ਕੇ ਲੋਕ ਸੰਘਰਸ਼ ਕਰਦੇ ਤਾਂ ਦੇਖੇ ਸੁਣੇ ਹਨ, ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਚੱਲ ਰਹੀ ਸਿੱਖਿਆ ਸੰਸਥਾ ਨੂੰ ਬੰਦ ਕਰਵਾਉਣ ਲਈ ਅੰਦੋਲਨ ਚਲਾਇਆ ਗਿਆ ਹੋਵੇ ਅਤੇ ਇਸ ਮਾਮਲੇ ਵਿੱਚ ਹਾਸਲ ਕੀਤੀ 'ਕਾਮਯਾਬੀ' ਉੱਤੇ ਜਸ਼ਨ ਮਨਾਏ ਗਏ ਹੋਣ। ਇਹ ਅਲੋਕਾਰੀ ਘਟਨਾ ਫਿਰਕੂ ਸਿਆਸੀ ਅਜੰਡੇ 'ਤੇ ਸਵਾਰ ਹੋ ਕੇ ਕੱਟੜ ਹਿੰਦੂਵਾਦੀ ਜਥੇਬੰਦੀ ਆਰ.ਐੱਸ.ਐੱਸ. ਵੱਲੋਂ ਨਿਰਦੇਸ਼ਤ ਭਾਜਪਾ ਦੇ ਰਾਜ ਭਾਗ ਵਿੱਚ ਵਾਪਰੀ ਹੈ। ਫਿਰਕਾਪ੍ਰਸਤੀ ਦੀਆਂ ਨਵੀਆਂ ਬੁਲੰਦੀਆਂ ਛੂਹਣ ਵਾਲੀ ਇਹ ਸਿਆਸੀ ਧਿਰ, ਜਹਾਲਤ ਭਰੇ ਇਸ ਘਟਨਾਕ੍ਰਮ ਨਾਲ, ਵਾਕਿਆ ਹੀ 'ਵਿਸ਼ਵ ਗੁਰੂ' ਸਾਬਤ ਹੋਈ ਹੈ ਅਤੇ ਇਸਦੀ ਇਸ 'ਪ੍ਰਾਪਤੀ' ਦਾ ਪੂਰੇ ਵਿਸ਼ਵ ਵਿੱਚ ਡੰਕਾ ਵੱਜ ਰਿਹਾ ਹੈ।

ਆਓ ਇਸ ਘਟਨਾਕ੍ਰਮ ਦੀ ਤਫ਼ਸੀਲ ਵਿੱਚ ਜਾਈਏ। ਜੰਮੂ ਕਸ਼ਮੀਰ ਵਿੱਚ ਸ੍ਰੀ ਮਾਤਾ ਵੈਸ਼ਨੋ ਦੇਵੀ ਟਰਸਟ ਵੱਲੋਂ ਇਕ ਮੈਡੀਕਲ ਕਾਲਜ-ਹਸਪਤਾਲ ਚਲਾਇਆ ਜਾ ਰਿਹਾ ਸੀ, ਜਿਸ ਵਿੱਚ ਸਿਹਤ ਵਿਗਿਆਨ ਦੀ ਪੇਸ਼ੇਵਰ ਡਿਗਰੀ ਐੱਮ.ਬੀ.ਬੀ.ਐੱਸ. ਦੀਆਂ 50 ਸੀਟਾਂ ਦੀ ਮਨਜ਼ੂਰੀ ਮਿਲੀ ਹੋਈ ਸੀ। ਦੇਸ਼ ਭਰ ਦੇ ਮੈਡੀਕਲ ਕਾਲਜਾਂ ਵਿੱਚ ਇਸ ਡਿਗਰੀ ਦੀ ਪੜ੍ਹਾਈ ਲਈ ਕੌਮੀ ਦਾਖਲਾ ਯੋਗਤਾ ਪ੍ਰੀਖਿਆ (NEET) ਲਈ ਜਾਂਦੀ ਹੈ। ਇਸ ਪ੍ਰੀਖਿਆ ਦੇ ਨਤੀਜੇ ਦੀ ਬਣੀ ਮੈਰਿਟ ਸੂਚੀ ਅਨੁਸਾਰ ਸਫ਼ਲ ਵਿਦਿਆਰਥੀ ਵੱਖ ਵੱਖ ਕਾਲਜਾਂ ਵਿੱਚ ਦਾਖਲਾ ਲੈਂਦੇ ਹਨ। ਦਾਖਲਿਆਂ ਲਈ ਕੀਤੀ ਜਾਂਦੀ ਕੌਂਸਲਿੰਗ ਸਮੇਂ ਵਿਦਿਆਰਥੀ ਅਕਸਰ ਹੀ ਆਪਣੇ ਰਾਜ ਜਾਂ ਇਲਾਕੇ ਦੇ ਕਾਲਜਾਂ ਵਿੱਚ ਦਾਖਲ ਹੋਣ ਨੂੰ ਤਰਜੀਹ ਦਿੰਦੇ ਹਨ। ਇਸ ਪ੍ਰਕਿਰਿਆ ਅਧੀਨ ਸ੍ਰੀ ਮਾਤਾ ਵੈਸ਼ਨੋ ਦੇਵੀ ਮੈਡੀਕਲ ਕਾਲਜ ਦੀਆਂ 50 ਸੀਟਾਂ ਲਈ ਵੀ ਮੈਰਿਟ ਅਨੁਸਾਰ ਦਾਖਲੇ ਹੋਏ, ਜਿਸ ਵਿੱਚ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ 42 ਵਿਦਿਆਰਥੀ ਦਾਖਲਾ ਲੈਣ ਵਿੱਚ ਸਫਲ ਹੋਏ। ਬਾਕੀ ਅੱਠ ਸੀਟਾਂ ਵਿੱਚੋਂ ਸੱਤ ਹਿੰਦੂ ਅਤੇ ਇੱਕ ਸਿੱਖ ਪਿਛੋਕੜ ਵਾਲੇ ਵਿਦਿਆਰਥੀਆਂ ਦੇ ਹਿੱਸੇ ਆਈਆਂ। ਇਸ ਸਥਿਤੀ ਨੇ ਪਹਿਲਾਂ ਹੀ ਘੱਟ ਗਿਣਤੀਆਂ-ਵਿਸ਼ੇਸ਼ ਤੌਰ 'ਤੇ ਮੁਸਲਿਮ ਭਾਈਚਾਰੇ- ਵਿਰੁੱਧ ਨਫ਼ਰਤੀ ਫਿਰਕੂ ਜ਼ਹਿਨੀਅਤ ਰੱਖਣ ਵਾਲੀਆਂ ਹਿੰਦੂਵਾਦੀ ਜਥੇਬੰਦੀਆਂ ਨੂੰ ਚੁਆਤੀ ਲਾ ਦਿੱਤੀ। ਇਹ ਗੱਲ ਉਹਨਾਂ ਦੀ ਬਰਦਾਸ਼ਤ ਤੋਂ ਬਾਹਰ ਸੀ ਕਿ ਸ੍ਰੀ ਮਾਤਾ ਵੈਸ਼ਨੋ ਦੇਵੀ ਦੇ ਧਾਰਮਿਕ ਨਾਂ ਹੇਠ ਚੱਲ ਰਹੇ ਮੈਡੀਕਲ ਕਾਲਜ ਵਿੱਚ ਵੱਡੀ ਗਿਣਤੀ ਵਿੱਚ ਮੁਸਲਿਮ ਵਿਦਿਆਰਥੀਆਂ ਨੂੰ ਦਾਖਲੇ ਮਿਲ ਜਾਣ। ਇਨ੍ਹਾਂ ਜਥੇਬੰਦੀਆਂ ਨੇ ਸ੍ਰੀ ਮਾਤਾ ਵੈਸ਼ਨੋ ਦੇਵੀ ਸੰਘਰਸ਼ ਸੰਮਤੀ ਦਾ ਗਠਨ ਕਰਕੇ ਇਸ ਕਾਲਜ ਦੀ ਮਾਨਤਾ ਰੱਦ ਕਰਵਾਉਣ ਲਈ ਅੰਦੋਲਨ ਵਿੱਢ ਦਿੱਤਾ। ਸੰਮਤੀ ਦੀ ਗੈਰ-ਕਾਨੂੰਨੀ ਅਤੇ ਤਰਕ ਵਿਹੂਣੀ ਦਲੀਲ ਇਹ ਸੀ ਕਿ ਕਿਉਂਕਿ ਕਾਲਜ ਵੈਸ਼ਨੋ ਦੇਵੀ ਦੇ ਭਗਤਾਂ ਦੇ ਚੜ੍ਹਾਵੇ ਨਾਲ ਚਲਦਾ ਹੈ, ਇਸ ਲਈ ਇੱਥੇ ਸਿਰਫ ਹਿੰਦੂ ਵਿਦਿਆਰਥੀਆਂ ਨੂੰ ਹੀ ਦਾਖਲਾ ਮਿਲਣਾ ਚਾਹੀਦਾ ਹੈ। ਜਦਕਿ ਦਾਖਲੇ, ਨਿਯਮਾਂ ਅਨੁਸਾਰ ਮੈਰਿਟ ਦੇ ਆਧਾਰ ਉੱਤੇ ਵਿਦਿਆਰਥੀਆਂ ਵੱਲੋਂ ਇਸ ਕਾਲਜ ਦੀ ਕੀਤੀ ਚੋਣ ਦੇ ਅਨੁਸਾਰ ਹੀ ਹੋਏ ਸਨ।

ਆਖਰ ਇਸ ਸਾਲ ਦੇ ਸ਼ੁਰੂ ਵਿੱਚ ਸੰਘਰਸ਼ ਸੰਮਤੀ ਦੇ 'ਸੰਘਰਸ਼' ਨੂੰ ਬੂਰ ਪਿਆ। ਨੈਸ਼ਨਲ ਮੈਡੀਕਲ ਕਮਿਸ਼ਨ ਦੀ ਟੀਮ ਨੇ ਅਚਨਚੇਤ ਨਿਰੀਖਣ ਲਈ ਇਸ ਕਾਲਜ ਦਾ ਦੌਰਾ ਕੀਤਾ। ਕਮਿਸ਼ਨ ਨੇ ਕਾਲਜ ਵਿੱਚ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦੀ ਘਾਟ, ਪ੍ਰਯੋਗਸ਼ਲਾਵਾਂ, ਆਪਰੇਸ਼ਨ ਥਿਏਟਰਾਂ, ਲੈਕਚਰ ਥਿਏਟਰਾਂ, ਔਰਤਾਂ ਤੇ ਮਰਦਾਂ ਲਈ ਵੱਖਰੇ ਵਾਰਡਾਂ, ਮਰੀਜ਼ਾਂ, ਸੀਨੀਅਰ ਡਾਕਟਰਾਂ, ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਗਿਣਤੀ ਆਦਿ ਦੇ ਨਿਰਧਾਰਤ ਮਾਪਦੰਡਾਂ ਨਾਲੋਂ ਕਮੀਆਂ ਦਾ ਹਵਾਲਾ ਦਿੰਦੀ ਰਿਪੋਰਟ ਜਾਰੀ ਕਰ ਦਿੱਤੀ। ਇਸ ਰਿਪੋਰਟ ਦੇ ਆਧਾਰ ਉੱਤੇ ਕਾਲਜ ਦੀ ਮਾਨਤਾ ਰੱਦ ਕਰ ਦਿੱਤੀ ਗਈ।

ਸੰਘਰਸ਼ ਸੰਮਤੀ ਦੀ ਇਸ 'ਪ੍ਰਾਪਤੀ' ਉੱਤੇ ਭਾਜਪਾ ਸਮੇਤ ਫਿਰਕੂ ਜ਼ਹਿਰ ਨਾਲ ਭਰੀਆਂ ਇਨ੍ਹਾਂ ਜਥੇਬੰਦੀਆਂ ਨੇ ਢੋਲ ਦੀ ਤਾਲ 'ਤੇ ਭੰਗੜੇ ਪਾ ਕੇ, ਮਿਠਾਈਆਂ ਵੰਡ ਕੇ ਅਤੇ ਇੱਕ ਦੂਜੇ ਨੂੰ ਵਧਾਈਆਂ ਦੇ ਕੇ ਰੱਜਵੇਂ ਜਸ਼ਨ ਮਨਾਏ।

ਉਧਰ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਮੰਨਿਆ ਹੈ ਕਿ ਕਾਲਜ ਵਿੱਚ ਦਾਖ਼ਲੇ ਨਿਰੋਲ ਮੈਰਿਟ ਦੇ ਆਧਾਰ ਉੱਤੇ ਨਿਯਮਾਂ ਅਨੁਸਾਰ ਹੀ ਹੋਏ ਹਨ। ਜੰਮੂ ਕਸ਼ਮੀਰ ਦੇ

ਵਿਦਿਆਰਥੀਆਂ ਨੇ ਆਪਣੇ ਰਾਜ ਵਿੱਚ ਸਥਿਤ ਕਾਲਜ ਨੂੰ ਇਹ ਤਰਜੀਹ ਦਿੰਦੇ ਹੋਏ ਇਥੇ ਦਾਖ਼ਲੇ ਲੈ ਕੇ ਕੁਝ ਵੀ ਗ਼ਲਤ ਨਹੀਂ ਕੀਤਾ। ਸੰਘਰਸ਼ ਸੰਮਤੀ ਦੇ ਇਸ ਦਾਅਵੇ ਵਿੱਚ ਵੀ ਕੋਈ ਸੱਚਾਈ ਨਹੀਂ ਹੈ ਕਿ ਇਹ ਕਾਲਜ ਕੇਵਲ ਮਾਤਾ ਵੈਸ਼ਨੋ ਦੇਵੀ ਦੇ ਭਗਤਾਂ ਦੇ ਚੜ੍ਹਾਵੇ ਨਾਲ ਹੀ ਚਲਦਾ ਹੈ। ਜੰਮੂ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਦੇ ਕਨਵੀਨਰ ਨਾਸਿਰ ਖੁਆਮੀ ਦਾ ਕਹਿਣਾ ਹੈ ਕਿ ਸਾਲ 2017 ਤੋਂ 2025 ਤੱਕ ਸਰਕਾਰ ਨੇ ਇਸ ਕਾਲਜ ਨੂੰ 121 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਹੈ।

ਏਨਾ ਹੀ ਨਹੀਂ, ਸ਼੍ਰੀ ਮਾਤਾ ਵੈਸ਼ਨੋ ਦੇਵੀ ਸੰਘਰਸ਼ ਸੰਮਤੀ ਨੇ ਇਹ ਮੰਗ ਵੀ ਕੀਤੀ ਹੈ ਕਿ ਮੈਡੀਕਲ ਕਾਲਜ ਦੀ ਥਾਂ ਇਥੇ ਗੁਰੂਕੁੱਲ ਸਿੱਖਿਆ ਕੇਂਦਰ ਖੋਲ੍ਹਿਆ ਜਾਵੇ ਜਿੱਥੇ ਬੱਚੇ ਸਨਾਤਨ ਧਰਮ ਦੀ ਸਿੱਖਿਆ ਹਾਸਲ ਕਰ ਸਕਣ। ਦਿਲਚਸਪ ਗੱਲ ਇਹ ਹੈ ਕਿ ਸਨਾਤਨ ਧਰਮ ਦੁਆਰਾ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪੂਰਾ ਵਿਸ਼ਵ ਇੱਕ ਪਰਿਵਾਰ ਹੈ। ਪਰ ਸੰਘਰਸ਼ ਸੰਮਤੀ ਦਾ 'ਸੰਘਰਸ਼' ਸਮਾਜ ਵਿੱਚ ਵੰਡੀਆਂ ਪਾਉਣ ਵਾਲਾ ਹੈ।

ਭਾਵੇਂ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਕਾਲਜ ਦੀ ਮਾਨਤਾ ਰੱਦ ਕਰਨ ਦੀ ਕਾਰਵਾਈ ਬਿਨਾਂ ਕਿਸੇ ਦਬਾਅ ਤੋਂ ਕਰਨ ਦਾ ਦਾਅਵਾ ਕੀਤਾ ਹੈ, ਪਰ ਹਕੀਕਤ ਕੁਝ ਹੋਰ ਜਾਪ ਰਹੀ ਹੈ ਜੋ ਕਮਿਸ਼ਨ ਦੀ ਇਸ ਕਾਰਵਾਈ ਉੱਤੇ ਉਂਗਲ ਉਠਾ ਰਹੀ ਹੈ। ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕਾਲਜ ਦੀ ਮਾਨਤਾ ਰੱਦ ਕਰਨ ਤੋਂ ਕਰੀਬ ਚਾਰ ਮਹੀਨੇ ਪਹਿਲਾਂ ਇਸ ਕਾਲਜ ਨੂੰ ਐੱਮ.ਬੀ.ਬੀ.ਐੱਸ. ਦੀਆਂ 50 ਸੀਟਾਂ ਕਿਉਂ ਅਲਾਟ ਕੀਤੀਆਂ ਗਈਆਂ, ਜਦ ਕਿ ਕਮਿਸ਼ਨ ਦੀ ਰਿਪੋਰਟ ਵਿੱਚ ਹੁਣ ਦਰਸਾਈਆਂ ਘਾਟਾਂ ਉਸ ਸਮੇਂ ਵੀ ਮੌਜੂਦ ਸਨ। ਫਿਰ ਇਹ ਮਾਨਤਾ ਰੱਦ ਕਰਨ ਤੋਂ ਪਹਿਲਾਂ ਕਾਲਜ ਦੇ ਪ੍ਰਬੰਧਕਾਂ ਨੂੰ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰਨ ਦਾ ਮੌਕਾ ਕਿਉਂ ਨਹੀਂ ਦਿੱਤਾ ਗਿਆ? ਇਸ ਤੋਂ ਅੱਗੇ, ਕਾਲਜ ਵਿੱਚ ਦਾਖਲਾ ਲੈ ਚੁੱਕੇ 50 ਵਿਦਿਆਰਥੀਆਂ ਦੀ ਪੜ੍ਹਾਈ ਜਾਰੀ ਰੱਖਣ ਦਾ ਪੁਖਤਾ ਪ੍ਰਬੰਧ ਕਿਉਂ ਨਹੀਂ ਕੀਤਾ ਗਿਆ?

ਦਰਅਸਲ, ਉਪਰੋਕਤ ਕਾਲਜ ਦੀ ਮਾਨਤਾ ਰੱਦ ਕਰਨ ਦੀ ਕਾਰਵਾਈ ਰਾਜ ਸੱਤਾ ਉੱਤੇ ਕਾਬਜ਼ ਸਿਆਸੀ ਧਿਰ ਦੀ ਮੁਸਲਿਮ ਘੱਟ ਗਿਣਤੀ ਭਾਈਚਾਰੇ ਨੂੰ ਹਾਸ਼ੀਏ ਉੱਤੇ ਧੱਕ ਕੇ ਰੱਖਣ ਦੀ ਧੁੱਸ ਦਾ ਹੀ ਜਾਰੀ ਰੂਪ ਹੈ। ਇਹ ਦਿੱਲੀ ਯੂਨੀਵਰਸਿਟੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਘੱਟ ਗਿਣਤੀ ਭਾਈਚਾਰੇ ਦੇ ਸਕਾਲਰ ਵਿਦਿਆਰਥੀਆਂ ਨੂੰ ਫਰਜ਼ੀ ਕੇਸਾਂ ਵਿੱਚ ਉਲਝਾਅ ਕੇ ਜੇਲ੍ਹੀਂ ਡੱਕਣ ਦੀਆਂ ਕਾਰਵਾਈਆਂ ਦੀ ਅਗਲੀ ਕੜੀ ਹੀ ਹੈ। ਦੇਸ਼ ਵਿੱਚ ਬਹੁ ਗਿਣਤੀ ਹਿੰਦੂ ਲੋਕਾਈ ਦੀ ਮਾਨਸਿਕਤਾ ਵਿੱਚ ਮੁਸਲਿਮ ਭਾਈਚਾਰੇ ਦੇ ਵਿਰੋਧੀ ਕਾਰਵਾਈਆਂ ਨੂੰ ਵਾਜਬ ਠਹਿਰਾਉਣ ਲਈ ਫਿਰਕੂ ਭਾਜਪਾ ਸਰਕਾਰਾਂ ਬੀਤੇ ਵਿੱਚ ਮੁਗਲ ਹੁਕਮਰਾਨਾਂ ਵੱਲੋਂ ਗੈਰ ਮੁਸਲਿਮ ਲੋਕਾਂ ਵਿਰੁੱਧ ਕੀਤੀਆਂ ਗਈਆਂ ਫਿਰਕੂ ਵਧੀਕੀਆਂ ਦਾ ਬਿਰਤਾਂਤ ਸਿਰਜ ਰਹੀਆਂ ਹਨ। ਮੁਗਲ ਹਾਕਮਾਂ ਦੇ ਕਥਿੱਤ ਜ਼ੁਲਮਾਂ ਦਾ ਬਦਲਾ ਉਸੇ ਮਜ਼੍ਹਬ ਨਾਲ ਸੰਬੰਧਿਤ ਆਮ ਲੋਕਾਂ ਤੋਂ ਲਿਆ ਜਾ ਰਿਹਾ ਹੈ। ਆਨੇ ਬਹਾਨੇ ਮੁਸਲਿਮ ਭਾਈਚਾਰੇ ਦੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੇਕਸੂਰ ਅਖਲਾਕ ਮੁਹੰਮਦ ਅਤੇ ਪਹਿਲੂ ਖਾਨ ਦੀ ਹੱਤਿਆ ਅਤੇ ਇਸ ਸਰਦੀ ਦੇ ਸੀਜ਼ਨ ਵਿੱਚ ਸ਼ਾਲ ਵੇਚਣ ਆਏ ਕਸ਼ਮੀਰੀਆਂ ਦੀ ਫਿਰਕੂ ਟੋਲਿਆਂ ਵੱਲੋਂ ਕੀਤੀ ਗਈ ਕੁੱਟਮਾਰ, ਭਾਜਪਾ ਦੀ ਨਫਰਤੀ ਨੀਤੀ ਦੇ ਹੀ ਇਜ਼ਹਾਰ ਹਨ।

ਮੈਡੀਕਲ ਕਾਲਜ ਦੀ ਮਾਨਤਾ ਰੱਦ ਕਰਵਾਉਣ ਦੀ ਕਾਰਵਾਈ ਨੂੰ ਹੁਕਮਰਾਨ ਭਾਜਪਾ ਦੀ ਸਿੱਖਿਆ ਵਿਰੋਧੀ ਵਿਆਪਕ ਨੀਤੀ ਵਜੋਂ ਵੀ ਦੇਖਣਾ ਬਣਦਾ ਹੈ। ਇਹ ਸਿਆਸੀ ਧਿਰ ਲੋਕਾਂ ਨੂੰ ਵਿਗਿਆਨਕ ਸਿੱਖਿਆ ਮੁਹਈਆ ਕਰਵਾਉਣ ਦੀ ਬਜਾਏ ਅੰਧਵਿਸ਼ਵਾਸੀ ਗੈਰ-ਵਿਗਿਆਨਕ ਸਿੱਖਿਆ ਵੱਲ ਧੱਕਣ ਦਾ ਕਾਰਜ਼ ਕਰ ਰਹੀ ਹੈ। ਕੇਂਦਰ ਵਿੱਚ ਸੱਤਾਸੀਨ ਭਾਜਪਾ ਨੇ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਜੋਤਿਸ਼ ਨੂੰ ਵਿਗਿਆਨ ਦੱਸ ਕੇ ਸਕੂਲੀ ਪਾਠ ਕ੍ਰਮ ਵਿੱਚ ਸ਼ਾਮਿਲ ਕਰਨ ਦੇ ਯਤਨ ਕੀਤੇ ਸਨ। ਦੂਜੇ ਕਾਰਜ਼ ਕਾਲ ਵਿੱਚ ਉਸਨੇ ਨਵੀਂ ਸਿੱਖਿਆ ਨੀਤੀ ਦੇ ਨਾਂ ਹੇਠ ਵਿਦਿਆਰਥੀਆਂ ਦੇ ਸਿਲੇਬਸ ਵਿੱਚੋਂ ਜੀਵਾਂ ਦੀ ਉਤਪੱਤੀ ਅਤੇ ਜੀਵ ਵਿਕਾਸ ਦੀ ਚਾਰਲਸ ਡਾਰਵਿਨ ਦੀ ਸਰਬ ਪ੍ਰਵਾਨਿਤ ਵਿਗਿਆਨਕ ਥਿਓਰੀ ਨੂੰ ਖਾਰਜ਼ ਕਰਕੇ ਆਪਣੀ ਵਿਗਿਆਨ ਵਿਰੋਧੀ ਮਾਨਸਿਕਤਾ ਦੀ ਨੁਮਾਇਸ਼ ਲਾਈ ਹੈ। ਇਸੇ ਤਰ੍ਹਾਂ ਇਤਿਹਾਸ ਵਿੱਚੋਂ ਮੁਗਲ ਕਾਲ ਨੂੰ ਹਟਾ ਕੇ, ਇਤਿਹਾਸ ਨੂੰ ਮਿਥਿਹਾਸ ਅਤੇ ਮਿਥਿਹਾਸ ਨੂੰ ਇਤਿਹਾਸ ਸਾਬਤ ਕਰਨ ਦੇ ਯਤਨ ਹੋ ਰਹੇ ਹਨ। ਦਰਅਸਲ ਭਾਜਪਾ ਦੀ ਨੀਤੀ ਲੋਕਾਂ ਨੂੰ ਵਿਗਿਆਨਕ ਜਾਣਕਾਰੀ ਨਾਲ ਲੈਸ ਕਰਨ ਦੀ ਥਾਂ ਗੈਰ-ਵਿਗਿਆਨਕ ਕੂੜ ਪਰੋਸ ਕੇ ਆਪਣੀ ਸਿਆਸੀ ਉਮਰ ਲੰਮੀ ਕਰਨ ਦੀ ਰਹੀ ਹੈ। ਵਿਗਿਆਨਕ ਜਮਹੂਰੀ ਸੋਚ ਨੂੰ ਪ੍ਰਣਾਈਆਂ ਜਥੇਬੰਦੀਆਂ ਲਈ ਇਹ ਵੱਡੀ ਚੁਣੌਤੀ ਦਰਪੇਸ਼ ਹੈ।

ਰਣਧੀਰ ਗਿੱਲਪੱਤੀ

***

ਫਿਰਕੂ ਹਮਲਾ — ਕੁਲਦੀਪ ਸਿੰਘ ਦੀਪ

ਗੋਰ ਪਿਆ ਕੋਈ ਹੋਰ...

ਉੱਤਰਾਖੰਡ ਦੇ ਸ਼ਹਿਰ ਮਸੂਰੀ ਵਿੱਚ ਸਥਿੱਤ ਬਾਬਾ ਬੁੱਲ੍ਹੇ ਸ਼ਾਹ ਦੀ 100 ਸਾਲ ਪੁਰਾਣੀ ਮਜ਼ਾਰ ਨੂੰ ਫਿਰਕਾਪ੍ਰਸਤ ਤਾਕਤਾਂ ਵੱਲੋਂ ਤੋੜਨ ਤੇ..। (ਗੋਰ ਤੋਂ ਭਾਵ ਕਬਰ)

ਬੁੱਲ੍ਹਿਆ! ਉਹਨਾਂ ਨੂੰ ਲਗਦੈ ਕਿ ਤੂੰ ਅਜੇ ਵੀ ਕਬਰ ਵਿਚ ਈ ਸੁੱਤਾ ਹੋਣਾ..ਤਾਂ ਹੀ ਉਹਨਾਂ ਨੇ ਆ ਕੇ ਤੇਰੀ ਕਬਰ ਨੂੰ ਹਥੌੜਿਆਂ ਨਾਲ ਭੰਨ ਦਿਤਾ। ਉਹ ਭੁੱਲ ਗਏ ਕਿ ਬਾਬਾ ਤਾਂ ਸਤਾਰ੍ਹਵੀ ਸਦੀ 'ਚ ਈ ਕਹਿ ਗਿਆ ਸੀ :

ਸਾਧੂ ਕਿਸ ਨੂੰ ਕੂਕ ਸੁਣਾਵੇਂ, ਮੇਰੀ ਬੁੱਕਲ਼ ਦੇ ਵਿਚ ਚੋਰ
ਚੋਰੀ ਚੋਰੀ ਨਿਕਲ਼ ਗਿਆ, ਤੇ ਜਗ ਵਿਚ ਪੈ ਗਿਆ ਸ਼ੋਰ
ਮੁਸਲਮਾਨ ਸਿਵਿਆਂ ਤੋਂ ਡਰਦੇ, ਹਿੰਦੂ ਡਰਦੇ ਗੋਰ
ਦੋਵੇਂ ਏਸੇ ਦੇ ਵਿਚ ਮਰਦੇ, ਇਹੋ ਦੋਹਾਂ ਦੀ ਖੋਰ
ਮੇਰੀ ਬੁੱਕਲ਼ ਦੇ ਵਿਚ ਚੋਰ ਨੀਂ, ਮੇਰੀ ਬੁੱਕਲ਼ ਦੇ ਵਿਚ ਚੋਰ...

ਪਰ ਸੱਚ ਜਿੰਨਾ ਕਹਿਣਾ ਔਖਾ ਹੈ, ਉਸ ਤੋਂ ਕਿਤੇ ਵੱਧ ਸੁਣਨਾ ਔਖਾ ਹੈ ਤੇ ਸੁਣਨ ਤੋਂ ਵੀ ਕਿਤੇ ਵੱਧ ਬਰਦਾਸ਼ਤ ਕਰਨਾ ਔਖਾ ਹੈ। ਕਿਉਂਕਿ ਸੱਚ ਬੋਲਣ 'ਤੇ ਭਾਂਬੜ ਮਚਦਾ ਹੈ। ਇਹ ਭਾਂਬੜ ਉਦੋਂ ਵੀ ਮੱਚਿਆ ਸੀ ਜਦ ਤੂੰ ਕਿਹਾ ਸੀ :

ਧਰਮਸ਼ਾਲਾ ਧੜਵਾਈ ਰਹਿੰਦੇ, ਠਾਕੁਰ ਦੁਆਰੇ ਠੱਗ।
ਵਿਚ ਮਸੀਤਾਂ ਕੁਸੱਤਈਏ ਰਹਿੰਦੇ, ਆਸ਼ਕ ਰਹਿਣ ਅਲੱਗ।

ਤੇ ਇਹ ਭਾਂਬੜ ਕਦੇ ਬੁਝਿਆ ਥੋੜਾ ਸੀ?

ਹਰ ਦੌਰ ਵਿੱਚ ਸੱਚ 'ਤੇ ਹਮਲਾ ਹੁੰਦਾ ਹੈ ਤੇ ਸੱਚ ਕੂਕਦਾ ਹੈ। ਜਦ ਜਦ ਵੀ ਕੋਈ 'ਪਾਪ ਦੀ ਜੰਞ' ਲੈ ਕੇ ਚੜ੍ਹਦਾ ਹੈ ਤਾਂ 'ਰਾਜੇ ਸੀਂਹ ਮੁਕੱਦਮ ਕੁੱਤੇ' ਕਹਿਣ ਵਾਲੇ ਵੀ ਉਸੇ ਵੇਲੇ ਜੰਮ ਪੈਂਦੇ ਹਨ.. ਜਦ ਕੋਈ ਆਸਥਾ ਦਾ ਕਤਲ ਕਰਦਾ ਹੈ ਤਾਂ ਦਿੱਲੀ ਦੀ ਹਿੱਕ 'ਤੇ ਚਾਂਦਨੀ ਚੌਂਕ ਉੱਗ ਪੈਂਦਾ ਹੈ। ਕੋਈ ਸਾਈਂ ਸਰਮਦ ਸਰ੍ਹਾ ਦੇ ਖਿਲਾਫ਼ ਕੂਕਦਾ ਹੋਇਆ ਤੌਬਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਸੱਤਾ ਉਸ 'ਤੇ ਕੁਫ਼ਰ ਦਾ ਫਤਵਾ ਲਗਾ ਕੇ ਕਤਲਗਾਹ ਵੱਲ ਤੋਰ ਦਿੰਦੀ ਹੈ। ਤੋਰੇ ਵੀ ਕਿਉਂ ਨਾ? ਜੇ ਨਾ ਤੋਰਦੀ ਤਾਂ ਬਾਬਾ ਬੁਲ੍ਹੇ ਸ਼ਾਹ ਦਾ ਇਹ ਕਲਾਮ ਝੂਠਾ ਪੈ ਜਾਂਦਾ:

ਸੱਚ ਆਖਿਆਂ ਭਾਂਬੜ ਮੱਚਦਾ ਏ
ਝੂਠ ਆਖਾਂ ਤੇ ਕੁਝ ਬਚਦਾ ਏ,
ਜੀ ਦੋਹਾਂ ਗੱਲਾਂ ਤੋਂ ਜਚਦਾ ਏ,
ਜਚ ਜਚ ਕੇ ਜੀਹਵਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।

ਮਸਲਾ ਤਾਂ ਸਾਰਾ 'ਮੂੰਹ ਆਈ ਬਾਤ' ਦਾ ਹੀ ਹੈ ਜੋ ਨਾ ਕਦੇ ਪਹਿਲਾਂ ਰੁਕੀ ਸੀ ਤੇ ਨਾ ਹੁਣ ਰੁਕੀ ਹੈ। ਹੁਣ ਵੀ ਜਦੋ ਦਾ ਸੱਤਾ ਨੂੰ ਭਗਵਾ ਰੰਗ ਚੜ੍ਹਿਆ 'ਧੜਵਈਆਂ' ਦੀਆਂ ਭੌਂ ਬਾਰਾਂ ਹੋਈਆਂ ਹਨ। ਗੰਗਾ-ਜ਼ਮੁਨੀ ਤਹਿਜ਼ੀਬ ਨੂੰ ਖੋਦ ਕੇ ਉਸ ਦੇ ਥਲਿਓਂ ਮਜ਼ਹਬੀ ਤੁਅੱਸਬਾਂ ਦੇ ਖੰਡਰਾਤ ਲੱਭੇ ਜਾ ਰਹੇ ਹਨ ਅਤੇ ਫਤਵੇ ਦਿੱਤੇ ਜਾ ਰਹੇ ਹਨ। ਮਿੱਥ ਕੇ ਸਾਂਝ ਦੇ ਚਿੰਨਾਂ ਨੂੰ ਮਿਟਾਇਆ ਜਾ ਰਿਹਾ ਹੈ ਤੇ ਉਹਨਾਂ ਦੀ ਥਾਂ ਤੇ 'ਇਕ ਰੰਗੀ ਨਾਮਕਰਨ ਲਹਿਰ' ਸ਼ੁਰੂ ਕੀਤੀ ਜਾ ਰਹੀ ਹੈ। ਇਹਨਾਂ ਦੀ ਡਿਕਸ਼ਨਰੀ ਵਿਚ 'ਅਸਹਿਮਤੀ' ਦਾ ਅਰਥ 'ਦੇਸ਼ਧਰੋਹ' ਹੈ, 'ਘੱਟ ਗਿਣਤੀ' ਦਾ ਅਰਥ 'ਘੁਸਪੈਠੀਏ' ਤੇ ਬੋਲਣ ਦਾ ਮਤਲਬ 'ਅਰਬਨ ਨਕਸਲ' ਜਾਂ 'ਅੱਤਵਾਦੀ' ਹੈ। 'ਰਾਮ ਰਾਜ' ਦੇ ਨਾਂ ਤੇ ਇਹਨਾਂ ਨੂੰ ਕੁਝ ਵੀ ਕਰਨ ਦਾ ਹੱਕ ਹੈ..ਡਮਰੂ, ਤ੍ਰਿਸ਼ੂਲ ਹੁਣ ਨਵੇਂ ਕੌਮੀ ਨਿਸ਼ਾਨ ਬਣਦੇ ਜਾ ਰਹੇ ਹਨ ਤੇ ਇਹਨਾਂ ਦੀ ਰਾਖੀ ਲਈ ਨਿੱਤ ਨਵੀਂਆਂ ਬ੍ਰਿਗੇਡਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਜਿਹੜੇ ਕਦੇ ਖੁਦ ਫਿਰਕਾਪ੍ਰਸਤੀ ਦੇ ਜਿੰਨ ਤੋਂ ਪੀੜਤ ਸੀ ਤੇ ਰੱਖਿਆ ਲਈ ਗੁਹਾਰ ਲਾਉਂਦੇ ਸਨ, ਉਹ ਹੁਣ ਰਾਖੇ ਨਹੀਂ ਹਮਲਾਵਰ ਹਨ ਅਤੇ ਕਿਤੇ ਵੀ ਕੁਝ ਵੀ ਕਰ ਸਕਦੇ ਹਨ। ਅਜਿਹੇ ਲੋਕਾਂ ਦਾ ਬਾਬਾ ਬੁੱਲ੍ਹੇ ਸ਼ਾਹ ਕੀ ਲਗਦਾ ਹੈ? ਉਹ ਤਾਂ ਕਹਿੰਦਾ ਹੈ :

ਫੜ ਨੁੱਕਤਾ ਛੋੜ ਹਿਸਾਬਾਂ ਨੂੰ, ਕਰ ਦੂਰ ਕੁਫ਼ਰ ਦਿਆਂ ਬਾਬਾਂ ਨੂੰ,
ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ, ਕਰ ਸਾਫ ਦਿਲੇ ਦਿਆਂ ਖ਼ਾਬਾਂ ਨੂੰ,
ਗੱਲ ਏਸੇ ਘਰ ਵਿਚ ਢੁੱਕਦੀ ਏ, ਇਕ ਨੁੱਕਤੇ ਵਿਚ ਗੱਲ ਮੁੱਕਦੀ ਏ।

ਬੁੱਲ੍ਹਾ ਕਿਸੇ ਧਰਮ ਦਾ ਪ੍ਰਤੀਕ ਨਹੀਂ ਬਲਕਿ ਸੂਰਜ ਵਾਂਗ ਚਮਕਦੇ ਸੱਚ ਦਾ ਪ੍ਰਤੀਕ ਹੈ ਜੋ ਹਰ ਹਨੇਰੇ ਦੌਰ ਵਿਚ ਚੜ੍ਹਦਾ ਹੈ। ਇਸੇ ਲਈ ਬੁੱਲ੍ਹਾ ਕਿਸੇ ਸੱਤਾ ਨੂੰ ਮੁਆਫ਼ਕ ਨਹੀਂ ਆਉਂਦਾ। ਜਦ ਮੌਕੇ ਦੀ ਬਾਦਸ਼ਾਹਤ ਬੁੱਲ੍ਹੇ ਨੂੰ ਕਸੂਰ ਤੋਂ ਦੇਸ ਨਿਕਾਲਾ ਦੇਣ ਦਾ ਫਤਵਾ ਜਾਰੀ ਕਰਦੀ ਹੈ ਤਾਂ ਉਸ ਦੀ ਇਕ ਮੁਰੀਦ ਬਾਂਦੀ ਕਹਿੰਦੀ ਹੈ :

ਸਰਕਾਰ! ਇਸ ਬਦਕਿਸਮਤ ਸ਼ਹਿਰ ਵਿਚ ਇਕ ਤੁਸੀਂ ਓ ਜਿਹੜੇ ਲੋਕਾਂ ਦੇ ਜ਼ਖ਼ਮਾਂ ਉਤੇ ਮਰਹਮ ਰੱਖਦੇ ਓ, ਉਹਨਾਂ ਨੂੰ ਜੀਣ ਦਾ ਹੌਂਸਲਾ ਦਿੰਦੇ ਓ, ਉਹਨਾਂ ਨੂੰ ਇਨਸਾਨ ਹੋਣ ਦਾ ਅਹਿਸਾਸ

ਕਰਾਉਂਦੇ ਓ, ਤੁਸੀਂ ਮਜ਼ਲੂਮਾਂ ਤੇ ਬੇਕਸਾਂ ਦੇ ਹਮਦਰਦ ਓ ਸਰਕਾਰ। ਤੁਸੀਂ ਨਾ ਰਹੇ ਤਾਂ ਕੁੱਝ ਵੀ ਨਹੀਂ ਰਹੇਗਾ। ਇਹਨਾਂ ਕਾਜ਼ੀਆਂ, ਮੁੱਲਾਂ-ਮੁਲਾਣਿਆਂ ਤੇ ਇਹਨਾਂ ਨਵਾਬਾਂ ਦੇ ਰਹਿਣ ਨਾ ਰਹਿਣ ਨਾਲ ਕੋਈ ਫਰਕ ਨਹੀਂ ਪੈਂਦਾ, ਪਰ ਬੁੱਲ੍ਹੇ ਸ਼ਾਹ ਜਿਹਾ ਸਦੀਆਂ ਬਾਅਦ ਈ ਜੰਮਦਾ ਏ ਸਰਕਾਰ। ਤੁਸੀਂ ਇਸ ਵੇਲੇ ਕਸੂਰੋਂ ਬਾਹਰ ਚਲੇ ਚਲੋ। ਤਕੀਏ ਦਾ ਬੰਦੋਬਸਤ ਹੋ ਜਾਏਗਾ। ਤੁਹਾਡੇ ਅਕੀਦਤਮੰਦ ਤੁਹਾਨੂੰ ਮਿਲਣ ਆ ਸਕਣਗੇ। ਕਸੂਰ ਦੀਆਂ ਕੰਧਾਂ ਦੇ ਅੰਦਰ ਇਹਨਾਂ ਜ਼ਾਲਮਾਂ ਨੂੰ ਜੋ ਕਰਦੇ ਨੇ ਕਰਨ ਦਿਉ।

ਉਸ ਵੇਲੇ ਦੀ ਤੁਅੱਸਬੀ ਸੱਤਾ ਉਸ ਨੂੰ ਜਿਉਂਦੇ ਜੀਅ ਕਸੂਰ ਤੋਂ ਬਾਹਰ ਕੱਢ ਰਹੀ ਸੀ ਅਤੇ ਅੱਜ ਦੀ ਸੱਤਾ ਉਸ ਦੀ ਕਬਰ ਤੋਂ ਡਰ ਰਹੀ ਹੈ। ਸੱਤਾ ਕੋਲ ਦਹਿਸ਼ਤ ਦੀ ਜ਼ੁਬਾਨ ਹੁੰਦੀ ਹੈ ਅਤੇ ਫਕੀਰਾਂ ਕੋਲੋਂ ਮੁੱਹਬਤ ਤੇ ਨਫ਼ਾਸਤ ਦੀ ਜ਼ੁਬਾਨ ਹੁੰਦੀ ਹੈ। ਸੱਤਾ ਨੂੰ ਹਮੇਸ਼ਾ ਮੁਹੱਬਤ ਕਰਨ ਵਾਲਿਆਂ ਤੋਂ ਡਰ ਲਗਦਾ ਹੈ। ਸੱਤਾ ਹਮੇਸ਼ਾ ਇਕਵਚਨੀ ਹੁੰਦੀ ਹੈ, ਅਸਹਿਣਸ਼ੀਲ ਹੁੰਦੀ ਹੈ, ਜਾਬਰ ਹੁੰਦੀ ਹੈ ਅਤੇ ਸ਼ਕਤੀ ਦੇ ਸਿਰ ’ਤੇ ਆਫ਼ਰੀ ਹੁੰਦੀ ਹੈ।

ਬੁੱਲ੍ਹੇ ਤੇ ਦੁੱਲ੍ਹੇ ਮਿੱਟੀ ਚੋਂ ਪੈਦਾ ਹੋਏ ਨਾਇਕ ਹੁੰਦੇ ਹਨ ਜੋ ਆਪੋ ਆਪਣੇ ਤਰੀਕੇ ਨਾਲ ਆਪਣੀ ਮਿੱਟੀ ਨਾਲ ਮੁਹੱਬਤ ਕਰਦੇ ਹਨ ਅਤੇ ਹਰੇਕ ਪ੍ਰਕਾਰ ਦੀ ਨਾਬਰੀ ਨੂੰ ਚੁਣੌਤੀ ਦਿੰਦੇ ਹਨ। ਸੱਤਾ ਏਨੀ ਕੁ ਆਫਰੀ ਹੁੰਦੀ ਹੈ ਕਿ ਉਸ ਨੇ ਤਾਂ ਬੁੱਲ੍ਹੇ ਸ਼ਾਹ ਦੇ ਜਨਾਜ਼ੇ ਨੂੰ ਵੀ ਨਜ਼ਾਇਜ਼ ਕਰਾਰ ਦੇ ਦਿੱਤਾ ਸੀ ਤੇ ਉਸ ਨੂੰ ਸ਼ਹਿਰ ਕਸੂਰ ਦੇ ਕਬਰਿਸਤਾਨ ਵਿਚ ਦਫ਼ਨ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਪਰ ਫੱਕਰ ਕਦ ਜਨਾਜਿਆਂ ਦੇ ਮੁਹਤਾਜ ਹੁੰਦੇ ਹਨ। ਉਹ ਤਾਂ ਅੰਬਰ ‘ਚ ਗੂੰਜਦੀ ਅਵਾਜ਼ ਹੁੰਦੇ ਹਨ, ਜੋ ਅਜ਼ਲਾਂ ਤੀਕ ਸੁਣਾਈ ਦਿੰਦੀ ਹੈ ਤੇ ਜਿਸ ਨੂੰ ਕੋਈ ਕਤਲ ਨਹੀਂ ਕਰ ਸਕਦਾ। ਬੁੱਲ੍ਹੇ ਸ਼ਾਹ ਦੇ ਇਹ ਬੋਲ ਉਹਨਾਂ ਹਾਕਮਾਂ ਦੇ ਮੂੰਹ ਤੇ ਵੀ ਚੁਪੇੜ ਸੀ ਤੇ ਅੱਜ ਦੇ ਇਹਨਾਂ ਸ਼ਾਤਿਰ ਫਿਰਕਾਪ੍ਰਸਤ ਲੋਕਾਂ ਦੇ ਮੂੰਹ ’ਤੇ ਵੀ ਚੁਪੇੜ ਹਨ, ਜਿਹੜੇ ਉਸ ਦੀ ਕਬਰ ਨੂੰ ਪੁੱਟ ਕੇ ਉਸ ਨੂੰ ਬੇਦਖਲ ਕਰਨਾ ਚਾਹੁੰਦੇ ਹਨ :

ਸਾਡੇ ਵੱਲ ਮੁੱਖੜਾ ਮੋੜ ਪਿਆਰਿਆ, ਸਾਡੇ ਵੱਲ ਮੁੱਖੜਾ ਮੋੜ ਵੇ।
ਅਰਸ਼ ਕੁਰਸੀ ਤੇ ਬਾਗਾਂ ਮਿਲੀਆਂ, ਮੱਕੇ ਪੈ ਗਿਆ ਸ਼ੋਰ ਵੇ
ਜੇ ਮਾਏਂ ਤੈਨੂੰ ਖੇੜੇ ਪਿਆਰੇ, ਡੋਲੀ ਪਾ ਦੇਈਂ ਹੋਰ।
ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਗੋਰ ਪਿਆ ਕੋਈ ਹੋਰ।
ਸਾਡੇ ਵੱਲ ਮੁੱਖੜਾ ਮੋੜ ਵੇ।

ਸੁਆਲ ਇਹ ਨਹੀਂ ਕਿ ਉਹ ਕੀ ਕਰ ਰਹੇ ਹਨ, ਸੁਆਲ ਇਹ ਹੈ ਕਿ ਅਸੀਂ ਚੁੱਪ ਕਿਉਂ ਹਾਂ?

ਗੁਰਸ਼ਰਨ ਸਿੰਘ ਦੇ ਨਾਟਕ ‘ਚਾਂਦਨੀ ਚੌਂਕ ਤੋਂ ਸਰਹਿੰਦ ਤਕ’ ਦਾ ਸੂਤਰਧਾਰ ਕਹਿੰਦਾ : ਜਿਹੜੇ ਲੋਕ ਜ਼ੁਲਮ ਨੂੰ ਤਮਾਸ਼ਾਈ ਸਮਝ ਕੇ ਦੇਖਦੇ ਹਨ, ਇਤਿਹਾਸ ਉਹਨਾਂ ਨੂੰ ਤਮਾਸ਼ਾ ਬਣਾ ਦਿੰਦਾ ਹੈ।

ਸ਼ਾਹਿਦ ਨਦੀਮ ਦੇ ਨਾਟਕ ‘ਬੁੱਲ੍ਹਾ’ ਦੇ ਇਕ ਪਾਤਰ ਜੋਗੀ ਦਾ ਇਹ ਸੰਵਾਦ ਸਾਡੇ ਸਾਰਿਆਂ ਲਈ ਹੈ :

ਜੋਗੀ : ਬੁੱਲ੍ਹੇ ਸ਼ਾਹ ਤੇਰੇ ਵਰਗੇ ਹੋਰ ਕਿਉਂ ਨਹੀਂ ਜੰਮਦੇ। ਜੇ ਜੰਮਦੇ ਨੇ ਤਾਂ ਬੋਲਦੇ ਕਿਉਂ ਨਹੀਂ, ਤੇ ਜੇ ਬੋਲਦੇ ਨੇ ਤਾਂ ਗੱਜ-ਵੱਜ ਕੇ ਕਿਉਂ ਨਹੀਂ ਬੋਲਦੇ ! ਬੁੱਲ੍ਹੇ ਸ਼ਾਹ ਹਾਰ ਨਾ ਮੰਨੀ, ਆਪਣੀ ਜ਼ੁਬਾਨ ਬੰਦ ਨਾ ਕਰੀਂ। ਤੂੰ ਕਵਾਲੀ ਕਰਦਾ ਰਹੀ ਬੁੱਲ੍ਹੇ ਸ਼ਾਹ ! ਆਓ ! ਕਵਾਲੀ ਕਰਦੇ ਰਹੀਏ ਤੇ ਜ਼ੁਬਾਨ ਬੰਦ ਨਾ ਕਰੀਏ..

ਪੁਜਾਰੀ ਚੋਰ, ਸਵੀਪਰ ਇਮਾਨਦਾਰ

ਗਰਭ ਗ੍ਰਹਿ ਤੋਂ ਸੋਨੇ ਦੇ ਸਾਢੇ ਚਾਰ ਕਿਲੋ ਪੱਤਰੇ ਉਤਾਰ ਕੇ ਪਿੱਤਲ ਦੇ ਚੜ੍ਹਵਾ ਦਿੱਤੇ। ਚੋਰ ਪੁਜਾਰੀ ਫੜਿਆ ਗਿਆ। ਇਸ ਦੇ ਮੁਕਾਬਲੇ ਦਲਿਤ ਸਫਾਈ ਕਰਮਚਾਰੀ ਪਦਮਾ ਇਮਾਨਦਾਰ ਨਿਕਲੀ ਕਿਸੇ ਦਾ 45 ਲੱਖ ਦਾ ਸੋਨਾ ਪੁਲਿਸ ਕੋਲ ਜਮਾਂ ਕਰਵਾ ਕੇ ਨਾਮਣਾ ਖੱਟਿਆ।

ਇੱਕ ਪਾਸੇ ਪਦਮਾ – ਇੱਕ ਦਲਿਤ ਸਫ਼ਾਈਕਰਮੀ, ਜੋ ਹਰ ਸਵੇਰੇ ਉੱਠ ਕੇ ਸੜਕਾਂ ਨੂੰ ਚਮਕਾਉਂਦੀ ਹੈ।

ਉਸ ਨੂੰ ਸੜਕ ‘ਤੇ ਇੱਕ ਥੈਲਾ ਮਿਲਿਆ, ਜਿਸ ਵਿੱਚ ਲਗਭਗ 45 ਤੋਲੇ ਸੋਨਾ ਸੀ। ਉਸ ਦੇ ਮਨ ਵਿੱਚ ਇੱਕ ਪਲ ਵੀ ਲਾਲਚ ਨਾ ਆਇਆ। ਥੈਲਾ ਚੁੱਕਿਆ, ਪੁਲਿਸ ਨੂੰ ਸੌਂਪਿਆ ਅਤੇ ਸੋਨਾ ਅਸਲੀ ਮਾਲਕ ਤੱਕ ਪਹੁੰਚ ਗਿਆ। ਮੁੱਖ ਮੰਤਰੀ ਖੁਦ ਮਿਲੇ, 1 ਲੱਖ ਰੁਪਏ ਦਾ ਚੈੱਕ ਦਿੱਤਾ ਅਤੇ ਕਿਹਾ, ‘ਇਹ ਹੈ ਅਸਲੀ ਤਾਮਿਲਨਾਡੂ ਦੀ ਸ਼ਾਨ।’

ਦੂਜੇ ਪਾਸੇ ਸਬਰੀਮਾਲਾ ਮੰਦਰ ਦਾ ਮੁੱਖ ਪੁਜਾਰੀ ਪੰਡਿਤ ਕੰਡਾਰਾਰੂ ਰਾਜੀਵਰੂ -

ਮੰਦਰ ਦੇ ਗਰਭਗ੍ਰਹਿ ਦੇ ਦਰਵਾਜ਼ੇ ਅਤੇ ਦਰਵਾਜ਼ਾਬਾਨਾਂ ‘ਤੇ ਚੜ੍ਹੀ 4.5 ਕਿਲੋ ਸੋਨੇ ਦੀ ਪਰਤ ਚੋਰੀ ਕਰ ਲਈ। ਸੋਨੇ ਦੀ ਜਗ੍ਹਾ ਪਿੱਤਲ ਦੀ ਪਰਤ ਚੜ੍ਹਾ ਦਿੱਤੀ ਅਤੇ ਅਸਲੀ ਸੋਨਾ ਗਾਇਬ ਕਰ ਦਿੱਤਾ।

ਹੁਣ ਦੱਸੋ:

ਕੀ ਧਰਮ ਦਾ ਨੈਤਿਕਤਾ ਨਾਲ ਕੋਈ ਸਬੰਧ ਹੈ?
ਕੀ ਰੱਬ ਦਾ ਡਰ ਲੋਕਾਂ ਨੂੰ ਮਾੜੇ ਕੰਮਾਂ ਤੋਂ ਰੋਕਦਾ ਹੈ?

ਇੱਕ ਯਾਦ

ਵੀਰਵਾਰ ਵੀ ਸੂਰਜ ਚੜ੍ਹਦਾ

ਜੋਗੇ ਭੰਗਲ

ਕਿਸੇ ਨੂੰ ਮਾਂਹ ਵਾਦੀ, ਕਿਸੇ ਨੂੰ ਸਵਾਦੀ ! ....

ਇੱਕ ਦਿਨ ਮੇਰੀ ਕੁੜੀ ਨੇ, ਇਕ ਅਜੀਬੋ-ਗਰੀਬ ਸਮੱਸਿਆ ਮੇਰੇ ਨਾਲ਼ ਸ਼ੇਅਰ ਕੀਤੀ। ਸੁਣ ਕੇ ਪਹਿਲਾਂ ਮੈਂ ਸ਼ਸ਼ੋਪੰਜ 'ਚ ਪਿਆ।...... ਮੈਂਖਿਆ ਕੋਈ ਨਈਂ, ਮੈਂਨੂੰ ਸੋਚਣ ਦੇ

ਮੈਂ ਸੋਚਦਾਂ ਕਿ ਇਸ ਕੁੜੀ ਨੂੰ ਈ ਕਿਉਂ ਵਾਰ-ਵਾਰ ਸਮੱਸਿਆ ਆ ਰਹੀ। ਇਕ ਵਾਰ ਪ੍ਰਾਇਮਰੀ ਸਕੂਲ 'ਚ ਪੜ੍ਹਦੀ ਨੂੰ, ਮੈਡਮ ਨੇ ਕੰਨ ਖਿੱਚ ਕੇ ਦੋ ਚਪੇੜਾਂ ਕੀ ਜੜ੍ਹ ਦਿੱਤੀਆਂ, ਦੂਜੇ ਦਿਨ ਸਕੂਲ ਨਾ ਜਾਣ ਲਈ ਪੈਰ ਅੜਾ ਲਏ। ਅਖੇ ਮੈਡਮ ਨੇ ਮੈਨੂੰ ਬਿਨਾਂ ਗੱਲੋਂ ਝਿੜਕਿਆ। ਰੌਲ਼ੀ ਹੋਰ ਕੁੜੀਆਂ ਪਾ ਰਹੀਆਂ ਸੀ, ਚੁੱਪ-ਚਾਪ ਬੈਠੀ ਦਾ ਮਨੀਟਰ ਨੇ ਨਾਂ ਲਿਖ ਕੇ ਮੈਡਮ ਨੂੰ ਦੇ 'ਤਾ। ਮਸਾਂ ਉਦੋਂ ਮਾਂ ਪੁਤਿਆ-ਪੁਤਿਊ ਕੇ ਸਕੂਲੇ ਛੱਡ ਕੇ ਆਂਦੀ। ਕਈ ਵਾਰ ਛੋਟੀਆਂ-ਛੋਟੀਆਂ ਗੱਲਾਂ 'ਤੇ ਹੀ ......।

ਆਹ ਦੋ ਕੁ ਮਹੀਨੇ ਪਹਿਲੀ ਗੱਲ ਆ। ਅਜੇ ਦੋ ਦਿਨ ਪੂਰੇ ਨਈਂ ਸੀ ਹੋਏ। ਇਹ ਨਰਸਿੰਗ ਕਾਲਜ 'ਚ, ਬੀ.ਐਸ. ਸੀ. ਨਰਸਿੰਗ ਕਰਨ ਗਈ ਹੀ ਸੀ ਅਜੇ। ਉੱਥੇ ਵੀ.......। ਸੀਨੀਅਰਜ਼ ਨੇ ਰਾਤ ਨੂੰ ਉਹਦੇ ਕੋਲੋਂ ਪਾਣੀ ਢਵਾ-ਢਵਾ ਕੇ, ਇਹਦੀ ਐਸੀ ਰੇਲ ਬਣਾਈ ਕਿ ਇਹਨੂੰ ਰੋਣਹਾਕੀ ਕਰ ਦਿੱਤਾ। ਕਿਤੇ ਸੀਨੀਅਰ ਨੇ ਆਪਣੀ ਸਿਨੀਆਰਟੀ ਦਿਖਾਉਂਦਿਆਂ, ਇਹਨੂੰ ਕੁਛ ਗਲਤ ਰਿਮਾਕਸ ਵੀ......। ਇਹ ਵੀ ਅੱਗਿਉਂ ਉਸੇ ਟੋਨ 'ਚ ਜਵਾਬ ਦੇ ਬੈਠੀ। ਲੜੀਆਂ ਮਿਰਚਾਂ ਦਾ, ਸੀਨੀਅਰ ਨੇ ਫੇਰ ਇਹਨੂੰ ਐਸਾ ਮਜ਼ਾ ਚਿਖਾਇਆ ਕਿ ਉਹ ਤਾਂ ਅਗਲੀ ਸਵੇਰ, ਪਤਾ ਨਈਂ ਕਿਵੇਂ ਚੋਰੀ-ਛਿਪੇ, ਬਚਦੀ-ਬਚਾਉਂਦੀ, ਕਾਲਜ ਛੱਡ ਕੇ ਘਰੇ ਆ ਖੜ੍ਹੀ। ਅਖੇ ਮੈਂ ਨਈਂ ਪੜ੍ਹਨਾ-ਪੁੜ੍ਹਨਾ। ਨਾਲ਼ੇ ਸਹਿਮੀ, ਡੈਂਬਰਿਆਂ ਵਾਂਗ ਦੇਖੀ ਜਾਏ। ਵਿਚਲੀ ਗੱਲ ਦੱਸੇ ਕੋਈ ਨਾ। ਮਾਂ ਨੇ ਉਹਦਾ ਸਿਰ ਆਪਣੀ ਗੋਦੀ 'ਚ ਰੱਖ ਕੇ, ਮਸਾਂ ਕਰੇਦ-ਕਰੂਦ ਕੇ ਕੁਛ ਭਾਫ਼ ਲਈ।

ਉੱਧਰ ਮੈਂ ਕਿਸੇ ਦਫ਼ਤਰੀ ਕੋਰਟ ਕੇਸ 'ਚ ਫਸਿਆ ਪ੍ਰੇਸ਼ਾਨ। ਕੋਰਟ ਜਾਣ ਲਈ ਤਿਆਰ ਬੈਠਾ। ਘਰਵਾਲ਼ੀ ਨੇ ਮੇਰੇ ਦੁਆਲ਼ੇ ਡਾਂਗ ਕੱਢ ਲਈ। ਮੇਰੇ ਹੱਥੋਂ ਫਾਈਲਾਂ ਖੋਹੀਆਂ, ਲੌਂਕ ਲਾ ਕੇ ਬੰਦ ਕਰਦੀ ਕਹਿੰਦੀ,"ਪਹਿਲਾਂ ਕੁੜੀ ਨਾਲ਼ ਕਾਲਜ ਜਾਣਾ ਜਰੂਰੀ ਏ ਨਾ ਕਿ ਕੋਰਟ। ਦਫ਼ਤਰਾਂ ਦੇ ਕੰਮ ਚਲਦੇ ਰੈਣ੍ਹੇ। ਇਹ ਥੁਆਡੇ ਕੰਮ ਨਈਂ ਮੁੱਕਣੇ। ਉੱਧਰ ਨਿਆਣੇ ਦੇ ਭਵਿੱਖ ਦਾ ਸਵਾਲ .....।"

ਇਸ ਗੱਲ ਦਾ ਮੇਰੇ ਕੋਲ਼ ਵੀ ਕੋਈ ਤੋੜ ਨਾ। ਉੱਧਰ ਦਫ਼ਤਰ ਫ਼ੋਨ ਕੀਤਾ ਤਾਂ ਮੇਰੀ ਜਗ੍ਹਾ ਕੋਈ ਤਰੀਕ ਭੁਗਤਣ ਨੂੰ ਨਾ ਤਿਆਰ। ਉਹਨਾਂ ਕੋਲ਼ ਤਾਂ ਇੱਕੋ ਘੜਿਆ-ਘੜਾਇਆ ਜਵਾਬ- ਅਖੇ ਸਾਨੂੰ ਕੇਸ ਬਾਰੇ ਪਤਾ ਕੁਛ ਨਈਂ, ਅਸੀਂ ਹੱਥਕੜੀਆਂ ਲਵਾਣੀਆਂ। ਉਹ ਨਾ ਜਾਣ ਮਾਰੇ, ਐਵੇਂ ਕੋਰਟ ਨੂੰ ਹਊਆ ਬਣਾਈ ਬੈਠੇ। ਅਫ਼ਸਰ ਵੀ ਮੇਰੀ ਸੁਣੇ ਨਾ। ਅਖੇ ਤੂੰ ਕੁੜੀ ਨਾਲ਼ ਕਾਲਜ ਕੱਲ੍ਹ ਚਲੇ ਜਈਂ ਜਾਂ ਘਰਵਾਲ਼ੀ ਨੂੰ .....। ਬਿਨਾਂ ਤਿਆਰੀ ਤੋਂ ਜੱਜ ਮੋਰ੍ਹੇ ਖੜ੍ਹਨੋਂ ਅਫ਼ਸਰ ਵੀ ਜਕੇ। ਮੈਂ ਦੋ ਪੁੜਾਂ 'ਚ ਫਸ ਗਿਆ। ਆਖ਼ਰ ਇਕ ਪੁੜ 'ਚੋਂ ਮੇਰੇ ਵਕੀਲ ਨੇ ਮੈਨੂੰ ਕੱਢਿਆ। ਮੈਂ ਉਹਨੂੰ ਆਪਣੀ ਮਜਬੂਰੀ ਦਾ ਵਾਸਤਾ ਪਾਇਆ। ਕੁਦਰਤੀਉਂ, ਉਹਦੀ ਕੁੜੀ ਵੀ ਉਸੇ ਕਾਲਜ 'ਚ ਨਰਸਿੰਗ ਕਰੇ।

ਉਹ ਮੇਰੀ ਸਮੱਸਿਆ ਸੁਣ ਕੇ ਕਹਿੰਦਾ, "ਓ ਜੋਗਾ ਸਿੰਘ ! ਕੋਈ ਨਈਂ, ਪਰਵਾਹ ਨਾ ਕਰੀਂ, ਮੈਂ ਆਪੇ ਅਗਲੀ ਤਰੀਕ ਲੈ ਲਊਂ।" ਉਹਦੀ ਥਾਪੀ ਨਾਲ਼, ਮੈਂ ਇਕ ਪਾਸਿਉਂ ਸੁਰਖ਼ਰੂ ਹੋਇਆ ਤਾਂ ਮੈਂ ਕੁੜੀ ਨਾਲ਼ ਉਹਦੇ ਕਾਲਜ ਜਾਣ ਜੋਗਾ ਬਣਿਆਂ।

ਸਮਝਾ-ਬੁਝਾ ਕੇ, ਮੈਂ ਦੁਬਾਰਾ ਉਹਨੂੰ ਕਾਲਜ ਲੈ ਕੇ ਗਿਆ। ਸਿੱਧਾ ਦਫ਼ਤਰ 'ਚ ਪ੍ਰਿੰਸੀਪਲ ਨੂੰ ਹੀ ਮਿਲ਼ਿਆ। ਪਰ ਪ੍ਰਿੰਸੀਪਲ ਮੈਡਮ ਕਹੇ ਕਿ ਪਹਿਲੀ ਗੱਲ਼, ਇਹ ਬਿਨਾਂ ਦੱਸੇ, ਕਾਲਜ ਛੱਡ ਕੇ ਗਈ ਕਿਮੇ। ਕੋਈ ਹੋਰ ਉਂਨੀ-ਇੱਕੀ ਹੋ ਜਾਂਦੀ, ਜੁੰਮੇਵਾਰ ਤਾਂ ਅਸੀਂ ਬਣਨਾ ਸੀ। ਅਖੇ ਕੋਈ ਗੱਲ ਸੀ ਤਾਂ ਮੇਰੇ ਨਾਲ਼ ਸਾਂਝੀ ਕਰਦੀ ਆ ਕੇ। ਜਿੰਨਾ ਕੁ ਮੈਨੂੰ ਪਤਾ ਸੀ, ਮੈਂ ਮੈਡਮ ਨੂੰ ਦੱਸ ਦਿੱਤਾ। ਨਾਲ਼ੇ ਮੈਂਖਿਆ ਇਹ ਤਾਂ ਊਂ ਈ ਆਪਣਾ ਮਾਨਸਿਕ ਸੰਤੁਲਨ ਖੋਈ ਬੈਠੀ ਸੀ। ਮੈਂ ਤਾਂ ਸ਼ੁਕਰ ਕਰਦਾਂ, ਇਹਨੇ ਕੋਈ ਹੋਰ ਪੁੱਠਾ-ਸਿੱਧਾ ਕਦਮ ਨਈਂ .....। ਮੈਡਮ ਤਾਂ ਤ੍ਰਬਕ ਕੇ ਇਕਦਮ ਕੁਰਸੀ ਤੋਂ ਉੱਠ ਖਲੋਈ। ਸਾਰਾ ਕਾਲਜ ਹਾੱਲ 'ਚ 'ਕੱਠਾ ਹੋਣ ਦੀ ਅਨਾਊਂਸਮੈਂਟ ਕਰਵਾ ਦਿੱਤੀ। ਮੈਨੂੰ ਉਹਨੇ ਭੇਜ ਦਿੱਤਾ ਕਿ ਤੁਸੀਂ ਬੇਫ਼ਿਕਰ ਹੋ ਕੇ ਜਾਉ। ਹੁਣ ਮੈਂ ਜਾਣਾ, ਮੇਰਾ ਕੰਮ ਜਾਣੇ। ਮੈਂ ਨਿਸ਼ਚਿੰਤ ਹੋ ਕੇ ਵਾਪਸ ਆ ਗਿਆ।

ਮੈਨੂੰ ਬਾਅਦ 'ਚ ਆਪਣੀ ਕੁੜੀ ਤੋਂ ਹੀ ਪਤਾ ਲੱਗਾ ਕਿ ਪਹਿਲਾਂ ਪ੍ਰਿੰਸੀਪਲ ਮੈਮ ਨੇ ਸਭ ਨੂੰ 'ਕੱਠੇ ਕਰਕੇ ਡਿਸਿਪਲਨਡ ਬਣਨ ਅਤੇ ਰਹਿਣ ਸਬੰਧੀ ਲੈਕਚਰ ਦਿੱਤਾ। ਫੇਰ ਉਨ੍ਹਾਂ ਦੋਸ਼ੀ ਸੀਨੀਅਰਜ਼ ਨੂੰ, ਸਪੈਸ਼ਲ ਆਪਣੇ ਦਫ਼ਤਰ ਬੁਲਾ ਕੇ, ਪਤਾ ਨਹੀਂ ਕੀ ਕਿਹਾ। ਮੁੜ ਕਿਸੇ ਕੁੜੀ ਦੀ, ਉਹਨੂੰ 'ਉਏ' ਤੱਕ ਕਹਿਣ ਦੀ

ਹਿੰਮਤ ਨਾ ਹੋਈ। ਅਖੇ ਸਗੋਂ ਉਨ੍ਹਾਂ ਸੀਨੀਅਰ ਨੇ ਮੇਰੇ ਕੋਲ਼ ਸੌਰੀ ਫੀਲ ਕੀਤਾ। ਬਾਅਦ 'ਚ ਵੀ ਮੇਰਾ ਹਾਲ-ਚਾਲ ਪੁੱਛਦੀਆਂ ਰਹੀਆਂ।

ਕਾਲਜ 'ਚ ਵਾਸ਼ਰੂਮ ਘੱਟ, ਕੁੜੀਆਂ ਜਿਆਦਾ। ਨਹਾਉਣ ਲਈ ਲਾਈਨਾਂ ਲੱਗੀਆਂ ਰਹਿੰਦੀਆਂ, ਖਾਸ ਕਰ ਜਦੋਂ ਸਿਰ ਧੋਣਾ ਹੁੰਦਾ। ਕਈ-ਕਈ ਘੰਟੇ ਵਾਰੀ ਨਾ ਆਉਂਦੀ। ਕਈ ਤਾਂ ਵਿਚਾਰੀਆਂ, ਦੋ-ਤਿੰਨ ਵਜੇ ਉੱਠ ਕੇ ਹੀ ਵਾਸ਼ਰੂਮ 'ਚ ਵੜ ਜਾਂਦੀਆਂ। ਕਾਲਜ ਜਾਣ ਲਈ ਤਿਆਰ ਵੀ ਹੋਣਾ ਅਕਸਰ। ਮੇਰੀ ਕੁੜੀ ਨੂੰ ਸ਼ੁਰੂ ਤੋਂ ਲੇਟ ਉੱਠਣ ਦੀ ਆਦਤ। ਕਈ ਵਾਰ ਤਾਂ ਵਾਰੀ ਆਉਣ ਨੂੰ ਇੰਨਾ ਟਾਈਮ ਲੱਗ ਜਾਣਾ ਕਿ ਤਿਆਰ ਵੀ ਨਾ ਹੋ ਹੋਣਾ।

ਇਕ ਦਿਨ ਉਹ ਛੁੱਟੀ ਵਾਲ਼ੇ ਦਿਨ ਘਰ ਆਈ। ਫੇਰ ਉਹ ਰੋਣਹਾਕੀ ਹੋਈ ਫਿਰੇ। ਮਸਾਂ ਨਾਰਮਲ ਕੀਤਾ। ਮੈਂ ਉਹਦੀ ਸਮੱਸਿਆ ਸੁਣ ਕੇ ਘੋਖ਼ਦਿਆਂ, ਉਹਨੂੰ ਸੁਝਾਅ ਦਿੱਤਾ ਪਈ ਇਕ ਕੰਮ ਕਰ। ਹੁਣ ਤੂੰ ਰੋਜ਼ ਚੈੱਕ ਕਰੀਂ, ਦੇਖੀਂ ਕਦੋਂ ਰਸ਼ ਘੱਟ ਹੁੰਦਾ। ਉਹਨੇ ਕਾਲਜ ਜਾ ਕੇ, ਮਹੀਨਾ ਕੁ ਇਹ ਕੰਮ ਕੀਤਾ। ਫੇਰ ਇਕ ਦਿਨ ਗੱਲ ਹੋਈ। ਉਹ ਕਹਿੰਦੀ ਕਿ ਵੀਰਵਾਰ ਨੂੰ ਵੇਲ਼ੂ ਹੁੰਦੀ। ਸੁਣ ਕੇ ਮੈਂਨੂੰ ਪੜ੍ਹੀਆਂ-ਲਿਖੀਆਂ ਕੁੜੀਆਂ 'ਤੇ ਹਾਸਾ ਆਏ ਤੇ ਦੁੱਖ ਵੀ ਹੋਵੇ।

"ਦੱਸ, ਕਮਲ਼ੀਏ ! ਹੋਰ ਤੈਂਨੂੰ ਹੋਰ ਕੀ ਚਾਹੀਦੈ? ......ਉਸ ਦਿਨ ਜਿੱਦਾਂ ਮਰਜੀ ਮਲ਼-ਮਲ਼ ਨਾਹ।"

"ਪਰ ਡੈਡੀ, ਮੈਂਨੂੰ ਨਾ ਕੁਛ ...... !"

"ਜੇ ਕੁਛ ਹੋ ਜਊ ਤਾਂ ਕਾਲਜ ਛੱਡ ਕੇ ਆ ਜਾਈਂ। ਅੱਗੇ ਵੀ ਤਾਂ ....।" ਮੈਂ ਉਹਨੂੰ ਬੇਫ਼ਿਕਰ ਕਰਦਿਆਂ, ਮਸਾਂ ਖੜ੍ਹੀ ਕੀਤਾ।

....

"ਡੈਡੀ ਜੀ ! ਮੇਰਾ ਤਾਂ ਸੂਤ ਈ ਬਹੁਤ ਆਇਆ। ਜਦੋਂ ਮਰਜੀ, ਜਦ ਜੀ ਕਰੇ, ਜਿੱਦਾਂ ਮਰਜੀ ਕੇਸ ਧੋਵੋ, ਨਾਲ਼ੇ ਖੁੱਲ੍ਹ ਕੇ ਨਹਾਉ। ਵੀਰਵਾਰ ਨੂੰ ਮੈਦਾਨ ਖਾਲੀ ਹੁੰਦਾ। ਸਿਰਫ਼ ਇਕ ਹੋਰ ਗੁਜਰਾਤਣ ਕੁੜੀ ਨਹਾਉਂਦੀ ਵੀਰਵਾਰ ਨੂੰ। ਉਹ ਵੀ ਇਸ ਕਰਕੇ, ਉਹ ਕਹਿੰਦੀ ਕਿ ਸਾਡੇ ਵੀਰਵਾਰ ਨੂੰ ਸ਼ੁਭ ਮੰਨਦੇ ਤੇ ਬੁੱਧਵਾਰ ਨੂੰ ਅਸ਼ੁਭ।" ਜਿਸ ਦਿਨ ਉਹਦਾ ਫ਼ੋਨ ਆਇਆ, ਉਹਦਾ ਹਾਸਾ ਨਾ ਬੰਦ ਹੋਵੇ। ਸੁਣ ਕੇ ਖੁਸ਼ੀ ਮੈਂਨੂੰ ਵੀ ਬਹੁਤ ਹੋਈ।

ਕੁੜੀ ਚਾਰ ਸਾਲ ਉੱਥੇ ਕਾਲਜ 'ਚ ਹੱਸਦੀ-ਖੇਡਦੀ ਪੜ੍ਹੀ। ਫਸਟ ਡਵੀਜ਼ਨ 'ਚ ਪਾਸ ਹੋ ਕੇ ਘਰ ਮੁੜੀ। ਵੀਰਵਾਰ ਤਾਂ ਉਹਨੂੰ ਕੋਈ ਜੁਗਨੂੰ ਬਣ ਕੇ ਟੱਕਰਿਆ।

ਮੋ. 94659-52938

ਮੈਰਿਜ ਪੈਲੇਸ ਦੇ ਉਦਘਾਟਨ ਮੌਕੇ ਤਰਕਸ਼ੀਲ ਪ੍ਰੋਗਰਾਮ

ਪਿੰਡ ਭਲਾਈ ਆਣਾ ਵਿਖੇ ਵਿਕਟੋਰੀਆ ਬਲਿੰਗ ਰਿਜ਼ੋਰਟ ਦੇ ਉਦਘਾਟਨ ਮੌਕੇ ਅਜ਼ਾਦਵਿੰਦਰ ਸਿੰਘ ਅਤੇ ਪਰਿਵਾਰ ਵੱਲੋਂ ਤਰਕਸ਼ੀਲ ਸੁਸਾਇਟੀ ਨੂੰ ਬਿਕਰਮਜੀਤ ਰਾਹੀਂ ਸੱਦਾ ਦਿੱਤਾ ਗਿਆ। ਇਕਾਈ ਬਠਿੰਡਾ ਵੱਲੋਂ ਕਿਤਾਬਾਂ ਦੀ ਸਟਾਲ ਲਾਈ ਗਈ। ਇਸ ਸਮਾਗਮ ਵਿੱਚ ਆਏ ਲੋਕਾਂ ਵੱਲੋਂ ਆਪਣੇ ਅਤੇ ਆਪਣੇ ਬੱਚਿਆਂ ਲਈ ਗਿਆਰਾਂ ਹਜ਼ਾਰ ਤੇ ਵੱਧ ਦੀ ਕਿਤਾਬਾਂ ਦੀ ਖਰੀਦ ਕੀਤੀ। ਜਾਦੂ ਸ਼ੋਅ ਵਿੱਚ ਕੁਲਵੰਤ ਸਿੰਘ ਨੇ ਹੈਰਾਨੀ ਜਨਕ ਟਰਿੱਕ ਵਿਖਾਏ। ਭੂਰਾ ਸਿੰਘ ਮਹਿਮਾ ਸਰਜਾ ਨੇ ਆਪਣੇ ਭਾਸ਼ਣ ਵਿੱਚ ਪਰਿਵਾਰ ਦੇ ਇਸ ਉੱਦਮ ਦੀ ਸਰਾਹਨਾ ਕੀਤੀ ਅਤੇ ਨਾਲ ਨਾਲ ਜਾਦੂ ਟਰਿੱਕਾਂ ਦੀ ਵਿਗਿਆਨਕ ਵਿਆਖਿਆ ਕੀਤੀ। ਪਰਿਵਾਰ ਵੱਲੋਂ ਗਿਆਰਾਂ ਹਜ਼ਾਰ ਦੀ ਸਹਾਇਤਾ ਕੀਤੀ ਗਈ। ਇਸ ਵਿੱਚ ਬਿਕਰਮਜੀਤ ਅਤੇ ਹਾਕਮ ਸਿੰਘ ਦਾ ਪੂਰਨ ਸਹਿਯੋਗ ਰਿਹਾ।

ਸਹਾਇਤਾ

ਇਕਾਈ ਬਰਗਾੜੀ

26 ਜਨਵਰੀ 2026 ਨੂੰ ਮਨਾਏ ਗਏ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ ਵਿੱਚ ਇਕੱਤਰ ਹੋਈ ਸਹਾਇਤਾ

1. ਡਾ. ਬਲਜੀਤ ਸਿੰਘ ਬਾਘਾ ਪੁਰਾਣਾ ਵੱਲੋਂ ਆਪਣੇ ਬੇਟੇ ਦੇ ਹੋਮਿਉਪੈਥੀ ਡਾਕਟਰ ਦੀ ਅਸਾਮੀ 'ਤੇ ਨਿਯੁਕਤ ਹੋਣ ਦੀ ਖੁਸ਼ੀ ਵਿੱਚ- 5000 ਰੁਪਏ
2. ਕੇਵਲ ਧਾਲੀਵਾਲ ਵੱਲੋਂ ਆਪਣੇ ਪਿਤਾ ਗੁਰਦੇਵ ਸਿੰਘ ਧਾਲੀਵਾਲ ਦੀ ਯਾਦ ਵਿੱਚ- 1000 ਰੁਪਏ
3. ਬਿਕਰਮਜੀਤ ਬਠਿੰਡਾ- 1000 ਰੁਪਏ
4. ਇਕੱਤਰ ਸੋਢੀ ਸਮਾਲਸਰ- 1000 ਰੁਪਏ
5. ਪ੍ਰੇਮ ਸਮਾਲਸਰ- 1000 ਰੁਪਏ
6. ਜਗਰੂਪ ਸਿੰਘ ਧਾਲੀਵਾਲ ਕਨੈਡਾ- 1000 ਰੁਪਏ
7. ਨਿਰਮਲ ਬਰਗਾੜੀ ਕਨੈਡਾ- 1000 ਰੁਪਏ
8. ਗੁਰਚੇਤ ਸਿੰਘ ਢਿੱਲੋਂ, ਸਾਬਕਾ ਸਰਪੰਚ ਬਰਗਾੜੀ- 1000 ਰੁਪਏ
9. ਮਾਸਟਰ ਰਾਮ ਕੁਮਾਰ ਭਦੌੜ- 1000 ਰੁਪਏ
10. ਸੁਖਦੇਵ ਸਿੰਘ, ਬਰਗਾੜੀ ਗੁੜ ਵਾਲੇ- 1000 ਰੁਪਏ
11. ਗੁਰਦੀਪ ਰੁਮਾਣਾ ਪ੍ਰਧਾਨ ਬੀਕੇਯੂ ਅਤੇ ਹਰਜਿੰਦਰ ਰੁਮਾਣਾ- 1000 ਰੁਪਏ
12. ਸ਼੍ਰੀਮਤੀ ਰਾਜਿੰਦਰ ਬਰਗਾੜੀ- 500 ਰੁਪਏ
13. ਵਿਵੇਕ ਕੁਮਾਰ ਲੈਕਚਰਾਰ- 500 ਰੁਪਏ

ਰਣਧੀਰ ਗਿੱਲਪੱਤੀ

ਤੁਸੀਂ ਕਿੰਨੀ ਦੂਰ ਦੇਖ ਸਕਦੇ ਹੋ?



ਵਿਦਿਆਰਥੀ ਦੋਸਤੋ, ਜੇ ਤੁਹਾਨੂੰ ਪੁੱਛਿਆ ਜਾਵੇ ਕਿ ਤੁਸੀਂ ਬਗੈਰ ਕਿਸੇ ਯੰਤਰ ਦੇ ਕਿੰਨੀ ਦੂਰ ਦੇਖ ਸਕਦੇ ਹੋ? ਤਾਂ ਤੁਹਾਡਾ ਜਵਾਬ ਹੋਵੇਗਾ ਕਿ ਤੁਸੀਂ ਤਿੰਨ ਜਾਂ ਚਾਰ ਕਿਲੋਮੀਟਰ ਦੂਰੀ ਤੱਕ ਦੇਖ ਸਕਦੇ ਹੋ ਜਾਂ ਫਿਰ ਵੱਧ ਤੋਂ ਵੱਧ ਦਿਸਹੱਦੇ ਤੱਕ, ਜਿੱਥੇ ਧਰਤੀ ਅਤੇ ਆਕਾਸ਼ ਮਿਲਦੇ ਜਾਪਦੇ ਹਨ। ਇਹ ਦੂਰੀ ਵੀ ਪੰਜ ਕੁ ਕਿਲੋਮੀਟਰ ਹੋ ਸਕਦੀ ਹੈ। ਜੇਕਰ ਤੁਸੀਂ ਕਿਸੇ ਉੱਚੀ ਜਗ੍ਹਾ 'ਤੇ ਖੜ ਕੇ ਦੇਖੋ ਤਾਂ ਇਹ ਦੂਰੀ ਹੋਰ ਵੀ ਵਧ ਸਕਦੀ ਹੈ। ਮਿਸਾਲ ਦੇ ਤੌਰ 'ਤੇ ਸਾਫ ਮੌਸਮ ਵਿੱਚ 30-40 ਕਿਲੋਮੀਟਰ ਦੀ ਦੂਰੀ ਤੋਂ ਥਰਮਲ ਪਲਾਂਟ ਬਠਿੰਡਾ ਦੇ ਕੂਲਿੰਗ ਟਾਵਰ ਵੇਖੇ ਜਾ ਸਕਦੇ ਹਨ ਜਾਂ ਫਿਰ ਮਸੂਰੀ ਤੋਂ ਦੂਨ ਵਾਦੀ ਵਿੱਚ ਵਸੇ ਸ਼ਹਿਰ ਦੇਹਰਾਦੂਨ ਨੂੰ ਵੇਖਿਆ ਜਾ ਸਕਦਾ ਹੈ।

ਕੀ ਤੁਸੀਂ ਜਾਣਦੇ ਹੋ ਕਿ ਦੂਰਬੀਨ ਵਗੈਰਾ ਦੀ ਵਰਤੋਂ ਤੋਂ ਬਿਨਾਂ ਵੀ ਤੁਸੀਂ ਬਹੁਤ ਜਿਆਦਾ ਦੂਰੀ ਤੱਕ ਵੇਖ ਸਕਦੇ ਹੋ। ਆਓ ਵੇਖਣ ਦਾ ਯਤਨ ਕਰੀਏ। ਆਕਾਸ਼ ਵੱਲ ਝਾਤ ਮਾਰੋ। ਤੁਸੀਂ ਪ੍ਰਿਥਵੀ ਤੋਂ ਆਕਾਸ਼ ਵਿੱਚ ਚਮਕਦਾ ਚੰਦਰਮਾ ਦੇਖ ਰਹੇ ਹੋ। ਇਸ ਦੀ ਇਥੋਂ ਔਸਤ ਦੂਰੀ 3,84,000 ਕਿਲੋਮੀਟਰ ਹੈ। ਦਿਨ ਵੇਲੇ ਤੁਸੀਂ ਅਸਮਾਨ ਵਿੱਚ ਚਮਕਦਾ ਸੂਰਜ ਵੇਖ ਸਕਦੇ ਹੋ ਜਿਸ ਦੀ ਪ੍ਰਿਥਵੀ ਤੋਂ ਔਸਤ ਦੂਰੀ ਹੋਰ ਵੀ ਜਿਆਦਾ 14 ਕਰੋੜ 98 ਲੱਖ ਕਿਲੋਮੀਟਰ ਬਣਦੀ ਹੈ। ਹੁਣ ਹੋਰ ਅੱਗੇ ਵਧੋ। ਚੰਦਰਮਾਂ ਦੀ ਗੈਰ ਹਾਜ਼ਰੀ ਵਿੱਚ, ਹਨੇਰੀ ਕਾਲੀ ਸਾਫ ਰਾਤ ਦੌਰਾਨ ਆਕਾਸ਼ ਵਾਲਾ ਨਿਗਾਹ ਮਾਰੋ। ਬਹੁਤ ਮੱਧਮ ਦਿਸਦੇ ਤਾਰੇ ਪ੍ਰਿਥਵੀ ਅਤੇ ਸੂਰਜ ਦੀ ਦੂਰੀ ਨਾਲੋਂ ਵੀ ਹਜ਼ਾਰਾਂ ਗੁਣਾਂ ਵੱਧ ਦੂਰੀ ਉੱਤੇ ਚਮਕਦੇ ਦਿਖਾਈ ਦੇ ਰਹੇ ਹਨ। ਸਾਡੇ ਸੂਰਜ ਦਾ ਸਭ ਤੋਂ ਨੇੜਲਾ ਗਵਾਂਢੀ ਤਾਰਾ ਅਲਫਾ ਸੈਂਟੋਰੀ ਹੀ ਸਾਡੇ ਨਾਲੋਂ 4.37 ਪ੍ਰਕਾਸ਼ ਵਰ੍ਹੇ ਦੂਰ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਪ੍ਰਕਾਸ਼ ਦੀ ਰਫਤਾਰ 2,99792.40 ਕਿਲੋਮੀਟਰ ਪ੍ਰਤੀ ਸੈਕਿੰਡ ਹੈ ਅਤੇ ਇਹ ਇੱਕ ਸਾਲ ਵਿੱਚ ਲਗਭਗ 95 ਖਰਬ ਕਿਲੋਮੀਟਰ ਦੂਰੀ ਤੈਅ ਕਰਦਾ ਹੈ। ਇਸ ਦੂਰੀ ਨੂੰ ਇੱਕ ਪ੍ਰਕਾਸ਼ ਵਰ੍ਹਾ ਆਖਦੇ ਹਨ। ਆਓ ਹੁਣ ਹੋਰ ਅੱਗੇ ਵੇਖੀਏ। ਸਾਫ਼ ਮੌਸਮ ਵਿੱਚ, ਹਨੇਰੀ ਕਾਲੀ ਰਾਤ ਵਿੱਚ, ਅਸਮਾਨ ਵਿੱਚ ਦੂਧੀਆ ਧੂੜ ਦੇ ਰੂਪ ਵਿੱਚ, ਲੰਮੀ ਪੂਣੀ ਵਾਂਗ ਦਿਸਦੀ ਸਾਡੀ ਆਕਾਸ਼ ਗੰਗਾ (ਗਲੈਕਸੀ ਮਿਲਕੀ ਵੇ) ਹੈ। ਇਸ ਦੀ ਸਭ ਤੋਂ ਨੇੜਲੀ ਗਲੈਕਸੀ ਐਂਡਰੋਮੀਡਾ ਹੈ, ਜੋ ਸਾਡੇ ਵਾਲੀ ਗਲੈਕਸੀ ਤੋਂ 14.4 ਬਿਲੀਅਨ ਬਿਲੀਅਨ ਕਿਲੋਮੀਟਰ ਦੂਰ ਹੈ, ਯਾਨੀ ਇਹ ਦੂਰੀ ਅੰਕਾਂ ਵਿੱਚ 14.4 ਦੇ ਨਾਲ 17 ਸਿਫਰਾਂ ਕਿਲੋਮੀਟਰ ਬਣਦੀ ਹੈ। ਤੁਸੀਂ ਪ੍ਰਿਥਵੀ ਤੋਂ ਇਸ ਗਲੈਕਸੀ ਤੱਕ ਵੀ ਵੇਖ ਸਕਦੇ ਹੋ।

ਅਸਲ ਵਿੱਚ ਅਸੀਂ ਹਰ ਉਸ ਚੀਜ਼ ਨੂੰ ਦੇਖ ਸਕਦੇ ਹਾਂ, ਜੋ ਭਾਵੇਂ ਕਿੰਨੀ ਵੀ ਦੂਰ ਹੋਵੇ, ਪਰ ਉਸ ਤੋਂ ਆ ਰਿਹਾ ਪ੍ਰਕਾਸ਼ ਸਾਡੀ ਅੱਖ ਦੇ ਰੈਟਿਨਾ ਉੱਤੇ ਅਸਰ ਪਾ ਸਕਣ ਦੇ ਸਮਰੱਥ ਹੋਵੇ।

ਪ੍ਰਿਥਵੀ ਉੱਪਰ ਕਿੰਨਾ ਪਾਣੀ ਹੈ?

ਸਾਡੀ ਪ੍ਰਿਥਵੀ ਉੱਪਰ ਮੌਜੂਦ ਸਾਗਰਾਂ, ਮਹਾਂਸਾਗਰਾਂ, ਝੀਲਾਂ, ਦਰਿਆਵਾਂ, ਬਰਫ ਦੇ ਰੂਪ ਵਿੱਚ ਜੰਮੇ ਹੋਏ ਗਲੇਸ਼ੀਅਰਾਂ ਤੇ ਜ਼ਮੀਨ ਹੇਠਲੇ ਪਾਣੀ ਸਮੇਤ ਕੁੱਲ 1.386 ਅਰਬ ਘਣ ਕਿਲੋਮੀਟਰ ਪਾਣੀ ਹੈ। ਜੇ ਇਸ ਨੂੰ ਲਿਟਰਾਂ ਵਿੱਚ ਦੱਸਣਾ ਹੋਵੇ ਤਾਂ 1,386,000,000,000,000,000,000 ਲਿਟਰ ਪਾਣੀ ਸਾਡੀ ਪ੍ਰਿਥਵੀ ਕੋਲ ਹੈ। ਯੂ.ਐਨ.ਓ. ਦੀ ਵਰਲਡ ਵਾਟਰ ਡਿਵੈਲਪਮੈਂਟ ਰਿਪੋਰਟ-3 ਦੇ ਅਨੁਸਾਰ ਸਾਡੇ ਗ੍ਰਹਿ ਉੱਪਰ ਮੌਜੂਦ ਕੁੱਲ ਪਾਣੀ ਵਿੱਚੋਂ ਸਾਫ ਪਾਣੀ ਸਿਰਫ 2.6% ਹੀ ਹੈ। ਸਾਫ ਪਾਣੀ ਵਿੱਚੋਂ ਵੀ 68.7 ਪ੍ਰਤੀਸ਼ਤ ਗਲੇਸ਼ੀਅਰਾਂ, 0.3% ਝੀਲਾਂ, 0.8% ਸਥਾਈ ਜੰਮੀ ਬਰਫ਼ ਦੇ ਰੂਪ ਵਿੱਚ ਅਤੇ 30.1% ਜ਼ਮੀਨ ਦੋਜ਼ ਹੈ। ਸੋ ਇਸ ਕਰੀਬ ਢਾਈ ਫੀਸਦੀ ਸਾਫ਼ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਅਤੇ ਸੰਜਮ ਨਾਲ ਵਰਤੋਂ ਕਰਨਾ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ, ਕਿਉਂਕਿ ਬਾਕੀ 97.4 ਪ੍ਰਤੀਸ਼ਤ ਪਾਣੀ ਮਹਾਂਸਾਗਰਾਂ ਵਿੱਚ ਮੌਜੂਦ ਹੈ ਜੋ ਸਿੱਧੇ ਰੂਪ ਵਿੱਚ ਪੀਣ ਯੋਗ ਨਹੀਂ ਹੈ।

***

ਪ੍ਰਿਥਵੀ ਦੀਆਂ ਗਤੀਆਂ

ਪ੍ਰਿਥਵੀ ਆਪਣੀ ਧੁਰੀ ਦੁਆਲੇ 23 ਘੰਟੇ 56 ਮਿੰਟ 4.09 ਸੈਕਿੰਡ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ ਇਹ ਸਮਾਂ 86164.09 ਸੈਕਿੰਡ ਬਣਦਾ ਹੈ ਇਸ ਨੂੰ ਅਸੀਂ ਮੋਟੇ ਤੌਰ ਤੇ 24 ਘੰਟੇ ਦਾ ਸਮਾਂ ਮੰਨ ਲੈਂਦੇ ਹਾਂ।

ਪ੍ਰਿਥਵੀ ਦੀ ਸੂਰਜ ਦੁਆਲੇ ਪਰਿਕਰਮਾ ਦੀ ਗਤੀ 29.8 ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਇਸ ਗਤੀ ਨਾਲ ਇਹ ਆਪਣੇ ਪਰਿਕਰਮਾ ਪੰਧ ਉੱਤੇ 107280 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲ ਰਹੀ ਹੈ। ਇਸ ਹਿਸਾਬ ਨਾਲ ਇਹ ਇੱਕ ਸਾਲ ਵਿੱਚ 94 ਕਰੋੜ 98 ਲੱਖ 67 ਹਜਾਰ 776 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ।

ਪ੍ਰਿਥਵੀ ਦੇ ਤਾਪਮਾਨ


ਪ੍ਰਿਥਵੀ ਦੀ ਉੱਪਰਲੀ ਪੇਪੜੀ, ਜਿਸ ਵਿੱਚ ਸਾਰੇ ਮਹਾਂਦੀਪ ਅਤੇ ਮਹਾਂਸਾਗਰ ਮੌਜੂਦ ਹਨ, ਦੇ ਹੇਠਾਂ ਤਾਪਮਾਨ 500 ਡਿਗਰੀ ਤੋਂ 1000 ਡਿਗਰੀ ਸੈਲਸੀਅਸ ਤੱਕ ਹੋਣ ਦਾ ਅਨੁਮਾਨ ਹੈ। ਇਸ ਦੀ ਅੰਦਰੂਨੀ ਕੋਰ ਦੇ ਕੇਂਦਰ ਵਿੱਚ ਤਾਪਮਾਨ 5000 ਡਿਗਰੀ ਸੈਲਸੀਅਸ ਹੋਣ ਦਾ ਅੰਦਾਜਾ ਲਗਾਇਆ ਗਿਆ ਹੈ। ਇਸ ਤਾਪਮਾਨ 'ਤੇ ਲੋਹਾ ਵੀ ਪਿਘਲ ਕੇ ਪਾਣੀ ਵਾਂਗ ਵਹਿ ਜਾਂਦਾ ਹੈ।

ਪ੍ਰਿਥਵੀ ਦੇ ਖੁਸ਼ਕ ਭਾਗ ਦਾ 12.5 ਫੀਸਦੀ ਹਿੱਸਾ ਰੇਤਲੇ ਅਤੇ ਬਰਫਾਨੀ ਮਾਰੂਥਲਾਂ ਨੇ ਮੱਲਿਆ ਹੋਇਆ ਹੈ। ਰੇਤਲਾ ਮਾਰੂਥਲ ਮੁੱਖ ਤੌਰ 'ਤੇ ਸਹਾਰਾ, ਕਾਲਾਹਾਰੀ ਦੇ ਖੇਤਰਾਂ ਵਿੱਚ ਹੈ ਜਦਕਿ ਬਰਫ਼ਾਨੀ ਮਾਰੂਥਲ ਅੰਟਾਰਕਟਿਕਾ, ਸਾਇਬੇਰੀਆ, ਟੁੰਡਰਾ ਅਤੇ ਅਲਾਸਕਾ ਦੇ ਖੇਤਰਾਂ ਵਿੱਚ ਮੌਜੂਦ ਹੈ। ਰੇਤੀਲੇ ਮਾਰੂਥਲਾਂ ਦਾ ਤਾਪਮਾਨ 55 ਡਿਗਰੀ ਸੈਲਸੀਅਸ ਤੱਕ ਆਮ ਹੀ ਹੋ ਜਾਂਦਾ ਹੈ। ਅਨੁਮਾਨ ਹੈ ਕਿ ਸਹਾਰਾ ਦਾ ਮਾਰੂਥਲ- ਜਿੱਥੇ ਮੌਜੂਦ ਮਿੱਟੀ ਦੀ ਕਿਸਮ ਗਰਮੀ ਨੂੰ ਘੱਟ ਜਜ਼ਬ ਕਰਦੀ ਹੈ - ਉੱਥੇ ਹਵਾ ਦਾ ਤਾਪਮਾਨ 71 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ, ਜੋ ਮਨੁੱਖੀ ਚਮੜੀ ਉੱਤੇ ਸਾੜ ਪੈਦਾ ਕਰਨ ਲਈ ਕਾਫੀ ਹੈ।

ਪ੍ਰਿਥਵੀ ਉਪਰ ਹੁਣ ਤੱਕ ਦਾ ਵੱਧ ਤੋਂ ਵੱਧ ਤਾਪਮਾਨ ਕੈਲੀਫੋਰਨੀਆ (ਅਮਰੀਕਾ) ਦੀ ਮੌਤ ਦੀ ਘਾਟੀ ਵਿੱਚ 56.7 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਹੈ। ਜਦ ਕਿ ਘੱਟ ਤੋਂ ਘੱਟ ਤਾਪਮਾਨ ਅੰਟਾਰਕਟਿਕਾ ਵਿੱਚ ਵੋਸਤੋਕ ਰੂਸੀ ਖੋਜ ਕੇਂਦਰ ਵਿਖੇ -89.2 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਹੈ।

ਪ੍ਰਿਥਵੀ ਦੀ ਸੂਰਜ ਤੋਂ ਦੂਰੀ

ਆਮ ਤੌਰ 'ਤੇ ਪ੍ਰਿਥਵੀ ਦੀ ਸੂਰਜ ਤੋਂ ਦੂਰੀ 14 ਕਰੋੜ 98 ਲੱਖ ਕਿਲੋਮੀਟਰ ਕਹਿ ਦਿੱਤੀ ਜਾਂਦੀ ਹੈ ਪਰ ਇਹ ਔਸਤ ਦੂਰੀ ਹੈ। ਪ੍ਰਿਥਵੀ ਦਾ ਸੂਰਜ ਦੁਆਲੇ ਪੱਥ ਗੋਲਾਕਾਰ ਨਹੀਂ ਬਲਕਿ ਅੰਡਾਕਾਰ ਹੈ। ਇਸ ਕਰਕੇ ਜੁਲਾਈ ਵਿੱਚ ਇਹ ਦੂਰੀ 15 ਕਰੋੜ 21 ਲੱਖ ਕਿਲੋਮੀਟਰ ਹੁੰਦੀ ਹੈ ਜਦ ਕਿ ਜਨਵਰੀ ਵਿੱਚ ਸੂਰਜ ਤੋਂ ਪ੍ਰਿਥਵੀ ਦੀ ਦੂਰੀ ਘਟ ਕੇ 14 ਕਰੋੜ 71 ਲੱਖ ਕਿਲੋਮੀਟਰ ਰਹਿ ਜਾਂਦੀ ਹੈ।



ਹਰ ਸਾਲ 3-4 ਜਨਵਰੀ ਨੂੰ ਪ੍ਰਿਥਵੀ ਸੂਰਜ ਦੇ ਵੱਧ ਤੋਂ ਵੱਧ ਨੇੜੇ ਹੁੰਦੀ ਹੈ। ਪਰ ਉਸ ਸਮੇਂ ਭਾਰਤ ਸਮੇਤ ਉੱਤਰੀ ਗੋਲਾਅਰਧ ਵਿੱਚ ਸਥਿਤ ਦੇਸ਼ਾਂ ਵਿੱਚ ਸਰਦੀ ਦੀ ਰੁੱਤ ਹੁੰਦੀ ਹੈ। ਅਸਲ ਵਿੱਚ ਰੁੱਤਾਂ ਦਾ ਸਬੰਧ ਪ੍ਰਿਥਵੀ ਦੇ ਸੂਰਜ ਤੋਂ ਦੂਰ ਜਾਂ ਨੇੜੇ ਹੋਣ ਨਾਲ ਨਹੀਂ ਬਲਕਿ ਪ੍ਰਿਥਵੀ ਦੇ ਆਪਣੀ ਧੁਰੀ ਦੁਆਲੇ ਕਰੀਬ ਸਾਢੇ 23 ਡਿਗਰੀ ਦੇ ਝੁਕਾਅ ਹੋਣ ਨਾਲ ਹੈ। ਜਨਵਰੀ ਵਿੱਚ ਧੁਰੀ ਦੇ ਝੁਕਾਅ ਕਾਰਨ ਸੂਰਜ ਦੀਆਂ ਕਿਰਨਾਂ ਉੱਤਰੀ ਗੋਲਾਅਰਧ ਦੇ ਦੇਸ਼ਾਂ ਵਿੱਚ ਤਿਰਛੀਆਂ ਪੈਂਦੀਆਂ ਹਨ, ਜਿਸ ਨਾਲ ਇਥੇ ਤਾਪਮਾਨ ਜਿਆਦਾ ਨਹੀਂ ਵੱਧਦਾ ਅਤੇ ਸਰਦੀ ਦੀ ਰੁੱਤ ਹੁੰਦੀ ਹੈ। ਇਸ ਅਰਸੇ ਦੌਰਾਨ ਦੱਖਣੀ ਗੋਲਾਅਰਧ ਉਪਰ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ ਅਤੇ ਉਸ ਖੇਤਰ ਦੇ ਦੇਸ਼ਾਂ ਵਿੱਚ ਗਰਮੀ ਦੀ ਰੁੱਤ ਹੁੰਦੀ ਹੈ। ਉਦਾਹਰਨ ਵਜੋਂ ਆਸਟਰੇਲੀਆ ਦੱਖਣੀ ਗੋਲਾਅਰਧ ਵਿੱਚ ਸਥਿਤ ਹੈ ਅਤੇ ਉੱਥੇ ਜਨਵਰੀ ਵਿੱਚ ਕੜਾਕੇ ਦੀ ਗਰਮੀ ਪੈਂਦੀ ਹੈ। ਇਸ ਦੇ ਉਲਟ ਜੁਲਾਈ ਵਿੱਚ ਜਦੋਂ ਪ੍ਰਿਥਵੀ ਸੂਰਜ ਤੋਂ ਦੂਰ ਹੁੰਦੀ ਹੈ ਤਾਂ ਉਸ ਸਮੇਂ ਉੱਤਰੀ ਗੋਲਾ ਦੇ ਖੇਤਰਾਂ ਉੱਪਰ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ ਅਤੇ ਭਾਰਤ ਸਮੇਤ ਇਹਨਾਂ ਦੇਸ਼ਾਂ ਵਿੱਚ ਸਖਤ ਗਰਮੀ ਦੀ ਰੁੱਤ ਹੁੰਦੀ ਹੈ।

ਪਹਿਲੇ ਕੰਪਿਊਟਰ ਤੋਂ AI (Artificial Intelligence) ਤੱਕ ਦਾ ਸਫ਼ਰ

ਗੁਰਪ੍ਰੀਤ ਸਿੰਘ

ਅੱਜ ਦਾ ਜ਼ਮਾਨਾ ਡਿਜੀਟਲ ਤਕਨੀਕ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦਾ ਹੈ। ਹੁਣ ਕੰਪਿਊਟਰ ਸਿਰਫ਼ ਹਿਸਾਬ-ਕਿਤਾਬ ਕਰਨ ਵਾਲੀਆਂ ਮਸ਼ੀਨਾਂ ਨਹੀਂ ਰਹੇ ਉਹ ਮਨੁੱਖੀ ਸੋਚ, ਭਾਸ਼ਾ ਅਤੇ ਫੈਸਲੇ ਲੈਣ ਦੀ ਤਾਕਤ ਨੂੰ ਸਮਝ ਕੇ ਨਕਲ ਵੀ ਕਰ ਸਕਦੇ ਹਨ। ਇਹ ਲਾਜਵਾਬ ਤਕਨੀਕ ਇੱਕ ਲੰਮੀ ਇਤਿਹਾਸਕ ਯਾਤਰਾ ਦਾ ਫਲ ਹੈ, ਜੋ 19ਵੀਂ ਸਦੀ ਵਿੱਚ ਚਾਰਲਜ਼ ਬੇਬੇਜ਼ ਦੇ 'ਅਨਾਲਿਟੀਕਲ ਇੰਜਨ' ਨਾਲ ਸ਼ੁਰੂ ਹੋਈ। ਇਸ ਮਸ਼ੀਨ ਨੇ ਇਨਪੁੱਟ, ਪ੍ਰੋਸੈਸਿੰਗ, ਮੈਮਰੀ ਅਤੇ ਆਊਟਪੁੱਟ ਵਰਗੇ ਮੁੱਢਲੇ ਆਈਡੀਆਜ਼ ਨੂੰ ਜਨਮ ਦਿੱਤਾ, ਜੋ ਅੱਜ ਵੀ ਹਰ ਕੰਪਿਊਟਰ ਦੀ ਬੁਨਿਆਦ ਹਨ। ਫਿਰ ਅਦਾ ਲਵਲੇਸ ਨੇ ਪਹਿਲਾ ਕੰਪਿਊਟਰ ਪ੍ਰੋਗਰਾਮ ਬਣਾਇਆ, ਜਿਸ ਨੇ ਸਾਬਤ ਕੀਤਾ ਕਿ ਮਸ਼ੀਨ ਨਾ ਸਿਰਫ਼ ਗਿਣਤੀ ਕਰ ਸਕਦੀ ਹੈ, ਬਲਕਿ ਤਰਕ ਅਤੇ ਕ੍ਰਮਬੱਧ ਸੋਚ ਨਾਲ ਵੀ ਕੰਮ ਕਰ ਸਕਦੀ ਹੈ। ਇਸ ਖੋਜ ਨੇ ਕੰਪਿਊਟਰ ਦੇ ਨਵੇਂ ਯੁੱਗ ਦਾ ਦਰਵਾਜ਼ਾ ਖੋਲ੍ਹ ਦਿੱਤਾ।

ਕੰਪਿਊਟਰ ਤੋਂ AI ਤੱਕ ਦਾ ਇਹ ਸਫ਼ਰ ਮਨੁੱਖਤਾ ਲਈ ਇੱਕ ਇਮਤਿਹਾਨ ਵੀ ਹੈ ਅਤੇ ਇੱਕ ਮੌਕਾ ਵੀ। ਜੇ ਆਉਣ ਵਾਲੀਆਂ ਪੀੜ੍ਹੀਆਂ AI ਨੂੰ ਗਿਆਨ, ਨੈਤਿਕਤਾ ਅਤੇ ਮਨੁੱਖੀ ਮੁੱਲਾਂ ਨਾਲ ਜੋੜ ਕੇ ਵਰਤਣਗੀਆਂ, ਤਾਂ ਇਹ ਤਕਨਾਲੋਜੀ ਦੁਨੀਆ ਨੂੰ ਹੋਰ ਸਮਾਜਿਕ ਤੌਰ ਤੇ ਸਮਾਨ, ਸੁਰੱਖਿਅਤ ਅਤੇ ਸਮਝਦਾਰ ਬਣਾ ਸਕਦੀ ਹੈ। ਭਵਿੱਖ ਦਾ ਸੰਸਾਰ ਮਨੁੱਖ ਅਤੇ ਮਸ਼ੀਨ ਦੀ ਟੱਕਰ ਨਹੀਂ, ਸਗੋਂ ਉਨ੍ਹਾਂ ਦੇ ਸਮਝਦਾਰ ਸਹਿਯੋਗ ਨਾਲ ਬਣੇਗਾ। ਭਵਿੱਖ ਉਹ ਨਹੀਂ ਹੋਵੇਗਾ ਜਿੱਥੇ ਮਸ਼ੀਨ ਮਨੁੱਖ ਨੂੰ ਹਰਾਏਗੀ, ਭਵਿੱਖ ਉਹ ਹੋਵੇਗਾ ਜਿੱਥੇ ਮਨੁੱਖ ਅਤੇ AI ਮਿਲ ਕੇ ਦੁਨੀਆ ਨੂੰ ਬਿਹਤਰ ਬਣਾਉਣਗੇ।

ਵੀਹਵੀਂ ਸਦੀ ਵਿੱਚ ਐਲਨ ਟਿਊਰਿੰਗ ਨੇ "ਯੂਨੀਵਰਸਲ ਟਿਊਰਿੰਗ ਮਸ਼ੀਨ" ਦਾ ਖ਼ਿਆਲ ਪੇਸ਼ ਕਰਕੇ ਕੰਪਿਊਟਿੰਗ ਨੂੰ ਇੱਕ ਪੱਕੀ ਵਿਗਿਆਨਕ ਦਿਸ਼ਾ ਦਿੱਤੀ। ਦੂਜੇ ਵਿਸ਼ਵ ਯੁੱਧ ਦੌਰਾਨ ENIAC (Electronic Numerical Integrator and Computer) ਵਰਗੀਆਂ ਵੱਡੀਆਂ ਇਲੈਕਟ੍ਰਾਨਿਕ ਮਸ਼ੀਨਾਂ ਨੇ ਦਿਖਾ ਦਿੱਤਾ ਕਿ ਕੰਪਿਊਟਰ ਮਨੁੱਖੀ ਦਿਮਾਗ ਨਾਲੋਂ ਕਈ ਗੁਣਾ ਤੇਜ਼ੀ ਨਾਲ ਗਿਣਤੀਆਂ ਅਤੇ ਹਿਸਾਬ ਕਰ ਸਕਦੇ ਹਨ। 1956 ਵਿੱਚ ਹੋਈ ਡਾਰਟਮਾਊਥ ਕਾਨਫਰੰਸ ਵਿੱਚ ਪਹਿਲੀ ਵਾਰ 'ਆਰਟੀਫੀਸ਼ੀਅਲ ਇੰਟੈਲੀਜੈਂਸ' ਸ਼ਬਦ ਵਰਤਿਆ ਗਿਆ ਅਤੇ ਇੱਥੋਂ ਮਸ਼ੀਨਾਂ ਵਿੱਚ ਮਨੁੱਖੀ ਬੁੱਧੀ ਲਿਆਉਣ ਦਾ ਸੁਪਨਾ ਗੰਭੀਰ ਵਿਗਿਆਨਕ ਖੋਜ ਵਿਚ ਬਦਲ ਗਿਆ। ਇਸ ਸਫ਼ਰ ਵਿੱਚ AI ਨੇ ਕੁਝ ਔਖੇ ਸਮੇਂ ਵੀ ਵੇਖੇ, ਜਿਨ੍ਹਾਂ ਨੂੰ "AI Winter" ਕਿਹਾ ਜਾਂਦਾ ਹੈ। ਇਸ ਦੌਰਾਨ ਲੋਕਾਂ ਦੀਆਂ ਉਮੀਦਾਂ ਬਹੁਤ ਵਧ ਗਈਆਂ ਸਨ, ਪਰ ਨਤੀਜੇ ਉਨ੍ਹਾਂ ਦੇ ਅਨੁਸਾਰ ਨਹੀਂ ਆਏ, ਜਿਸ ਕਰਕੇ ਇਸ ਦੇ ਅਗਲੇ ਵਿਕਾਸ ਲਈ ਫੰਡਿੰਗ ਘਟ ਗਈ ਅਤੇ ਕਈ ਪ੍ਰੋਜੈਕਟ ਬੰਦ ਹੋ ਗਏ। ਇਸ ਕਰਕੇ ਕੁਝ ਸਾਲਾਂ ਲਈ AI ਦੀ ਤਰੱਕੀ ਧੀਮੀ ਪੈ ਗਈ। ਪਰ ਜਿਵੇਂ ਹੀ ਡੇਟਾ ਮਿਲਣਾ ਸ਼ੁਰੂ ਹੋਇਆ, ਨਿਊਰਲ ਨੈੱਟਵਰਕਸ, ਮਸ਼ੀਨ ਲਰਨਿੰਗ (ML) ਅਤੇ ਡੀਪ ਲਰਨਿੰਗ ਦੀਆਂ ਨਵੀਆਂ ਤਕਨੀਕਾਂ ਆਈਆਂ, AI ਨੇ ਫਿਰ ਤੋਂ ਜ਼ੋਰ ਫੜਿਆ ਅਤੇ ਅੱਜ ਇਹ ਤਕਨਾਲੋਜੀ ਇਕ ਨਵੀਂ ਉਚਾਈ 'ਤੇ ਪਹੁੰਚ ਗਈ ਹੈ।

ਅੱਜ AI ਦੇ ਲਾਭ ਸਪਸ਼ਟ ਤੌਰ 'ਤੇ ਵੇਖੇ ਜਾ ਸਕਦੇ ਹਨ। ਸਿਹਤ ਸੇਵਾਵਾਂ ਵਿੱਚ AI ਰੋਗਾਂ ਦੀ ਅਗੇਤੀ ਪਛਾਣ, ਸਹੀ ਇਲਾਜ ਅਤੇ ਦੂਰਦਰਾਜ਼ ਖੇਤਰਾਂ ਤੱਕ ਸੇਵਾਵਾਂ ਪਹੁੰਚਾਉਣ, ਸਿੱਖਿਆ ਵਿੱਚ AI ਵਿਅਕਤੀਗਤ ਸਿੱਖਣ ਪ੍ਰਕਿਰਿਆ ਰਾਹੀਂ ਹਰ ਵਿਦਿਆਰਥੀ ਦੀ ਯੋਗਤਾ ਅਨੁਸਾਰ ਗਿਆਨ ਦੇਣ, ਉਦਯੋਗ ਅਤੇ ਵਪਾਰ ਵਿੱਚ ਉਤਪਾਦਨ ਦੀ ਦਰ ਵਧਾਉਣ ਅਤੇ ਮਨੁੱਖੀ ਗਲਤੀਆਂ ਘਟਾਉਣ ਦੇ ਸਮਰੱਥ ਹੋ ਰਹੀ ਹੈ। ਇਸ ਤਰ੍ਹਾਂ AI ਮਨੁੱਖੀ ਸਮਰੱਥਾ ਨੂੰ ਵਧਾਉਣ ਵਾਲਾ ਇੱਕ ਸਹਿਯੋਗੀ ਸਾਧਨ ਬਣਦੀ ਜਾ ਰਹੀ ਹੈ।

ਭਵਿੱਖ ਦੀ ਗੱਲ ਕਰੀਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਐਸੇ ਤੱਥ ਅਤੇ ਬਦਲਾਅ ਵੇਖਣਗੀਆਂ ਜੋ ਅੱਜ ਸਾਨੂੰ ਕਲਪਨਾ ਜਾਪਦੇ ਹਨ। ਭਵਿੱਖ ਵਿੱਚ AI ਅਧਿਆਪਕ ਹਰ ਬੱਚੇ ਲਈ ਨਿੱਜੀ ਗਾਈਡ ਬਣ ਸਕਣਗੇ, ਜੋ ਉਸਦੀ ਸਮਝ ਅਤੇ ਰੁਚੀ ਅਨੁਸਾਰ ਪੜ੍ਹਾਈ ਕਰਵਾਉਣਗੇ। ਸਿਹਤ ਖੇਤਰ ਵਿੱਚ AI ਡਾਕਟਰਾਂ ਦੀ ਮਦਦ ਨਾਲ ਜਨਮ ਤੋਂ ਪਹਿਲਾਂ ਹੀ ਬਿਮਾਰੀਆਂ ਦੀ ਭਵਿੱਖਬਾਣੀ ਕਰ ਸਕੇਗੀ। ਸਵੈ-ਚਾਲਿਤ ਵਾਹਨ ਤੇ ਸਮਾਰਟ ਸ਼ਹਿਰ ਆਵਾਜਾਈ, ਊਰਜਾ ਅਤੇ ਸੁਰੱਖਿਆ ਦੇ ਤਰੀਕੇ ਬਦਲ ਦੇਣਗੇ। ਕੁਆਂਟਮ ਕੰਪਿਊਟਿੰਗ ਨਾਲ ਕੁਝ ਸਕਿੰਟਾਂ ਵਿੱਚ ਉਹ ਸਮੱਸਿਆਵਾਂ ਹੱਲ ਹੋ ਸਕਣਗੀਆਂ, ਜਿਨ੍ਹਾਂ ਲਈ ਅੱਜ ਦੇ

ਕੰਪਿਊਟਰਾਂ ਨੂੰ ਸਾਲ ਲੱਗ ਜਾਂਦੇ ਹਨ। ਭਵਿੱਖ ਵਿੱਚ AI ਮਨੁੱਖੀ ਭਾਸ਼ਾਵਾਂ ਦੀਆਂ ਰੁਕਾਵਟਾਂ ਤੋੜ ਕੇ ਗਲੋਬਲ ਸੰਚਾਰ ਨੂੰ ਬਿਨਾਂ ਅਨੁਵਾਦਕ ਦੇ ਸੰਭਵ ਬਣਾ ਸਕਦੀ ਹੈ ਅਤੇ ਰਚਨਾਤਮਕ ਖੇਤਰਾਂ ਵਿੱਚ ਨਵੇਂ ਕਲਾ-ਰੂਪ ਜਨਮ ਲੈ ਸਕਦੇ ਹਨ।

ਪਰ ਇਹ ਤਲਵਾਰ ਦੋ-ਧਾਰੀ ਹੈ, AI ਦੇ ਨੁਕਸਾਨ ਵੀ ਗੰਭੀਰ ਹਨ। ਆਟੋਮੇਸ਼ਨ ਕਾਰਨ ਰੋਜ਼ਗਾਰ ਦੇ ਮੌਕੇ ਬਦਲ ਰਹੇ ਹਨ ਅਤੇ ਕਈ ਪ੍ਰੰਪਰਾਗਤ ਨੌਕਰੀਆਂ ਖ਼ਤਮ ਹੋਣ ਦੇ ਖ਼ਤਰੇ ਵਿੱਚ ਹਨ। ਡੇਟਾ ਸੁਰੱਖਿਆ, ਨਿੱਜਤਾ ਅਤੇ ਪੱਖਪਾਤ ਵਰਗੀਆਂ ਸਮੱਸਿਆਵਾਂ ਸਮਾਜ ਲਈ ਵੱਡੀ ਚੁਣੌਤੀ ਹਨ। AI ਕੋਲ ਭਾਵਨਾਵਾਂ ਦਾ ਸਮੁੰਦਰ ਨਹੀਂ, ਨੈਤਿਕਤਾ ਦੀ ਚੰਗਿਆੜੀ ਨਹੀਂ, ਇਸ ਲਈ ਬਿਨਾਂ ਮਨੁੱਖੀ ਅੱਖਾਂ ਦੇ ਇਹ ਤੂਫ਼ਾਨ ਲਿਆ ਸਕਦੀ ਹੈ ਅਤੇ ਇਸਦੀ ਵਰਤੋਂ ਮਨੁੱਖੀ ਨਿਗਰਾਨੀ ਤੋਂ ਬਿਨਾਂ ਖ਼ਤਰਨਾਕ ਸਾਬਤ ਹੋ ਸਕਦੀ ਹੈ।

ਇੱਕ ਕੰਪਿਊਟਰ ਅਧਿਆਪਕ ਦੇ ਰੂਪ ਵਿੱਚ ਮੇਰਾ ਪੱਕਾ ਵਿਸ਼ਵਾਸ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਸਭ ਤੋਂ ਵੱਡੀ ਚੁਣੌਤੀ AI ਸਿੱਖਣਾ ਨਹੀਂ, ਸਗੋਂ ਉਸਨੂੰ ਸਹੀ ਢੰਗ ਨਾਲ ਵਰਤਣਾ ਹੋਵੇਗਾ। **ਕੰਪਿਊਟਰ ਤੋਂ AI ਤੱਕ ਦਾ ਇਹ ਸਫ਼ਰ ਮਨੁੱਖਤਾ ਲਈ ਇੱਕ ਇਮਤਿਹਾਨ ਵੀ ਹੈ ਅਤੇ ਇੱਕ ਮੌਕਾ ਵੀ। ਜੇ ਆਉਣ ਵਾਲੀਆਂ ਪੀੜ੍ਹੀਆਂ AI ਨੂੰ ਗਿਆਨ, ਨੈਤਿਕਤਾ ਅਤੇ ਮਨੁੱਖੀ ਮੁੱਲਾਂ ਨਾਲ ਜੋੜ ਕੇ ਵਰਤਣਗੀਆਂ ਤਾਂ ਇਹ ਤਕਨਾਲੋਜੀ ਦੁਨੀਆ ਨੂੰ ਹੋਰ ਸਮਾਜਿਕ ਤੌਰ ਤੇ ਸਮਾਨ, ਸੁਰੱਖਿਅਤ ਅਤੇ ਸਮਝਦਾਰ ਬਣਾ ਸਕਦੀ ਹੈ। ਭਵਿੱਖ ਦਾ ਸੰਸਾਰ ਮਨੁੱਖ ਅਤੇ ਮਸ਼ੀਨ ਦੀ ਟੱਕਰ ਨਹੀਂ, ਸਗੋਂ ਉਨ੍ਹਾਂ ਦੇ ਸਮਝਦਾਰ ਸਹਿਯੋਗ ਨਾਲ ਬਣੇਗਾ। ਭਵਿੱਖ ਉਹ ਨਹੀਂ ਹੋਵੇਗਾ ਜਿੱਥੇ ਮਸ਼ੀਨ ਮਨੁੱਖ ਨੂੰ ਹਰਾਏਗੀ, ਭਵਿੱਖ ਉਹ ਹੋਵੇਗਾ ਜਿੱਥੇ ਮਨੁੱਖ ਅਤੇ AI ਮਿਲ ਕੇ ਦੁਨੀਆ ਨੂੰ ਬਿਹਤਰ ਬਣਾਉਣਗੇ** ਅਤੇ ਇਹੀ ਇਸ ਲੰਮੇ ਸਫ਼ਰ ਦਾ ਸਭ ਤੋਂ ਵੱਡਾ ਸੰਦੇਸ਼ ਹੈ।

ਕੰਪਿਊਟਰ ਅਧਿਆਪਕ

ਸ.ਸ.ਸ. ਸਕੂਲ ਭਲਾਈਆਣਾ

ਮਾਨਵਤਾ ਦੀ ਮਿਸਾਲ ਪੇਸ਼ ਕਰਦਾ ਪਿੰਡ ਸੌਂਦਾਲ੍ਹਾ

ਮਹਾਂਰਾਸ਼ਟਰ ਦੇ ਇਕ ਪਿੰਡ ਨੇ ਸਮਾਜ ਵਿੱਚ ਮਾਨਵਤਾ ਤੇ ਭਾਈਚਾਰੇ ਦੀ ਮਿਸਾਲ ਪੇਸ਼ ਕੀਤੀ ਹੈ। ਇਸ ਪਿੰਡ ਦੀ ਪੰਚਾਇਤ ਨੇ ਜਾਤੀ ਅਤੇ ਧਰਮ ਵਰਗੇ ਪਖੰਡਵਾਦ ਤੋਂ ਉਤੇ ਉਠ ਇਕ ਜਾਤੀ ਵਿਹੀਣ ਪਿੰਡ ਬਣਾਉਣ ਵਲ ਕਦਮ ਚੁੱਕਿਆ ਹੈ, ਜਿਸ ਦੀ ਸਭ ਪਾਸੇ ਸ਼ਲਾਘਾ ਹੋਣੀ ਚਾਹੀਦੀ ਹੈ।

ਸੌਂਦਾਲਾ ਪਿੰਡ, ਜ਼ਿਲ੍ਹਾ ਅਹਿਲਿਆ ਨਗਰ, ਦਾ ਇਕ ਪਿੰਡ ਹੈ। ਇਸ ਪਿੰਡ ਦੀ ਪੰਚਾਇਤ ਨੇ ਜਾਤ, ਧਰਮ ਦੇ ਮੁੱਦਿਆਂ ਤੋਂ ਉਪਰ ਉੱਠ ਆਪਣੇ ਲੋਕਾਂ ਨੂੰ ਇਕੱਠਾ ਕੀਤਾ ਤੇ ਗ੍ਰਾਮਸਭਾ ਵਿੱਚ ਪਿੰਡ ਨੂੰ ਜਾਤ ਵਿਹੀਣ ਪਿੰਡ ਘੋਸ਼ਿਤ ਕੀਤਾ।

ਪੰਚਾਇਤ ਵਿੱਚ ਸਰਪੰਚ ਸ਼ਰਦ ਆਰਗੜੇ ਨੇ ਦੱਸਿਆ ਕਿ ਜਾਤ, ਧਰਮ ਆਧਾਰ ਹੁੰਦੇ ਵਿਤਕਰੇ ਕਰਕੇ ਸਮਾਜ ਟੁੱਟਦਾ ਹੈ ਅਤੇ ਇੱਕ ਦੂਜੇ ਵਿਰੁੱਧ ਰੋਸ ਉਤਪੰਨ ਹੁੰਦਾ ਹੈ। ਇਸ ਤੋਂ ਇਲਾਵਾ ਸਮਾਜ ਵਿੱਚ ਅਰਾਜਕਤਾ ਫੈਲਦੀ ਹੈ। ਸਮਾਜ ਤਰੱਕੀ ਵੀ ਨਹੀਂ ਕਰਦਾ ਤੇ ਮਾਨਵ ਅਧਿਕਾਰਾਂ ਦਾ ਘਾਣ ਹੁੰਦਾ ਹੈ। ਇਸ ਮੌਕੇ ਸਮਾਜ ਸੇਵੀ ਪ੍ਰਮੋਦ ਜਿਨਾਂਵੜੇ ਨੇ ਪਿੰਡ ਨੂੰ ਜਾਤੀ ਮੁਕਤ ਪਿੰਡ ਐਲਾਨਿਆ।

ਇਸ ਮੌਕੇ ਪੰਚਾਇਤ ਨੇ ਕਈ ਮਤੇ ਵੀ ਪਾਏ।

1. ਪਿੰਡ ਵਿੱਚ ਅੰਤਰਜਾਤੀ ਵਿਆਹ ਕੀਤੇ ਜਾਣਗੇ।
2. ਜਾਤ, ਧਰਮ, ਪੰਥ ਅਤੇ ਜਨਮ ਕਿਸੇ ਵੀ ਆਧਾਰ ’ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।
3. ਪਿੰਡ ਦੇ ਸਾਰੇ ਵਾਸੀ ਇਕਸਮਾਨ ਹਨ ਅਤੇ ਸਾਡੀ ਜਾਤੀ ਮਾਨਵਤਾ ਹੈ, ਏਹ ਮਾਨਤਾ ਰੱਖਣਗੇ।
4. ਸਰਵਜਨਿਕ ਜਗ੍ਹਾ ਅਤੇ ਪ੍ਰੋਗਰਾਮ ਵਿੱਚ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।
5. ਜੇਕਰ ਕੋਈ ਵੀ ਇਨਸਾਨ ਕਿਸੇ ਨਾਲ ਕੋਈ ਵਿਤਕਰਾ ਜਾ ਭੇਦਭਾਵ ਕਰਦਾ ਹੈ ਤਾਂ ਪਿੰਡ ਦੀ ਪੰਚਾਇਤ ਉਸ ’ਤੇ ਤੁਰੰਤ ਕਾਰਵਾਈ ਕਰੇਗੀ।
6. ਪਿੰਡ ਵਿੱਚ ਕਿਸੇ ਪ੍ਰਕਾਰ ਦਾ ਜਾਤੀ ਜਾਂ ਸਮਾਜਿਕ ਬਹਿਸ਼ਕਾਰ ਨਹੀਂ ਕੀਤਾ ਜਾਵੇਗਾ।
7. ਮੰਦਰ, ਸਮਸ਼ਾਨਘਾਟ, ਪੰਚਾਇਤ ਘਰ ਜਾਂ ਹੋਰ ਸਰਵਜਨਿਕ ਸਥਾਨ ਸਾਰਿਆਂ ਲਈ ਸਮਾਨ ਤੌਰ ’ਤੇ ਖੁੱਲ੍ਹੇ ਰਹਿਣਗੇ। ਸਾਰੀਆਂ ਸਰਕਾਰੀ ਅਤੇ ਸਰਵਜਨਿਕ ਯੋਜਨਾਵਾਂ ਸਾਰਿਆਂ ਲਈ ਸਮਾਨ ਰੂਪ ’ਤੇ ਲਾਗੂ ਹੋਣਗੀਆਂ।
8. ਕੋਈ ਵੀ ਸੋਸ਼ਲ ਮੀਡੀਆ ਉੱਤੇ ਜਾਤ ਜਾਂ ਧਾਰਮਿਕ ਵਿਤਕਰੇ ਵਾਲਾ ਕਿਸੇ ਪ੍ਰਕਾਰ ਦਾ ਮੈਸੇਜ ਜਾਂ ਪੋਸਟ ਨਹੀਂ ਪਾਵੇਗਾ।


ਪੰਚਾਇਤ ਵਲੋਂ ਇਹ ਸਾਰੇ ਮਤੇ ਪਾਸ ਕਰਕੇ ਸਰਕਾਰ ਨੂੰ ਭੇਜ ਦਿਤੇ ਹਨ।

ਤਰਸੇਮ ਭਵਾਨੀਗੜ੍ਹ

ਪੁਸਤਕ ਚਰਚਾ

ਇੱਕ ਮਹੱਤਵਪੂਰਨ ਪੁਸਤਕ ਦਾ ਪੰਜਾਬੀ ਅਨੁਵਾਦ

ਕ੍ਰਮ-ਵਿਕਾਸ ਦਾ ਵਿਗਿਆਨ ਅਤੇ ਦੈਵੀ-ਸਿਰਜਣਾਵਾਦ ਦੀ ਮਿੱਥ



ਮਨੁੱਖ ਹਮੇਸ਼ਾ ਹੀ ਇਹ ਸੋਚਦਾ ਆਇਆ ਹੈ ਕਿ ਇਸ ਧਰਤੀ ਉਪਰ ਜੋ ਜੀਵ ਜੰਤੂ ਅਤੇ ਪੌਦੇ ਹਨ, ਇਹ ਕਿਵੇਂ ਹੋਂਦ ਵਿੱਚ ਆਏ? ਇਸ ਤੋਂ ਵੀ ਅੱਗੇ, ਹੋਰ ਵੱਧ ਮਹੱਤਵਪੂਰਨ ਸਵਾਲ ਇਹ ਖੜਾ ਹੋ ਜਾਂਦਾ ਹੈ ਕਿ ਮਨੁੱਖ ਕਿਵੇਂ ਹੋਂਦ ਵਿੱਚ ਆਇਆ?

ਜਦ ਤੱਕ ਮਨੁੱਖ ਦੀ ਸੂਝ ਅਤੇ ਗਿਆਨ ਨੇ ਇੰਨਾ ਵਿਕਾਸ ਨਹੀਂ ਕੀਤਾ ਸੀ ਕਿ ਉਹ ਇਨ੍ਹਾਂ ਸਵਾਲਾਂ ਦਾ ਵਿਗਿਆਨਕ ਤੌਰ ਉੱਤੇ ਸਹੀ ਜਵਾਬ ਦੇ ਸਕੇ, ਤਦ ਤੱਕ ਮਨੁੱਖ ਆਪਣੀ ਕਲਪਨਾ ਨਾਲ ਇਸ ਬਾਰੇ ਕਹਾਣੀਆਂ ਹੀ ਘੜਦਾ ਰਿਹਾ। ਉਸ ਦੀਆਂ ਇਨ੍ਹਾਂ ਕਲਪਿਤ ਕਹਾਣੀਆਂ ਵਿੱਚੋਂ ਬਹੁਤ ਸਾਰੀਆਂ ਵੱਖ ਵੱਖ ਧਰਮਾਂ ਦੇ ਗ੍ਰੰਥਾਂ ਵਿੱਚ ਦਰਜ ਹੋ ਗਈਆਂ ਅਤੇ ਕੁਝ ਨਰੋਲ ਮਿੱਥਾਂ ਦੇ ਤੌਰ ਉੱਤੇ ਪੀੜ੍ਹੀ ਦਰ ਪੀੜ੍ਹੀ ਸੁਣੀਆਂ ਸੁਣਾਈਆਂ ਜਾਂਦੀਆਂ ਰਹੀਆਂ। ਦੂਜੇ ਪਾਸੇ ਵਿਗਿਆਨੀ ਇਸ ਜੈਵਿਕ ਸੰਸਾਰ ਦੀ ਸਹੀ ਕਹਾਣੀ ਅਤੇ ਇਸ ਦੇ ਵਿਕਾਸ ਦੇ ਪਿੱਛੇ ਪਏ ਮੂਲ ਕਾਰਨਾਂ ਬਾਰੇ ਖੋਜ ਕਰਨ ਵਿੱਚ ਲੱਗੇ ਰਹੇ। ਆਖਰ 19ਵੀਂ ਸਦੀ ਦੇ ਅੱਧ ਵਿੱਚ, ਚਾਰਲਸ ਡਾਰਵਿਨ ਨੇ ਮਨੁੱਖ ਸਮੇਤ ਵੱਖ ਵੱਖ ਜੀਵਾਂ ਦੇ ਹੋਂਦ ਵਿੱਚ ਆਉਣ ਦੀ ਪ੍ਰਕਿਰਿਆ ਨੂੰ ਜੀਵ-ਵਿਕਾਸ ਸਿਧਾਂਤ (Theory of evolution) ਰਾਹੀਂ ਬਹੁਤ ਹੀ ਸਪਸ਼ਟ ਅਤੇ ਮਨਾਉਣੇ ਰੂਪ ਵਿੱਚ ਪੇਸ਼ ਕਰ ਦਿੱਤਾ। ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਨੂੰ ਜਿਵੇਂ ਜਿਵੇਂ ਹੋਰ ਸੋਧਿਆ ਅਤੇ ਵਿਸਥਾਰਿਆ ਗਿਆ, ਜੀਵ ਵਿਕਾਸ ਦੀ ਹੋਰ ਵੱਧ ਪੁਸ਼ਟੀ ਹੁੰਦੀ ਗਈ।

ਪਰ ਗੱਲ ਇੱਥੇ ਹੀ ਖਤਮ ਨਹੀਂ ਹੁੰਦੀ ਕਿਉਂਕਿ ਜੀਵ-ਵਿਕਾਸ ਵਿਗਿਆਨ ਵਿੱਚ ਕੇਵਲ ਇੱਕ ਹੋਰ ਖੋਜ ਹੀ ਨਹੀਂ ਸੀ ਬਲਕਿ ਇਹ ਮਨੁੱਖ ਦੇ ਸੋਚਣ ਢੰਗ ਉੱਤੇ ਵੱਡਾ ਅਸਰ ਪਾਉਣ ਵਾਲਾ ਨਵਾਂ ਸਿਧਾਂਤ ਸੀ। ਇਹ ਫਿਲਾਸਫੀ ਦੇ ਦੋ ਸੰਸਾਰ ਦ੍ਰਿਸ਼ਟੀਕੋਣ - ਵਿਚਾਰਵਾਦ ਅਤੇ ਪਦਾਰਥਵਾਦ, ਵਿੱਚੋਂ ਪਦਾਰਥਵਾਦ ਦੇ ਹੱਕ ਵਿੱਚ ਵੱਡੀ ਧਿਰ ਬਣਦਾ ਹੈ। ਇਸ ਨਾਲ ਬਹੁਤੇ ਧਾਰਮਿਕ ਗ੍ਰੰਥਾਂ ਦੀਆਂ ਬਹੁਤ ਸਾਰੀਆਂ ਗੱਲਾਂ ਆਪਣੇ ਆਪ ਰੱਦ ਹੋ ਜਾਂਦੀਆਂ ਹਨ। ਇਸਦਾ ਵਿਰੋਧ ਕੇਵਲ ਧਾਰਮਿਕ ਆਗੂਆਂ ਵੱਲੋਂ ਹੀ ਨਹੀਂ ਹੋਇਆ ਬਲਕਿ ਸਮਾਜ ਨੂੰ ਜਿਉਂ ਦਾ ਤਿਉਂ ਰੱਖਣ ਵਾਲੇ ਲੋਕਾਂ ਵੱਲੋਂ ਵੀ ਹੋਇਆ। ਕਿਉਂਕਿ ਇਹ ਸਿਧਾਂਤ ਇਹ ਸਿੱਧ ਕਰਦਾ ਸੀ ਕਿ ਜੈਵਿਕ ਸੰਸਾਰ ਲਗਾਤਾਰ ਬਦਲਦਾ ਅਤੇ ਵਿਕਾਸ ਕਰਦਾ ਆਇਆ ਹੈ। ਜਦ ਕਿ ਸਮਾਜਿਕ ਤਬਦੀਲੀ ਦੇ ਵਿਰੋਧੀ ਲੋਕਾਂ ਨੂੰ ਇਹ ਗੱਲ ਫਿੱਟ ਬੈਠਦੀ ਸੀ ਕਿ ਇਹ ਸੰਸਾਰ ਲੱਖਾਂ ਸਾਲਾਂ ਤੋਂ ਉਵੇਂ ਹੈ ਜਿਵੇਂ ਕਦੇ ਇਸ ਨੂੰ ਪਰਮਾਤਮਾ ਨੇ ਬਣਾਇਆ ਸੀ।

ਇਹ ਸਿਧਾਂਤਕ ਲੜਾਈ ਅੱਜ ਵੀ ਜਾਰੀ ਹੈ। ਜਿੱਥੇ ਜਿੱਥੇ ਵੀ ਪਿਛਾਖੜੀ ਸਰਕਾਰਾਂ ਤਾਕਤ ਵਿੱਚ ਆਉਂਦੀਆਂ ਹਨ, ਉਹ ਇਸ ਸਿਧਾਂਤ ਦੀ ਪੜ੍ਹਾਈ ਨੂੰ ਰੋਕਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਦੀ ਤਾਜ਼ਾ ਉਦਾਹਰਨ ਭਾਰਤ ਦੇ ਸਕੂਲੀ ਸਿੱਖਿਆ ਅਦਾਰੇ NCERT ਵੱਲੋਂ ਡਾਰਵਿਨ ਦੇ ਜੀਵ-ਵਿਕਾਸ ਦੇ ਸਿਧਾਂਤ ਨੂੰ ਸਕੂਲੀ ਪੜ੍ਹਾਈ ਦੇ ਸਿਲੇਬਸ ਵਿੱਚੋਂ ਕੱਢ ਦੇਣਾ ਹੈ। ਇਸ ਸਥਿਤੀ ਵਿੱਚ ਵਿਗਿਆਨਕ ਸੋਚ ਦੇ ਧਾਰਨੀ ਲੋਕਾਂ ਸਿਰ ਵੱਡੀ ਜਿੰਮੇਂਵਾਰੀ ਹੈ ਕਿ ਉਹ ਇਸ ਸਿਧਾਂਤ ਦੀ ਜਾਣਕਾਰੀ ਵਿਦਿਆਰਥੀਆਂ ਅਤੇ ਆਮ ਲੋਕਾਂ ਵਿੱਚ ਲੈ ਕੇ ਜਾਣ। ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਛਾਪੀ ਗਈ ਪੁਸਤਕ 'ਮਿੱਟੀ ਤੋਂ ਮਨੁੱਖ ਤੱਕ' ਇਸ ਵਿਸ਼ੇ ਬਾਰੇ ਬੁਨਿਆਦੀ ਜਾਣਕਾਰੀ ਸਰਲ ਢੰਗ ਨਾਲ ਪ੍ਰਦਾਨ ਕਰਦੀ ਹੈ। ਹੁਣ ਇਸ ਵਿਸ਼ੇ ਨਾਲ ਸੰਬੰਧਿਤ ਇੱਕ 400 ਸਫ਼ੇ ਦੀ ਪੁਸਤਕ 'ਕ੍ਰਮ-ਵਿਕਾਸ ਦਾ ਵਿਗਿਆਨ ਅਤੇ ਦੈਵੀ-ਸਿਰਜਣਾਵਾਦ ਦੀ ਮਿੱਥ' ਛਪ ਕੇ ਆਈ ਹੈ। ਇਹ ਇੱਕ ਅੰਗਰੇਜ਼ੀ ਪੁਸਤਕ The Science of Evolution and the Myth of Creationism ਦਾ ਹਰਚਰਨ ਚਾਹਲ ਜੀ ਦੁਆਰਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ। ਇਸ ਅੰਗਰੇਜ਼ੀ ਪੁਸਤਕ ਦੀ ਮੂਲ ਲੇਖਕਾ ਆਰਦੀਆ ਸਕਾਈਬ੍ਰੇਕ ਹੈ, ਜੋ ਲੋਕ-ਪੱਖੀ ਵਿਗਿਆਨ ਮਾਹਰ ਹੈ।

ਜਿਵੇਂ ਕਿ ਇਸ ਪੁਸਤਕ ਦੇ ਨਾਮ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਹ ਪੁਸਤਕ ਕੇਵਲ ਜੀਵ-ਵਿਕਾਸ ਬਾਰੇ ਹੀ ਗੱਲ ਨਹੀਂ ਕਰਦੀ ਬਲਕਿ ਇਹ ਦੈਵੀ-ਸਿਰਜਣਾਵਾਦ ਦੀ ਮਿੱਥ

ਨੂੰ ਵੀ ਤੋੜਦੀ ਹੈ। ਦੈਵੀ-ਸਿਰਜਣਾਵਾਦ (Creationism) ਤੋਂ ਭਾਵ ਹੈ ਕਿ ਇਹ ਬ੍ਰਹਿਮੰਡ, ਇਹ ਪ੍ਰਿਥਵੀ ਅਤੇ ਇਸ ਉਪਰਲਾ ਸਾਰਾ ਸਜੀਵ ਜਗਤ ਇਕ ਦੈਵੀ ਸ਼ਕਤੀ ਭਾਵ ਪ੍ਰਭੂ ਨੇ ਸਿਰਜਿਆ ਹੈ। ਇਹ ਪੁਸਤਕ ਉਨ੍ਹਾਂ ਦੀਆਂ ਦਲੀਲਾਂ ਦਾ ਤਰਕ ਭਰਪੂਰ ਖੰਡਨ ਕਰਦੀ ਹੋਈ, ਜੀਵ ਵਿਕਾਸ ਦੇ ਹੱਕ ਵਿੱਚ ਵਿਗਿਆਨਕ ਤੱਥਾਂ ਉੱਤੇ ਅਧਾਰਿਤ ਦਲੀਲਾਂ ਦਿੰਦੀ ਹੈ।

ਇਹ ਜਾਣੀ ਹੋਈ ਗੱਲ ਹੈ ਕਿ ਹਰ ਪੁਸਤਕ ਹਰ ਪਾਠਕ ਲਈ ਨਹੀਂ ਹੁੰਦੀ। ਡਾਰਵਿਨ ਦੇ ਜੀਵ-ਵਿਕਾਸ ਤੋਂ ਅਣਜਾਣ ਪਾਠਕ ਨੂੰ ਇਸ ਸਿਧਾਂਤ ਦੀਆਂ ਮੂਲ ਧਾਰਨਾਵਾਂ ਸਮਝਾਉਣ ਦੀ ਬਜਾਏ ਇਸ ਪੁਸਤਕ ਵਿੱਚ ਵਧੇਰੇ ਜੋਰ ਇਸ ਗੱਲ ਉੱਤੇ ਹੈ ਕਿ ਜੀਵ-ਵਿਕਾਸ ਦੇ ਹੱਕ ਵਿੱਚ ਸਬੂਤ ਕੀ ਹਨ, ਇਸ ਸਿਧਾਂਤ ਵਿੱਚ ਰਹਿੰਦੇ ਖੱਪਿਆਂ ਨੂੰ ਕਿਵੇਂ ਪੂਰਿਆ ਜਾ ਰਿਹਾ ਹੈ ਅਤੇ ਜੀਵ-ਵਿਕਾਸ ਸਿਧਾਂਤ ਉੱਤੇ ਉੱਠਦੇ ਕਿੰਤੂਆਂ ਦੇ ਜਵਾਬ ਕੀ ਬਣਦੇ ਹਨ। ਚਾਹੇ ਸਫ਼ਾ 32-33-34 ਉੱਤੇ ਜੀਵ-ਵਿਕਾਸ ਦੀਆਂ ਮੂਲ ਧਾਰਨਾਵਾਂ ਬਾਰੇ ਦੱਸਿਆ ਵੀ ਗਿਆ ਹੈ ਪਰ ਇਹ ਸਾਰੀਆਂ ਧਾਰਨਾਵਾਂ, ਕਿਸੇ ਸਕੂਲੀ ਪੁਸਤਕ ਵਾਂਗ, ਹੋਰ ਵਧੇਰੇ ਸਪੱਸ਼ਟ ਅਤੇ ਵਿਆਖਿਆਮਈ ਢੰਗ ਨਾਲ ਪੇਸ਼ ਕਰਨ ਦੀ ਜਰੂਰਤ ਸੀ।

ਦੂਸਰਾ ਇਹ ਪੁਸਤਕ ਮੁੱਖ ਤੌਰ ’ਤੇ ਇਸਾਈ ਧਾਰਮਿਕ ਆਗੂਆਂ ਵੱਲੋਂ ਦਿੱਤੀਆਂ ਜਾਂਦੀਆਂ ਦਲੀਲਾਂ ਦੇ ਖੰਡਨ ਜਾਂ ਯੂਰਪੀ/ਅਮਰੀਕੀ ਵਿਚਾਰਵਾਦੀ ਚਿੰਤਕਾਂ ਵੱਲੋਂ ਜੀਵ ਵਿਕਾਸ ਸਿਧਾਂਤ ਉੱਤੇ ਕੀਤੇ ਜਾਂਦੇ ਹਮਲਿਆਂ ਦੇ ਜਵਾਬ ਦੇਣ ਵੱਲ ਸੇਧਿਤ ਹੈ, ਇਸ ਕਰਕੇ ਪੰਜਾਬੀ ਪਾਠਕ ਲਈ ਇਸ ਦੀ ਸਾਰਥਿਕਤਾ ਅਤੇ ਰੌਚਿਕਤਾ ਘਟ ਜਾਂਦੀ ਹੈ। ਮਾਈਕਲ ਬੇਹੇ, ਸੈਨੇਟਰ ਰਿੱਕ ਸੈਂਟੋਰਮ ਜਾਂ ਜਸਟਿਸ ਸਕੇਲੀਆ ਵਰਗੇ ਲੋਕਾਂ ਵੱਲੋਂ ਕੀਤੇ ਜਾਂਦੇ ਵਿਰੋਧ ਜਾਂ ਅਮਰੀਕੀ ਸਿਰਜਣਾਵਾਦੀਆਂ ਦੇ ਵੱਖ ਵੱਖ ਗਰੁੱਪਾਂ ਦੀਆਂ ਦਲੀਲਾਂ ਅਤੇ ਉਨ੍ਹਾਂ ਦੇ ਜਵਾਬ ਸਾਧਾਰਣ ਪੰਜਾਬੀ ਪਾਠਕ ਦੇ ਸਰੋਕਾਰਾਂ ਤੋਂ ਪਾਸੇ ਰਹਿ ਜਾਂਦੇ ਹਨ ਅਤੇ ਉਸਦੀ ਸੋਚ ਵਿੱਚ ਰਚਦੇ ਮਿਚਦੇ ਨਹੀਂ। ਇਸ ਕਰਕੇ ਆਮ ਪਾਠਕ ਇਸ ਬਹਿਸ ਨਾਲ ਸ਼ਿੱਦਤ ਨਾਲ ਨਹੀਂ ਜੁੜਦਾ। ਇਸ ਦੀ ਬਜਾਏ ਜੀਵ ਵਿਕਾਸ ਦੇ ਸਬੰਧ ਵਿੱਚ ਸਾਡਾ ਵਾਹ ਜਿਸ ਤਰ੍ਹਾਂ ਦੇ ਵਿਰੋਧ ਨਾਲ ਪੈਂਦਾ ਹੈ ਜਾਂ ਜਿਸ ਤਰ੍ਹਾਂ ਦੀਆਂ ਬਹਿਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਵੱਖਰੀ ਕਿਸਮ ਦੀਆਂ ਹਨ। ਸਾਨੂੰ ਬਾਈਬਲ ਜਾਂ ਇਸਾਈ ਜਗਤ ਵਿੱਚ ਪ੍ਰਚਲਤ ਮਿੱਥਾਂ ਦੀ ਬਜਾਏ ਭਾਰਤੀ ਧਰਮਾਂ ਅਤੇ ਇੱਥੇ ਪ੍ਰਚਲਿਤ ਮਿੱਥਾਂ ਦਾ ਖੰਡਨ ਕਰਨ ਲਈ ਢੁਕਵੀਆਂ ਦਲੀਲਾਂ ਦੀ ਲੋੜ ਹੈ। ਇਹ ਠੀਕ ਹੈ ਕਿ ਧਾਰਮਿਕ ਸੋਚ ਦੇ ਲੋਕਾਂ ਵੱਲੋਂ, ਜੀਵ ਵਿਕਾਸ ਬਾਰੇ ਕੀਤੇ ਜਾਂਦੇ ਕੁਝ ਸਵਾਲ, ਸਾਰੇ ਸੰਸਾਰ ਵਿੱਚ ਸਾਂਝੇ ਹਨ ਪਰ ਉਨ੍ਹਾਂ ਦੇ ਰੂਪ ਹਰ ਖਿੱਤੇ ਵਿੱਚ ਵੱਖੋ ਵੱਖਰੇ ਹਨ, ਜਿਨ੍ਹਾਂ ਨਾਲ ਸਿੱਝਣ ਲਈ ਸਥਾਨਕ ਦਲੀਲਾਂ ਹੀ ਕੰਮ ਆ ਸਕਦੀਆਂ ਹਨ।

ਅਸਲ ਵਿੱਚ ਅਜਿਹੇ ਵਿਗਿਆਨਕ ਵਿਸ਼ਿਆਂ ਉੱਪਰ ਪੰਜਾਬੀ ਵਿੱਚ ਮੌਲਿਕ ਪੁਸਤਕਾਂ ਨਾਂ-ਮਾਤਰ ਹੀ ਹਨ। ਇਸ ਕਰਕੇ ਵਿਗਿਆਨਕ ਸੋਚ ਦੇ ਪ੍ਰਚਾਰ ਪਾਸਾਰ ਲਈ ਜੁਟੇ ਲੋਕਾਂ ਨੂੰ ਅਨੁਵਾਦਿਤ ਪੁਸਤਕਾਂ ਦਾ ਸਹਾਰਾ ਲੈਣਾ ਪੈਂਦਾ ਹੈ। ਪਰ ਜਿਵੇਂ ਕਿ ਉੱਪਰ ਵਿਚਾਰਿਆ ਗਿਆ ਹੈ, ਇਹ ਪੁਸਤਕਾਂ ਸਾਡੇ ਬੌਧਿਕ ਮਾਹੌਲ ਦੇ ਅਨੁਸਾਰੀ ਨਹੀਂ ਹੁੰਦੀਆਂ ਜਿਸ ਕਰਕੇ ਇਹ ਪਾਠਕ ਨੂੰ ਭਾਵਨਾਤਮਕ ਤੌਰ ‘ਤੇ ਝੰਜੋੜਦੀਆਂ ਨਹੀਂ। ਹਾਂ, ਬੌਧਿਕ ਪਾਠਕਾਂ ਨੂੰ ਕੁਝ ਨਵੀਆਂ ਜਾਣਕਾਰੀਆਂ, ਕੁਝ ਨਵੀਆਂ ਦਲੀਲਾਂ ਜਰੂਰ ਦਿੰਦੀਆਂ ਹਨ। ਇਸ ਪੁਸਤਕ ਤੋਂ ਅਸੀਂ ਸਿੱਖ ਸਕਦੇ ਹਾਂ ਕਿ ਦੂਜੇ ਦੇਸ਼ਾਂ ਵਿੱਚ ਜੀਵ ਵਿਕਾਸ ਦੇ ਵਿਰੋਧੀਆਂ ਦਾ ਮੁਕਾਬਲਾ ਕਿਵੇਂ ਕੀਤਾ ਜਾ ਰਿਹਾ ਹੈ ਅਤੇ ਅਸੀਂ ਇਹ ਕਿਵੇਂ ਕਰ ਸਕਦੇ ਹਾਂ।

ਪੰਜਾਬੀ ਵਿੱਚ ਵਿਗਿਆਨਕ ਸ਼ਬਦਾਵਲੀ ਦੀ ਘਾਟ ਹੋਣ ਦੇ ਬਾਵਜੂਦ ਹਰਚਰਨ ਸਿੰਘ ਚਾਹਲ ਵੱਲੋਂ ਇਸ ਪੁਸਤਕ ਦਾ ਅਨੁਵਾਦ ਵਧੀਆ ਕੀਤਾ ਗਿਆ ਹੈ, ਜਿਸ ਵਿੱਚੋਂ ਉਨ੍ਹਾਂ ਦੀ ਮਿਹਨਤ ਝਲਕਦੀ ਹੈ। ਪਰ ਮੇਰੇ ਅਨੁਸਾਰ Evolution ਦੀ ਪੰਜਾਬੀ ਜੀਵ-ਵਿਕਾਸ ਕੀਤੀ ਜਾਂਦੀ ਹੈ ਨਾ ਕਿ ਕ੍ਰਮ-ਵਿਕਾਸ। ਸਾਡੀਆਂ ਸਕੂਲੀ ਪੁਸਤਕਾਂ ਵਿੱਚ ਵੀ ਜੀਵ ਵਿਕਾਸ ਸ਼ਬਦ ਹੀ ਵਰਤਿਆ ਜਾਂਦਾ ਹੈ। Evolution ਲਈ ਕ੍ਰਮ-ਵਿਕਾਸ ਸ਼ਬਦ ਨਾ ਤਾਂ ਪ੍ਰਚਲਿਤ ਹੈ ਅਤੇ ਨਾ ਹੀ ਢੁੱਕਵਾਂ। ਦੂਸਰਾ ਪੁਸਤਕ ਦੀ ਛਪਾਈ ਚਾਹੇ ਬਹੁਤ ਸੋਹਣੀ ਹੈ ਪਰ ਮੂਲ ਪੁਸਤਕ ਵਿੱਚ ਬਹੁਤ ਸਾਰਾ ਮੈਟਰ ਡੱਬੀਆਂ ਵਿੱਚ ਹੈ। ਪੰਜਾਬੀ ਵਿੱਚ ਇਸ ਨੂੰ ਉਵੇਂ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਡੱਬੀਆਂ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋ ਸਕੀਆਂ। ਇਸ ਕਰਕੇ ਸਧਾਰਨ ਪਾਠਕ ਤਦ ਉਲਝਣ ਵਿੱਚ ਪੈ ਜਾਂਦਾ ਹੈ ਜਦ ਉਸ ਵੱਲੋਂ ਪੜ੍ਹੀ ਜਾ ਰਹੀ ਗੱਲ ਦੀ ਤੰਦ ਦੋ-ਤਿੰਨ ਸਫੇ ਛੱਡ ਕੇ ਜਾ ਜੁੜਦੀ ਹੈ।

ਕੁੱਲ ਮਿਲਾ ਕੇ ਇਹ ਪੁਸਤਕ ਮਹੱਤਵਪੂਰਨ ਹੈ, ਜੋ ਵਿਗਿਆਨਕ ਸੋਚ ਦੇ ਪਸਾਰ ਵਿੱਚ ਲੱਗੇ ਵਿਅਕਤੀਆਂ ਦੇ ਗਿਆਨ ਵਿੱਚ ਨਵਾਂ ਵਾਧਾ ਕਰਨ ਵਾਲੀ ਹੈ।

ਰਾਜਪਾਲ ਸਿੰਘ

ਕਵਿਤਾ

ਮੈਂ ਨਹੀਂ ਮੰਨਦਾ...

ਆਦਮੀ
ਪੈਦਾ ਹੋਇਆ ਸੀ
ਮੂੰਹ ਹੱਥਾਂ ਪੈਰਾਂ ਤੋਂ
ਤੁਸੀਂ ਕਹੋ!

ਸੀਤਾ
ਨਿੱਕਲੀ ਸੀ
ਧਰਤੀ 'ਚ ਦੱਬੇ ਘੜੇ 'ਚੋਂ
ਤੁਸੀਂ ਕਹੋ!

ਆਦਮੀ
ਨਿਗਲ ਗਿਆ ਸੀ
ਸੂਰਜ ਨੂੰ
ਤੁਸੀਂ ਕਹੋ!

ਆਦਮੀ
ਪੈਦਾ ਹੋ ਸਕਦਾ ਹੈ
ਕੰਨ 'ਚੋਂ
ਤੁਸੀਂ ਕਹੋ!

ਮਨੁੱਖ
ਜੰਮਿਆ ਸੀ
ਮੱਛੀ 'ਤੋਂ
ਤੁਸੀਂ ਕਹੋ!

ਇਸ ਨੰਗੇ ਝੂਠ ਨੂੰ
ਜਿਹਨ ਦੀ ਲੁੱਟ ਨੂੰ
ਮੈਂ ਨਹੀਂ ਮੰਨਦਾ!
ਮੈਂ ਨਹੀਂ ਮੰਨਦਾ!

ਰਾਵਣ ਕੋਲ
ਜਹਾਜ਼ ਸੀ
ਤੁਸੀਂ ਕਹੋ!

ਹਨੂੰਮਾਨ
ਚੁੱਕ ਲਿਆਇਆ ਸੀ ਪਹਾੜ
ਤੁਸੀਂ ਕਹੋ!

ਬੱਚੇ ਦੇ ਸਿਰ 'ਤੇ
ਲਾਇਆ ਸੀ
ਹਾਥੀ ਦਾ ਸਿਰ
ਤੁਸੀਂ ਕਹੋ!

ਅਹਿਲਿੱਆ
ਹੋ ਗਈ ਸੀ
ਪੱਥਰ
ਤੁਸੀਂ ਕਹੋ!

ਪੱਥਰ
ਤਰ ਸਕਦੇ ਨੇ
ਪਾਣੀ 'ਤੇ
ਤੁਸੀਂ ਕਹੋ!

ਇਸ ਨੰਗੇ ਝੂਠ ਨੂੰ
ਜਿਹਨ ਦੀ ਲੁੱਟ ਨੂੰ
ਮੈਂ ਨਹੀਂ ਮੰਨਦਾ!
ਮੈਂ ਨਹੀਂ ਮੰਨਦਾ!

ਇੱਥੇ ਕਿਤੇ
ਵਿਸ਼ਾਲ ਸਾਗਰ ਸੀ
ਤੁਸੀਂ ਕਹੋ!

ਸ਼ੇਸ਼ਨਾਗ
ਮੁੰਜ ਦੀ ਰੱਸੀ ਸੀ
ਤੁਸੀਂ ਕਹੋ!

ਦੁਨੀਆਂ 'ਚ
ਰਾਹੂ ਤੇ ਕੇਤੂ ਨੇ
ਤੁਸੀਂ ਕਹੋ!

ਸੂਰਜ
ਚੱਕਰ ਕਟਦਾ ਹੈ
ਧਰਤੀ ਦੁਆਲੇ
ਤੁਸੀਂ ਕਹੋ!

ਪਹਾੜ
ਚੱਕਿਆ ਜਾ ਸਕਦਾ ਹੈ
ਉਂਗਲ 'ਤੇ
ਤੁਸੀਂ ਕਹੋ!

ਕੁਤਰਕ ਦੀ ਗੱਲ ਨੂੰ
ਗਪੌੜ ਦੀ ਝੱਲ ਨੂੰ
ਮੈਂ ਨਹੀਂ ਮੰਨਦਾ!
ਮੈਂ ਨਹੀਂ ਮੰਨਦਾ!

ਫਿਰਕੂ ਤਾਕਤਾਂ
ਦੇਸ਼ਭਗਤ ਸਨ
ਤੁਸੀਂ ਕਹੋ!

ਗਾਂਧੀ ਦੇ
ਹਤਿਆਰੇ ਨੂੰ
ਦੇਸ਼ਭਗਤ
ਤੁਸੀਂ ਕਹੋ!

ਲੁਟੇਰੇ
ਹਾਕਮਾਂ ਨੂੰ
ਜਨਤਾ ਦੇ ਰਾਖੇ
ਤੁਸੀਂ ਕਹੋ!

ਇਸ ਗਲਤ ਗੱਲ ਨੂੰ
ਕੋਰੇ ਝੂਠ ਦੀ ਗੱਲ ਨੂੰ
ਮੈਂ ਨਹੀਂ ਮੰਨਦਾ!
ਮੈਂ ਨਹੀਂ ਮੰਨਦਾ!

ਇੱਥੇ
ਸਮਾਜਿਕ ਨਿਆਂ ਹੈ
ਤੁਸੀਂ ਕਹੋ!

ਇੱਥੇ
ਆਪਸੀ ਭਾਈਚਾਰਾ ਹੈ
ਤੁਸੀਂ ਕਹੋ!

ਇੱਥੇ
ਸਮਾਜਿਕ ਸਦਭਾਵ ਹੈ
ਤੁਸੀਂ ਕਹੋ!

ਇੱਥੇ
ਨਿਆਂ ਦਾ ਰਾਜ ਹੈ
ਤੁਸੀਂ ਕਹੋ!

ਇਸ ਸਰਾਸਰ ਝੂਠ ਨੂੰ
ਝੂਠ ਦੇ ਕੂੜ ਨੂੰ

ਮੈਂ ਨਹੀਂ ਮੰਨਦਾ!
ਮੈਂ ਨਹੀਂ ਮੰਨਦਾ!

–ਮੂਲ ਰਚਨਾ : **ਮੁਨੇਸ਼ ਤਿਆਗੀ**
(ਅਨੁ: ਯਸ਼ ਪਾਲ ਵਰਗ ਚੇਤਨਾ)
(98145 35005)

...ਤੇ ਫਿਰ ਮੁੰਡਾ ਬੋਲ ਪਿਆ

ਮਾਨਸਿਕ ਸਿਹਤ ਮਸ਼ਵਰਾ ਕੇਂਦਰ ਬਰਗਾੜੀ ਵਿੱਚ ਕਾਫ਼ੀ ਸਮੇਂ ਤੋਂ ਕੰਮ ਕਰਦੀ ਟੀਮ ਚੰਨਣ ਵਾਂਦਰ, ਜਸਕਰਨ ਲੰਡੇ, ਰਾਜ ਮੱਲਾ ਕੋਲ਼ ਜਦੋਂ ਇਹ ਕੇਸ ਆਇਆ ਤਾਂ ਸਾਡੇ ਲਈ ਇਹ ਅਨੋਖਾ ਕੇਸ ਸੀ। ਗੱਲ ਇਸ ਤਰ੍ਹਾਂ ਸੀ ਕਿ ਇੱਕ ਤੇਰਾਂ ਚੌਦਾਂ ਸਾਲ ਦੇ ਲੜਕੇ ਨੂੰ ਲੈ ਕੇ ਉਸ ਦਾ ਪਿਓ ਆਇਆ। ਉਸ ਦੇ ਦੱਸਣ ਮੁਤਾਬਿਕ ਇਹ ਲੜਕਾ ਪਿਛਲੇ ਇੱਕ ਸਾਲ ਤੋਂ ਬੀਮਾਰ ਸੀ। ਹੁੰਦਾ ਇਹ ਸੀ ਕਿ ਇਹ ਚੰਗਾ ਭਲਾ ਲੜਕਾ ਇੱਕੋ ਦਮ ਬੋਲਣਾ ਬੰਦ ਕਰ ਦਿੰਦਾ ਹੈ। ਉਸਦੇ ਕਹਿਣ ਮੁਤਾਬਿਕ ਲੜਕੇ ਦੇ ਇਲਾਜ ਲਈ ਉਸ ਨੇ ਨੇੜਲੇ ਸ਼ਹਿਰਾਂ ਦੇ ਵੱਡੇ ਤੋਂ ਵੱਡੇ ਡਾਕਟਰ ਤੇ ਪੰਜਾਬ ਦੇ ਕਿਸੇ ਵੀ 'ਸਿਆਣੇ', 'ਬਾਬੇ' ਆਦਿ ਨੂੰ ਨਹੀਂ ਸੀ ਛੱਡਿਆ। ਉਹ ਗੱਚ ਭਰ ਕੇ ਕਹਿੰਦਾ, "ਵੀਰ ਜੀ ! ਮੇਰੇ ਕੋਲ ਤਿੰਨ ਗੱਡੀਆਂ ਟੈਕਸੀਆਂ ਸੀ। ਉਹਨਾਂ ਚੋਂ ਦੋ ਮੈਂ ਇਹਦੇ ਇਲਾਜ 'ਤੇ ਲਾ ਦਿੱਤੀਆਂ ਹਨ। ਇਸ ਤੋਂ ਇਲਾਵਾ ਮੇਰਾ ਵਾਲ ਵਾਲ ਕਰਜ਼ੇ ਵਿੱਚ ਵਿੰਨ੍ਹਿਆ ਪਿਆ ਹੈ।

ਇਹ ਗੱਲ ਸੁਣ ਕੇ ਰਾਜ ਕਹਿੰਦਾ, "ਭਾਈ ਸਾਹਿਬ, ਤੁਹਾਡਾ ਨੰਬਰ ਅਜੇ ਠਹਿਰ ਕੇ ਆਵੇਗਾ, ਕਾਹਲੀ ਨਾ ਕਰੋ। ਤੁਹਾਡਾ ਕੇਸ ਹੱਲ ਕਰਕੇ ਤੋਰਾਂਗੇ।"

ਮੁੰਡੇ ਦਾ ਪਿਓ ਰਾਜ ਦੇ ਤਰਲੇ ਕਰਨ ਲੱਗਾ। ਕਹਿੰਦਾ, "ਵੀਰ ਜੀ, ਮੈਂ ਚਾਰੇ ਪਾਸੇ ਭੱਜ ਨੱਠ ਕਰਕੇ ਥੱਕ ਗਿਆ ਹਾਂ ਹੁਣ ਮੇਰੀ ਤੁਹਾਡੇ ਉਤੇ ਹੀ ਆਖਰੀ ਉਮੀਦ ਹੈ।"

ਮੈਂ ਦੂਜੇ ਕਮਰੇ 'ਚੋਂ ਕੇਸ ਕਰਕੇ ਇਧਰ ਆਇਆ ਤਾਂ ਉਹ ਰਾਜ ਦੀਆਂ ਮਿੰਨਤਾਂ ਕਰ ਰਿਹਾ ਸੀ। ਮੈਂ ਕਿਹਾ, "ਵੀਰ ਜੀ ਅਸੀਂ ਕੋਸ਼ਿਸ਼ ਕਰਦੇ ਹਾਂ, ਪਰ ਇਹਦੇ ਲਈ ਤੁਹਾਨੂੰ ਇੰਤਜ਼ਾਰ ਕਰਨਾ ਪਵੇਗਾ। ਤੁਸੀਂ ਲੇਟ ਆਏ ਹੋ, ਅਸੀਂ ਤੁਹਾਡਾ ਕੇਸ ਸਭ ਤੋਂ ਮਗਰੋਂ ਦੇਖਾਂਗੇ।" ਮੈਨੂੰ ਇਸ ਕੇਸ ਵਿੱਚ ਦਿਲਚਸਪੀ ਹੋ ਗਈ ਸੀ। ਮੈਂ ਚਾਹੁੰਦਾ ਸੀ, ਮੈਂ ਇਹ ਕੇਸ ਚੰਨਣ ਵਾਂਦਰ ਨਾਲ਼ ਬੈਠ ਕੇ ਹੱਲ ਕਰਾਂ ਕਿਉਂਕਿ ਮੇਰੇ ਲਈ ਇਹ ਕੇਸ ਬਿਲਕੁਲ ਨਵਾਂ ਸੀ।

ਸ਼ਾਮ ਦੇ ਚਾਰ ਵੱਜ ਗਏ, ਜਦੋਂ ਉਨ੍ਹਾਂ ਦੀ ਵਾਰੀ ਆਈ। ਅਸੀਂ ਤਿੰਨੇ ਚੰਨਣ ਵਾਂਦਰ, ਰਾਜ ਮੱਲਾ ਤੇ ਮੈਂ ਬੈਠ ਗਏ। ਪਹਿਲਾਂ ਮੁੰਡੇ ਦੇ ਪਿਓ ਨੂੰ ਇਕੱਲੇ ਨੂੰ ਸੱਦਿਆ ਤਾਂ ਮੁੰਡੇ ਦੇ ਪਿਓ ਨੇ ਉਪਰੋਕਤ ਕਹਾਣੀ ਸੁਣਾਈ। ਉਸ ਤੋਂ ਬਾਅਦ ਮੁੰਡੇ ਨੂੰ ਬੁਲਾਇਆ ਗਿਆ। ਮੁੰਡਾ 'ਊਂ-ਊਂ' ਤੋਂ ਵੱਧ ਕੁਝ ਨਹੀਂ ਸੀ ਬੋਲਦਾ। ਇਸ ਤਰ੍ਹਾਂ ਲੱਗਦਾ ਸੀ ਕਿ ਮੁੰਡਾ ਬੋਲਣਾ ਚਾਹੁੰਦਾ ਹੈ ਪਰ ਬੋਲਿਆ ਨਹੀਂ ਜਾਂਦਾ। ਰਾਜ ਮੈਨੂੰ ਕਹਿਣ ਲੱਗਾ, "ਇਹਦਾ ਹੁਣ ਤੂੰ ਕੀ ਕਰੇਂ ਗਾ?"

ਮੈਂ ਡਾਕਟਰ ਨੂੰ ਕਿਹਾ,"ਸਰ ਤੁਹਾਨੂੰ ਕੀ ਲੱਗਦਾ ਹੈ।"

ਡਾਕਟਰ ਕਹਿਣ ਲੱਗਾ,"ਮੈਨੂੰ ਲੱਗਦਾ ਹੈ ਕਿ ਇਹਨੂੰ ਬੋਲਣ ਤੋਂ ਜ਼ਰੂਰ ਕੋਈ ਰੋਕਦਾ ਹੈ ਡਰਾਉਂਦਾ ਧਮਕਾਉਂਦਾ ਹੈ।"

ਮੈਂ ਕਿਹਾ," ਸਰ ਫਿਰ ਇਹਦਾ ਆਪਾਂ ਇਲਾਜ ਕਰ ਦੇਵਾਂਗੇ।"

ਡਾਕਟਰ ਕਹਿਣ ਲੱਗਾ,"ਚੱਲ ਕਰ ਫਿਰ ਤੂੰ ਹੀ ਕਰਨਾ ਐ। ਅਸਲ ਵਿੱਚ ਇਹਦੇ ਅਚੇਤ ਮਨ ਵਿੱਚ ਪਿਆ ਕੋਈ ਡਰ ਇਸ ਨੂੰ ਬੋਲਣ ਤੋਂ ਰੋਕਦਾ ਹੈ। ਜਦ ਕਿਸੇ ਸਮੇਂ ਉਹ ਡਰ ਦੂਰ ਹੋ ਜਾਂਦਾ ਹੈ ਤਾਂ ਇਹ ਫਿਰ ਬੋਲਣ ਲੱਗ ਪੈਂਦਾ ਹੈ। ਤੂੰ ਇਸਦੇ ਅਰਧ ਚੇਤਨ ਮਨ ਵਿੱਚ ਸੁਝਾਅ ਦੇਣਾ ਹੈ ਕਿ ਤੈਨੂੰ ਜਿਸ ਗੱਲ ਦਾ ਡਰ ਹੈ, ਉਹ ਗੱਲ ਤੂੰ ਆਪਣੇ ਡੈਡੀ ਨਾਲ ਸਾਂਝੀ ਕਰੇਂਗਾ। ਡੈਡੀ ਨਾਲ ਹਰ ਗਲ ਕਰਨ ਦਾ ਵਿਸ਼ਵਾਸ ਅਤੇ ਹੋਰ ਪਾਜ਼ੇਟਿਵ ਵਿਚਾਰ ਇਸ ਨੂੰ ਦੇਣੇ। ਨੈਗੇਟਿਵ ਵਿਚਾਰਾਂ ਨੂੰ ਦੂਰ ਕਰਨ ਦੇ ਸੁਝਾਅ ਦੇਣੇ।"

ਮੈਂ ਉਸ ਮੁੰਡੇ ਨੂੰ ਬੁਲਾਇਆ ਤਾਂ ਉਹ ਫਿਰ ਊਂ ਊਂ ਹੀ ਕਰੀ ਗਿਆ। ਮੈਂ ਉਸ ਨੂੰ ਚੁੱਪ ਕਰਕੇ ਸੁਣਨ ਲਈ ਕਿਹਾ ਤੇ ਮੈਂ ਬੋਲਣਾ ਸ਼ੁਰੂ ਕੀਤਾ,"ਦੇਖ ਪੁੱਤ ਸਾਨੂੰ ਪਤਾ ਤੈਨੂੰ ਕੋਈ ਬੋਲਣ ਤੋਂ ਰੋਕਦਾ ਹੈ ਤੇ ਤੂੰ ਡਰ ਗਿਆ ਤਾਂ ਨਹੀਂ ਬੋਲਦਾ ਜੇ ਤੂੰ ਨਾ ਬੋਲਿਆ ਤਾਂ ਤੇਰੇ ਨਾਲ ਕੀ ਹੋਵੇਗਾ, ਉਹ ਅਸੀਂ ਤੈਨੂੰ ਦੱਸਦੇ ਹਾਂ। ਦੇਖ ਤੇਰੇ ਪਿਓ ਨੇ ਤੇਰੇ ਇਲਾਜ ਤੇ ਦੋ ਗੱਡੀਆਂ ਵੇਚ ਦਿੱਤੀਆਂ ਇਹ ਤੀਜੀ ਗੱਡੀ ਉਹ ਇਸ ਲਈ ਨਹੀਂ ਵੇਚੇਗਾ ਕਿਉਂ ਕਿ ਉਸ ਨੇ ਇਹਦੇ ਸਿਰ ਤੇ ਰੋਟੀ ਖਾਣੀ ਹੈਂ। ਹੁਣ ਤੇਰੇ ਮਾਂ ਪਿਓ ਆਪਸ ਵਿੱਚ ਲੜਦੇ ਹਨ। ਤੇਰੀ ਮਾਂ ਨੇ ਤੇਰੇ ਪਿਓ ਤੇ ਤੈਨੂੰ ਛੱਡ ਕੇ ਚਲੀ ਜਾਣਾ ਹੈ ਆਪਣੇ ਪੇਕੇ, ਤੇ ਫਿਰ ਤੇਰੇ ਪਿਓ ਨੂੰ ਤਲਾਕ ਦੇ ਕੇ ਹੋਰ ਵਿਆਹ ਕਰਵਾ ਲੈਣਾ ਹੈ। ਤੇਰਾ ਪਿਓ ਤੈਨੂੰ ਅੰਦਰ ਤਾੜ ਕੇ ਜਾਂ ਤੈਨੂੰ ਜ਼ਿੰਦਾ ਲਾ ਕੇ ਗੱਡੀ ਲੈ ਕੇ ਚਲਿਆ ਜਾਵੇਗਾ ਆਪਣੇ ਕੰਮ। ਨਾ ਤੈਨੂੰ ਰੋਟੀ ਨਾ ਪਾਣੀ ਕਿਸੇ ਦੇਣਾ ਹੈ। ਜੇ ਤੇਰੇ ਪਿਓ ਨੇ ਹੋਰ ਵਿਆਹ ਕਰਵਾ ਲਿਆ ਤਾਂ ਤੇਰੀ ਸੋਤੇਲੀ ਮਾਂ ਨੇ ਤੈਨੂੰ ਬਹੁਤ ਤੰਗ ਕਰਿਆ ਕਰਨਾ ਹੈ। ਇਸ ਲਈ ਜੋ ਵੀ ਗੱਲ ਜਾਂ ਆਦਮੀ ਜਾਂ ਔਰਤ ਤੈਨੂੰ ਬੋਲਣ ਨਹੀਂ ਦਿੰਦੀ, ਉਹ ਸਾਨੂੰ ਨਹੀਂ ਦੱਸਣਾ ਤਾਂ ਆਪਣੇ ਪਿਓ ਨੂੰ ਹੀ ਦੱਸ ਦੇਵੀਂ। ਜਦੋਂ ਤੂੰ ਬੋਲਣ ਲੱਗ ਪਿਆ। ਤੇਰੀ ਇਸੇ ਵਿਚ ਭਲਾਈ ਹੈ।" ਆਖ ਮੈਂ ਚੁੱਪ ਹੋ ਗਿਆ ਕਿਉਂਕਿ ਦੋ ਤਿੰਨ ਦਿਨ ਚੁੱਪ ਰਹਿਣ ਬਾਅਦ ਉਹ

ਆਪੇ ਹੀ ਬੋਲਣ ਲੱਗ ਜਾਂਦਾ ਸੀ। ਉਸ ਨੂੰ ਕਮਰੇ 'ਚੋਂ ਬਾਹਰ ਜਾਣ ਲਈ ਕਿਹਾ ਉਹ ਚਲਾ ਗਿਆ।

ਫਿਰ ਉਹਦੇ ਪਿਓ ਨੂੰ ਬੁਲਾਇਆ ਗਿਆ ਤੇ ਕਿਹਾ, " ਕਿ ਇਹ ਤੁਹਾਨੂੰ ਕੁਝ ਦੱਸੇਗਾ ਕਿ ਉਸ ਨੂੰ ਕਿਹੜੀ ਚੀਜ਼ ਬੋਲਣ ਨਹੀਂ ਦਿੰਦੀ, ਉਹ ਤੂੰ ਸਾਨੂੰ ਫੋਨ ਤੇ ਦੱਸ ਦੇਵੀ।"

ਤਿੰਨ ਦਿਨ ਬਾਅਦ ਉਸ ਮੁੰਡੇ ਦੇ ਪਿਓ ਦਾ ਫੋਨ ਆਇਆ ਕਿ ਮੁੰਡਾ ਕਹਿੰਦਾ ਹੈ ਕਿ ਮੈਨੂੰ ਮੈਥ ਵਾਲਾ ਟੀਚਰ ਚੰਗਾ ਨਹੀਂ ਲੱਗਦਾ, ਮੈਨੂੰ ਡਾਂਟਦਾ ਰਹਿੰਦਾ ਹੈ।

ਚੰਨਣ ਵਾਂਦਰ ਕਹਿੰਦਾ, "ਇਹ ਤਾਂ ਕੋਈ ਖ਼ਾਸ ਗੱਲ ਨਹੀਂ ਲੱਗਦੀ ਇਹਦੇ ਤੋਂ ਪੁੱਛਿਆ ਕਰ ਕੋਈ ਹੋਰ ਗੱਲ ਹੈ।"

ਅਗਲੇ ਦਿਨ, ਮੁੰਡੇ ਦੇ ਪਿਓ ਦਾ ਫਿਰ ਫੋਨ ਆਇਆ ਤੇ ਕਹਿਣ ਲੱਗਾ, "ਡਾਕਟਰ ਸਾਹਿਬ, ਅੱਜ ਇਹਨੇ ਦੱਸਿਆ ਕਿ ਮੈਂ ਫੋਨ 'ਤੇ ਗੇਮ ਖੇਡਦਾ ਹਾਂ। ਉਹ ਖੇਡਣ ਲਈ ਕਿਸੇ ਆਦਮੀ ਨੇ ਮੈਥੋਂ ਪੈਸੇ ਲੈ ਲਏ। ਮੈਂ ਤੁਹਾਡੇ ਫੋਨ ਤੋਂ ਪਾ ਦਿੱਤੇ ਤੇ ਉਸ ਦੇ ਦੱਸਣ ਤੇ ਮੈਸਜ਼ ਡਲੀਟ ਕਰ ਦਿੱਤਾ ਸੀ। ਉਸ ਨੇ ਮੈਨੂੰ ਕਿਹਾ ਕਿ ਜੇ ਮੈਂ ਕਿਸੇ ਨੂੰ ਦੱਸਿਆ ਤਾਂ ਮੈਂ ਤੇਰੇ ਪਿਓ ਨੂੰ ਦਿੱਲੀ ਆਏ ਨੂੰ ਮਾਰ ਦੇਣਾ ਹੈ। ਉਸ ਦਿਨ ਤੋਂ ਬਾਅਦ ਜਦੋਂ ਮੈਂ ਗੇਮ ਖੇਡਦਾ ਸਾਂ ਤਾਂ ਪੈਸੇ ਪਾ ਕੇ ਆਪ ਬੋਲਣੋਂ ਹਟ ਜਾਂਦਾ ਸੀ। ਉਹਨਾਂ ਪੈਸਿਆਂ ਪਿੱਛੇ ਮੰਮੀ ਡੈਡੀ ਜੀ ਤੁਸੀਂ ਤਾਂ ਆਪਸ ਵਿੱਚ ਲੜਦੇ ਸੀ। ਪਾਪਾ! ਤਰਕਸ਼ੀਲ ਵਾਲੇ ਅੰਕਲ ਦੇ ਕਹਿਣ 'ਤੇ ਮੈਂ ਤੁਹਾਨੂੰ ਦੱਸਿਆ ਹੈ।"

ਸ਼ਨੀਵਾਰ ਉਹ ਲੜਕਾ ਆਪਣੇ ਪਿਓ ਨਾਲ ਆਇਆ ਤੇ ਮੈਨੂੰ, ਰਾਜ ਅਤੇ ਡਾਕਟਰ ਨੂੰ ਆਉਣ ਸਾਰ ਜੱਫੀ ਪਾ ਕੇ ਮਿਲਿਆ। ਅਸੀਂ ਉਸ ਨੂੰ ਸਮਝਾਇਆ ਕਿ ਪੁੱਤ ਇਹਨਾਂ ਠੱਗਾਂ ਨੂੰ ਤੁਹਾਡੇ ਫੋਨ ਨੰਬਰ ਤੋਂ ਬਿਨਾਂ ਕੁਝ ਵੀ ਨਹੀਂ ਪਤਾ ਹੁੰਦਾ। ਉਸ ਮੁੰਡੇ ਨੇ ਸਾਡੇ ਨਾਲ ਵਾਅਦਾ ਕੀਤਾ ਕਿ ਅੱਜ ਤੋਂ ਬਾਅਦ ਉਹ ਕਦੇ ਵੀ ਗੇਮ ਨਹੀਂ ਖੇਡਦਾ। ਖੇਡਣ ਲਈ ਗਰਾਊਂਡ ਜਾਇਆ ਕਰੇਗਾ।

ਉਸ ਦੇ ਪਿਓ ਨੇ ਸਾਡਾ ਧੰਨਵਾਦ ਕੀਤਾ ਕਿ ਤੁਸੀਂ ਮੁੰਡਾ ਵੀ ਠੀਕ ਕੀਤਾ ਤੇ ਨਾਲ਼ ਮੇਰੀ ਆਰਥਿਕ ਲੁੱਟ ਵੀ ਰੋਕੀ ਤੇ ਨਾਲ਼ ਹੀ ਸਾਡੇ ਘਰ ਦਾ ਕਲੇਸ਼ ਵੀ ਖ਼ਤਮ ਹੋ ਗਿਆ ਕਿਉਂਕਿ ਪੈਸੇ ਮੁੱਕਣ ਦਾ ਇਲਜ਼ਾਮ ਮੈਂ ਆਪਣੀ ਪਤਨੀ 'ਤੇ ਲਾਉਂਦਾ ਸੀ। ਇਸ ਗੱਲ ਨੂੰ ਛੇ ਸੱਤ ਮਹੀਨੇ ਹੋ ਗਏ। ਹੁਣ ਉਹ ਵਧੀਆ ਜ਼ਿੰਦਗੀ ਜੀ ਰਹੇ ਹਨ। ਪਿਛਲੇ ਦਿਨੀਂ ਮੁੰਡਾ ਤੇ ਉਹਦੇ ਮਾਂ ਪਿਓ ਸਾਡੇ ਕੋਲ ਜਨਮ ਦਿਨ 'ਤੇ ਮਿਠਿਆਈ ਲੈ ਕੇ ਆਏ। ਨਾਲ਼ੇ ਸਾਡੇ ਕੋਲੋਂ ਤਰਕਸ਼ੀਲ ਕਿਤਾਬਾਂ ਲੈ ਕੇ ਗਏ।

ਜਸਕਰਨ ਲੰਡੇ

ਫੋਨ : 94171 03413

ਸਲਾਨਾ ਤਰਕਸ਼ੀਲ ਮੇਲਾ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਵੱਲੋਂ ਕਰਵਾਏ ਗਏ ਤਰਕਸ਼ੀਲ ਨਾਟਕ ਮੇਲੇ 'ਚ ਅਦਾਕਾਰ ਮੰਚ ਮੋਹਾਲੀ ਵੱਲੋਂ ਖੇਡਿਆ ਗਿਆ ਨਾਟਕ 'ਲੱਛੂ ਕਬਾੜੀਆ' ਸਦੀਆਂ ਤੋਂ ਲਤਾੜੇ ਦਲਿਤ ਵਰਗ ਦੀ ਦੁੱਖਾਂ ਭਰੀ ਕਹਾਣੀ ਬਿਆਨ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਰਿਹਾ। ਨਾਟਕ ਵਿੱਚ ਇੱਕ ਥਾਂ ਪੱਠਿਆਂ ਦੀ ਪੰਡ ਬਦਲੇ ਮਜ਼ਦੂਰ ਔਰਤ ਦੀ ਪੱਤ ਦੇ ਸਵਾਲ 'ਤੇ ਪੇਂਡੂ ਧਨਾਢ ਨਾਲ ਨਾਟਕ ਦਾ ਪਾਤਰ ਖਹਿਬੜਦਾ ਹੈ ਤਾਂ ਉਹ ਅੱਗੋਂ ਕਹਿੰਦਾ ਹੈ 'ਜੇ ਅਣਖ ਏਨੀਆਂ ਹੁਜਾਂ ਮਾਰਦੀ ਹੈ ਤਾਂ ਆਪਣੀ ਜ਼ਮੀਨ ਖਰੀਦ ਲੈ' ਉਸ ਵੇਲੇ 'ਲੱਛੂ' ਤੜਪ ਨਾਲ ਭਰ ਜਾਂਦਾ ਹੈ ਤੇ ਜ਼ੋਰ ਨਾਲ ਆਵਾਜ਼ ਉਠਾਉਂਦਾ ਸਵਾਲ ਪੁੱਛਦਾ ਹੈ ਕਿ ਕਿੱਥੇ ਹੈ ਸਾਡੇ ਹਿੱਸੇ ਦੀ ਜ਼ਮੀਨ? ਦਰਅਸਲ ਨਾਟਕ ਦੇ ਪਾਤਰ ਵੱਲੋਂ ਉਠਾਇਆ ਇਹ ਸਵਾਲ ਛੋਟਾ ਨਹੀਂ, ਬਲਕਿ ਬਹੁਤ ਵੱਡਾ ਹੈ। ਇਹ ਸਮੁੱਚੇ ਦਲਿਤ ਵਰਗ ਦੀ ਹੋਣੀ ਨਾਲ ਜੁੜਿਆ ਹੋਇਆ ਹੈ। ਦੁੱਖਾਂ ਦਰਦਾਂ ਦੀਆਂ ਅਨੇਕਾਂ ਕਹਾਣੀਆਂ ਪਾਉਂਦਾ ਇਹ ਨਾਟਕ ਉਸ ਵੇਲੇ ਸੁਖਾਂਤ ਵੱਲ ਮੋੜਾ ਕੱਟ ਲੈਂਦਾ ਹੈ, ਜਦੋਂ ਪਿੰਡ ਦੀ ਕਿਸਾਨੀ ਧਿਰ ਦਾ ਬਖਤੌਰ ਸਿੰਘ ਲੱਛੂ ਨਾਲ ਕਰੰਗੜੀ ਪਾਉਂਦਾ ਹੈ। ਕਿਸਾਨਾਂ ਤੇ ਮਜ਼ਦੂਰਾਂ ਦਾ ਇਕੱਠੇ ਹੋ ਕੇ ਨਵੇਂ ਰਾਹ ਤਲਾਸ਼ਣ ਦੀ ਪ੍ਰੇਰਨਾ ਦਾ ਬਿਰਤਾਂਤ ਸਿਰਜਦਾ ਨਾਟਕ ਸਮਾਪਤ ਹੁੰਦਾ ਹੈ।

ਤਰਕਸ਼ੀਲ ਮੇਲੇ ਵਿੱਚ ਨਾਟਕ ਤੋਂ ਪਹਿਲਾਂ ਅਵਤਾਰ ਚੜਿੱਕ ਤੇ ਵਰਮਾ ਵੱਲੋਂ ਭੰਡਾਂ ਦੀ ਪੇਸ਼ਕਾਰੀ ਰਾਹੀਂ ਸਿਆਸੀ ਲੋਕਾਂ 'ਤੇ ਖੂਬ ਤੰਜ ਕੱਸੇ। ਫੁਲਵਾੜੀ ਸਕੂਲ ਲੋਹੀਆ ਖਾਸ ਦੀਆਂ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਮਲਵਈ ਗਿੱਧਾ ਪੇਸ਼ ਕੀਤਾ ਗਿਆ। ਇਹ ਗਿੱਧਾ ਦਰਸ਼ਕਾਂ 'ਤੇ ਬਹੁਤ ਵਧੀਆ ਪ੍ਰਭਾਵ ਛੱਡ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਭੂਰਾ ਸਿੰਘ ਮਹਿਮਾ ਸਰਜਾ ਨੇ ਇਤਿਹਾਸਿਕ ਹਵਾਲਿਆਂ ਨਾਲ ਅੰਧ ਵਿਸ਼ਵਾਸ ਨਾਲ ਹੁੰਦੇ ਨੁਕਸਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਵਿਗਿਆਨਕ ਵਿਚਾਰਧਾਰਾ ਦੇ ਧਾਰਨੀ ਬਣਨ ਦਾ ਸੁਨੇਹਾ ਦਿੰਦਿਆ ਕਿਹਾ ਕਿ ਵਿਗਿਆਨਿਕ ਹੋਣਾ ਹੋਰ ਗੱਲ ਹੈ ਪਰ ਵਿਗਿਆਨਿਕ ਦ੍ਰਿਸ਼ਟੀਕੋਣ ਵਧੇਰੇ ਮਹੱਤਵਪੂਰਨ ਹੈ। ਤਰਕਸ਼ੀਲ ਮੇਲੇ ਦੇ ਸ਼ੁਰੂ ਵਿੱਚ ਅਮਨ ਬਾਗਪੁਰ ਨੇ ਸਭ ਦਾ ਸਵਾਗਤ ਕੀਤਾ। ਜਿੰਦਰ ਬਾਗਪੁਰ ਨੇ ਸਟੇਜ ਸੰਚਾਲਨ ਕੀਤਾ।

ਤਰਕਸ਼ੀਲ ਮੈਗਜ਼ੀਨ ਦੇ ਸਲਾਨਾ ਚੰਦੇ ਕੱਟਣ ਦੇ ਫਰਜ਼ ਡਾ. ਰੇਸ਼ਮ ਰੂਪੇਵਾਲੀ ਨੇ ਨਿਭਾਏ। ਮੇਲੇ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਵਿੱਚ ਪਾਲ ਬਾਗਪੁਰ, ਬਿੱਟੂ ਰੂਪੇਵਾਲੀ ਅਤੇ ਸੁਖਵਿੰਦਰ ਬਾਗਪੁਰ ਦਾ ਅਹਿਮ ਯੋਗਦਾਨ ਰਿਹਾ। ਲੋਕਾਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਦਾ ਹੋਕਾ ਦੇਣ ਵਾਲੇ ਇਸ ਸਮਾਗਮ ਵਿੱਚ ਔਰਤਾਂ ਦੀ ਸ਼ਮੂਲੀਅਤ ਉਤਸ਼ਾਹਜਨਕ ਰਹੀ।

-ਗਿਆਨ ਸੈਦਪੁਰੀ

ਕੀ ਰੱਬ ਬਿਨਾਂ ਸਦਾਚਾਰ ਨਹੀਂ ਹੋਵੇਗਾ

ਅਵਤਾਰ ਗੋਂਦਾਰਾ

ਹਾਲ ਹੀ ਵਿੱਚ, 'ਰੱਬ' ਦੀ ਹੋਂਦ-ਅਣਹੋਂਦ ਬਾਰੇ ਚੱਲ ਰਹੀਆਂ ਬਹਿਸਾਂ ਵਿੱਚ ਉਠਦੇ ਸੁਆਲਾਂ ਵਿੱਚ, ਇੱਕ ਸੁਆਲ ਬੜੇ ਫਿਕਰ ਨਾਲ ਕੀਤਾ ਗਿਐ, ਕਿ 'ਰੱਬ' ਬਿਨ੍ਹਾਂ, ਸਮਾਜ ਵਿੱਚ ਅਫਰਾ-ਤਫਰੀ ਆਜੂ, ਹੇਠਲੀ ਉੱਤੇ ਹੋਜੂ। ਸੁਆਲ ਵਿੱਚ ਹੀ ਇਹ ਸੰਕੇਤ ਲੁਕਿਆ ਹੁੰਦਾ ਹੈ ਕਿ ਜਿਥੇ ਜਿਥੇ ਵੀ 'ਰੱਬ ਦੇ ਨਾਮ-ਲੇਵਾ' ਬੰਦੇ ਰਹਿੰਦੇ ਹਨ ਜਾਂ ਉਨ੍ਹਾਂ ਦਾ ਰਾਜ ਭਾਗ ਹੈ, ਉੱਥੇ ਮੌਜਾਂ ਹੀ ਮੌਜਾਂ ਹਨ, ਕੋਈ ਲੜਾਈ ਝਗੜਾ ਨਹੀਂ, ਕੋਈ ਧੱਕਾ ਮੁੱਕੀ ਨਹੀਂ, ਨਾ ਹੀ ਬੇਇਨਸਾਫੀ ਹੈ। ਪਰ ਅਸਲੀਅਤ ਕੀ ਹੈ, ਆਪਾਂ ਸਾਰਿਆਂ ਨੂੰ ਪਤਾ ਹੈ।

ਸੁਆਲ ਉਠਦਾ ਹੈ ਕੀ 'ਰੱਬ' ਹੀ ਸਦਾਚਾਰ/ਨੇਕ- ਆਚਰਣ (Morality) ਦਾ ਸੋਮਾ ਹੈ?

ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਸਦਾਚਾਰ ਬਾਰੇ, ਕੁਝ ਚੋਣਵੇਂ ਧਰਮਾਂ ਦੀ ਪਹੁੰਚ ਜਾਣ ਲੈਣੀ ਕੁਥਾਂ ਨਹੀਂ ਹੋਵੇਗੀ।

ਸਿੱਖ ਧਰਮ: ਬ੍ਰਹਿਮੰਡ ਦਾ ਕੋਈ ਵੀ ਕਣ, 'ਰੱਬ' ਤੋਂ ਬਾਹਰ ਨਹੀਂ ਅਤੇ ਹਰ ਵਰਤਾਰਾ ਹੁਕਮ ਵਿੱਚ ਚੱਲ ਰਿਹਾ ਹੈ। ਮਨੁੱਖ ਇਹੀ ਕਰ ਸਕਦੈ ਕਿ ਉਹ ਹੁਕਮ ਵਿਚ ਰਹਿੰਦਿਆਂ, ਗੁਰੂ ਦੇ ਲੜ ਲੱਗ ਕੇ, ਖ਼ੁਦ ਚੰਗੇ-ਮਾੜੇ ਦੀ ਚੋਣ ਲਈ ਕੋਸ਼ਿਸ਼ਾਂ ਜੁਟਾਵੇ।

ਇਸਲਾਮ: ਬਾਕੀ ਕੁਦਰਤ ਵਾਂਗ, ਨੇਕੀ ਅਤੇ ਬਦੀ ਵੀ 'ਅੱਲਾ' ਦੀ ਸਿਰਜਣਾ ਹੈ। 'ਅੱਲਾ' ਸਰਬਸ਼ਕਤੀਮਾਨ, ਜਾਣੀਜਾਣ ਹੀ ਨਹੀਂ, ਉਹ ਦ੍ਰਿਸ਼ਟਾ ਵੀ ਹੈ। ਉਸ ਨੇ ਬੰਦੇ ਨੂੰ 'ਮੁਕਤ-ਇੱਛਾ' ਦੇ ਕੇ ਚੋਣ ਕਰਨ ਦਾ ਅਧਿਕਾਰ ਬਖ਼ਸ਼ਿਆ ਹੈ ਅਤੇ ਜੋ ਹੋ ਰਿਹਾ ਹੈ ਉਸ ਦੀ ਨਜ਼ਰ ਵਿੱਚ ਹੈ। ਬੰਦੇ ਦੇ ਕੀਤੇ ਕੰਮਾਂ ਦੀ ਸਜ਼ਾ ਜਾਂ ਇਨਾਮ, ਉਸ ਨੂੰ ਹਸ਼ਰ ਵਾਲੇ ਦਿਨ ਮਿਲਣਾ ਹੈ। ਜਿਉਂਦੇ ਜੀਅ, ਬੰਦੇ ਦੀ ਸਹੀ/ਗਲਤ ਚੋਣ ਕਰਨ ਵਿੱਚ ਉਹ ਦਖ਼ਲ ਨਹੀਂ ਦਿੰਦਾ।

ਇਸਾਈਅਤ: ਇਸ ਧਰਮ ਮੁਤਾਬਿਕ ਤਾਂ ਬੰਦੇ ਦਾ ਜਨਮ ਹੀ ਪਾਪ 'ਚੋਂ ਹੋਇਆ ਹੈ। ਆਦਮ ਅਤੇ ਹਵਾ ਨੇ ਬਹਿਸ਼ਤ ਵਿੱਚ ਜਦੋਂ ਵਰਜਿਤ ਫਲ ਦਾ ਸੇਵਨ ਕੀਤਾ ਤਾਂ ਉਹਨਾਂ ਨੂੰ ਸਜ਼ਾ ਵਜੋਂ ਧਰਤੀ ਉਪਰ ਸੁੱਟ ਦਿੱਤਾ ਗਿਆ। ਮਨੁੱਖੀ ਜਨਮ, ਈਸਾ ਨਾਲ ਜੁੜ ਕੇ, ਇਸ ਗੁਨਾਹ ਤੋਂ ਮੁਕਤ ਹੋਣ ਦਾ ਇੱਕੋ ਇੱਕ ਜ਼ਰੀਆ ਹੈ।

ਉਪਰੋਕਤ ਹਵਾਲਿਆਂ ਵਿੱਚ ਇੱਕ ਗੱਲ ਸਾਂਝੀ ਹੈ ਕਿ 'ਸਰਬ-ਸ਼ਕਤੀਮਾਨ' ਨੇ ਪਾਲਾ ਵਲਦਿਆਂ, ਖੇਡ ਦੇ ਕੁਝ ਨਿਯਮ ਤਹਿ ਕਰ ਦਿੱਤੇ ਹਨ ਅਤੇ ਉਸ ਵਿੱਚ ਮਨੁੱਖਾਂ ਨੂੰ ਖੁੱਲ੍ਹ ਖੇਡਣ ਲਈ 'ਮੁਕਤ-ਇੱਛਾ' (Free-Will) ਨਾਲ ਕਥਿੱਤ ਤੌਰ ਤੇ ਨਿਵਾਜਿਆ ਗਿਆ ਹੈ। ਹੁਣ ਚੋਣ ਮਨੁੱਖ ਦੀ ਹੈ। ਜਿਸ ਨਾਲ ਉਹ ਗਲਤ ਜਾਂ ਸਹੀ ਦੀ ਚੋਣ ਕਰੇ। ਇਸ ਲਈ ਜੋ ਕੁਝ ਵੀ, ਅਣਮਨੁੱਖੀ ਜਾਂ ਗਲਤ ਇਸ ਧਰਤੀ ਉਪਰ ਹੋ ਰਿਹਾ ਹੈ, ਉਸ ਲਈ ਸਰਬਸ਼ਕਤੀਮਾਨ ਕਸੂਰਵਾਰ ਨਹੀਂ, ਬਲਕਿ ਬੰਦਾ/ਬੰਦੇ ਜ਼ੁੰਮੇਵਾਰ ਹਨ, ਜੋ ਆਪਣੀ 'ਮੁਕਤ-ਇੱਛਾ' ਦੀ ਸਹੀ ਵਰਤੋਂ ਨਹੀਂ ਕਰਦੇ ਹਨ। ਉਹ ਭਾਵੇਂ ਕਿਸੇ ਕੁੜੀ ਦਾ ਬਲਾਤਕਾਰ ਹੋਵੇ, ਕਲਬੁਰਜ਼ੀ ਦਾ ਕਤਲ ਹੋਵੇ, ਕੋਈ ਮੰਦਰ ਜਾਂ ਮਸਜਿਦ ਢਾਹੀ ਜਾਵੇ, ਦਿੱਲੀ ਦੇ ਦੰਗੇ ਹੋਣ ਜਾਂ ਪੰਜਾਬ ਵਿਚ ਬੱਸਾਂ ਤੋਂ ਲਾਹ ਕੇ ਮਾਰੀਆਂ ਗਈਆਂ ਬੇਕਸੂਰ ਸਵਾਰੀਆਂ। ਉਸ ਲਈ ਕਥਿੱਤ 'ਸਰਬਸ਼ਕਤੀਮਾਨ' ਨੂੰ ਉਲਾਂਭਾਂ ਨਹੀਂ ਦਿੱਤਾ ਜਾ ਸਕਦਾ। ਉਹ ਵੇਖ ਰਿਹਾ ਹੈ ਅਤੇ ਇਹ ਸਭ ਉਸ ਦੀ ਲੀਲ੍ਹਾ ਦਾ ਹਿੱਸਾ ਹੈ। ਜੋ ਗਲਤ ਮਲ੍ਹਤ ਹੈ, ਉਹ ਮਨੁੱਖਾਂ ਦਾ ਹੀ ਕੀਤਾ ਕਰਾਇਆ ਹੈ। ਇਸ ਵਿੱਚੋਂ ਸਿੱਟਾ ਇਹ ਨਿਕਲਦਾ ਹੈ ਕਿ ਜਨਮ ਅਤੇ ਮੌਤ ਵਿਚਲੇ ਸਮੇਂ ਦੇ ਆਚਰਣ ਨੂੰ 'ਰੱਬ' ਨੇ ਨਹੀਂ, ਮਨੁੱਖ ਨੇ ਤਹਿ ਕਰਨਾ ਹੈ।

ਮੁਕਤ-ਇੱਛਾ ਕੀ ਹੈ? ਇਹ ਹੁੰਦੀ ਵੀ ਹੈ ਕਿ ਨਹੀਂ? ਇਹ ਪੂਰੀ ਹੁੰਦੀ ਹੈ ਜਾਂ ਅੰਸ਼ਕ। ਮਾਹਿਰਾਂ ਨੇ ਇਸ ਬਾਰੇ ਕਾਫੀ ਭੰਬਲਭੂਸਾ ਪਾਇਆ ਹੋਇਆ ਹੈ। ਆਪਾਂ ਇਸ ਬਹਿਸ ਵਿੱਚ ਨਹੀਂ ਪਵਾਂਗੇ ਅਤੇ ਇਸ ਨੂੰ ਸਮਾਜ-ਵਿਗਿਆਨੀਆਂ ਜਾਂ ਪਾਠਕਾਂ ਲਈ ਛੱਡ ਦਿੰਦੇ ਹਾਂ। ਚਰਚਾ ਨੂੰ ਅੱਗੇ ਤੋਰਨ ਲਈ, ਇਹ ਮੰਨ ਕੇ ਚੱਲਦੇ ਹਾਂ ਕਿ ਮਨੁੱਖ ਕੋਲ ਨਿਰਣਾ-ਕਰਨ (Discriminating Faculty) ਦੀ ਸ਼ਕਤੀ ਹੈ। ਉਹ ਇਹ ਚੋਣ ਕਰ ਸਕਦਾ ਹੈ ਕਿ ਉਸ ਨੇ ਬੇਈਮਾਨੀ ਕਰਨੀ ਹੈ ਜਾਂ ਨਹੀਂ, ਝੂਠ ਬੋਲਣਾ ਹੈ ਜਾਂ ਨਹੀਂ, ਰਿਸ਼ਵਤ ਲੈਣੀ ਹੈ ਜਾਂ ਨਹੀਂ, ਸਾਦਗੀ ਅਪਣਾਉਣੀ ਹੈ ਜਾਂ ਦਿਖਾਵਾ ਕਰਨੈ। ਭਾਵ ਸਦਾਚਾਰ ਦੇ ਅਸੂਲਾਂ ਨੂੰ ਉਸ ਨੇ ਮੰਨਣਾ ਹੈ ਜਾਂ ਨਹੀਂ।

ਸਦਾਚਾਰ ਕੀ ਬਲਾ ਹੈ:

Stanford Encyclopedia of Philosophy ਵਿੱਚ ਵੱਖ ਵੱਖ ਮਾਹਿਰਾਂ ਦੇ ਹਵਾਲੇ ਨਾਲ ਸਦਾਚਾਰ ਦੀ ਪ੍ਰੀਭਾਸ਼ਾ ਦੇਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਹੈ, ਪਰ ਕੁਝ ਵੀ ਪਿੜ੍ਹ ਪੱਲੇ ਨਹੀਂ ਪਾਇਆ। ਕੋਈ ਵਿਦਵਾਨ ਇਸ ਨੂੰ ਵਿਆਖਿਆਤਮਕ ਕਹਿੰਦਾ ਹੈ ਅਤੇ ਦੂਜੇ ਲਈ ਇਹ ਜ਼ਾਬਤਾ ਹੈ। ਨਵੇਂ ਵਿਦਵਾਨਾਂ ਦੀ ਬਜਾਏ ਜੇ ਪੁਰਾਣਿਆਂ ਵਿਚੋਂ ਅਰਸਤੂ, ਹਿਊਮ ਜਾਂ ਰਸਲ ਨੂੰ ਦੇਖੀਏ ਤਾਂ ਸਦਾਚਾਰ ਦੀ ਡਾਇਲੈਕਟ ਸਮਝ ਆਉਂਦੀ ਹੈ। ਉਨ੍ਹਾਂ ਨੇ ਵਿਅਕਤੀ ਅਤੇ ਸਮੂਹ ਵਿਚਲੇ ਟਕਰਾਓ ਦੇ ਸਮਾਧਾਨ ਨੂੰ

ਸਦਾਚਾਰ ਦੀ ਗਿਰੀ ਵਜੋਂ ਲਿਆ ਹੈ। ਇਕੱਲੇ ਬੰਦੇ ਨੂੰ ਸ਼ਾਇਦ ਸਦਾਚਾਰ ਦੀ ਲੋੜ ਨਾ ਹੋਵੇ। ਇਹ ਇੱਕ ਤੋਂ ਵੱਧ ਜਣਿਆਂ ਵਿਚਲਾ ਰਿਸ਼ਤਾ ਹੈ।ਜਦੋਂ ਨਿੱਜੀ-ਹਿੱਤ ਅਤੇ ਪਰ-ਹਿੱਤ ਸੰਪਰਕ ਵਿੱਚ ਆਉਂਦੇ ਹਨ ਤਾਂ ਆਮ ਤੌਰ 'ਤੇ ਦੋ ਗੱਲਾਂ ਵਾਪਰਦੀਆਂ ਹਨ, ਟਕਰਾਓ ਜਾਂ ਮਿਲਵਰਤਣ। ਟਕਰਾਓ ਲਈ ਕਿਸੇ ਬੰਧ ਬੰਧੇਜ ਦੀ ਲੋੜ ਨਹੀਂ, ਜਿਵੇਂ ਕਿਸੇ ਦਾ ਜੀਅ ਕਰਦਾ ਹੈ, ਕਰੀ ਜਾਓ। ਪਰ ਮਿਲਵਰਤਣ ਨਿੱਜੀ ਨਹੀਂ, ਸਗੋਂ ਦੁਵੱਲਾ ਜਾਂ ਸਮੂਹਿਕ ਵਰਤਾਰਾ ਹੈ। ਇਸ ਵਿੱਚ ਰਜ਼ਾਮੰਦੀ, ਸਰਬਸੰਮਤੀ ਦੀ ਲੋੜ ਹੈ। ਕੀ ਖਾਣਾ ਹੈ ਕੀ ਨਹੀਂ ਖਾਣਾ, ਕੀ ਪੂਜਣਾ ਹੈ ਕੀ ਨਹੀਂ, ਵਿਭਚਾਰ ਕਬੂਲ ਹੈ ਜਾਂ ਮਨਾਹੀ ਹੈ। ਇਹ ਗੱਲਾਂ ਕਿਸੇ ਸਮੂਹ ਜਾਂ ਭਾਈਚਾਰੇ ਦਾ ਅਣਲਿਖਿਆ ਜ਼ਾਬਤਾ ਹੁੰਦਾ ਹੈ। ਇਸ ਦੀ ਅਵੇਹਲਨਾ ਕਰਨ ਵਾਲੇ ਅਪਰਾਧੀ ਨੂੰ ਕਾਨੂੰਨੀ ਸਜ਼ਾ ਮਿਲੇ ਜਾਂ ਨਾ ਮਿਲੇ, ਉਹ ਅਪਰਾਧ-ਬੋਧ ਤੋਂ ਪੀੜਤ ਰਹਿੰਦਾ ਹੈ, ਜਾਂ ਉਸ ਨੂੰ ਭਾਈਚਾਰੇ ਵਿੱਚੋਂ ਛੇਕਿਆ ਵੀ ਜਾ ਸਕਦਾ ਹੈ। ਮਨਾਹੀ (Prohibition) ਨਾਲੋਂ ਵਰਜਣਾ (Inhibition) ਜਿਆਦਾ ਕਿਰਿਆਸ਼ੀਲ ਹੁੰਦੀ ਹੈ। ਇਸ ਲਈ, ਕਿਸੇ ਸਮੂਹ ਜਾਂ ਭਾਈਚਾਰੇ ਦਾ ਹਿੱਸਾ ਹੁੰਦਿਆਂ, ਮਨੁੱਖ ਇਸ ਨੂੰ ਸੁਤੇ-ਸਿੱਧ ਕਰਦਾ ਹੈ। ਉਸ ਨੂੰ ਕੋਈ ਕਰਨ ਲਈ ਨਹੀਂ ਕਹਿੰਦਾ। ਜੇ ਹਾਲਤਾਂ ਸਾਜ਼ਗਾਰ ਰਹਿਣ, ਤਾਂ ਇਹ ਉਸ ਦੀ ਆਦਤ ਬਣ ਜਾਂਦੀ ਹੈ।

ਸਦਾਚਾਰ ਦਾ ਧਾਰਮਿਕ ਸਰੋਤ: ਕਥਿਤ 'ਰੱਬ' ਆਪ ਕੋਈ ਹਦਾਇਤ ਜਾਂ ਸੁਨੇਹਾ ਦੇਣ ਜੋਗਾ ਨਹੀਂ ਇਸ ਲਈ ਉਸ ਨੂੰ ਕਿਸੇ ਮਹਾਂਪੁਰਸ਼ ਜਾਂ ਪੈਗੰਬਰ ਦੀ ਲੋੜ ਪੈਂਦੀ ਹੈ, ਜੋ ਹੋਰਨਾਂ ਗੱਲਾਂ ਤੋਂ ਇਲਾਵਾਂ, ਹਦਾਇਤਾਂ ਜਾਂ ਮਨਾਹੀਆਂ ਦੇ ਰੂਪ ਵਿੱਚ ਹੁੰਦਾ ਹੈ, ਬਈ ਇਹ ਸਹੀ ਹੈ, ਇਹ ਗਲਤ ਹੈ। ਇਉਂ ਕਰਨਾ ਹੈ, ਇਉਂ ਨਹੀਂ ਕਰਨਾ ਹੈ। Do's ਅਤੇ Don't ਵਾਲਾ ਹਿੱਸਾ, ਉਸ ਧਰਮ ਵਿਸ਼ੇਸ਼ ਦਾ ਸਦਾਚਾਰ ਹੁੰਦਾ ਹੈ। ਇਹ ਸਾਂਝਾਂ ਹੋਣ ਦੀ ਥਾਂ, ਧੜੇਬੰਦਕ ਹੁੰਦਾ ਹੈ। ਜੇ ਕਿਸੇ ਖਿੱਤੇ ਵਿੱਚ ਕਈ ਧਰਮਾਂ ਜਾਂ ਸੰਪਰਦਾਵਾਂ ਵਾਲੇ ਲੋਕ ਵਸਦੇ ਹੋਣ ਤਾਂ ਉਨ੍ਹਾਂ ਦਾ ਸਾਂਝਾ ਸਦਾਚਾਰ ਨਹੀਂ ਉਸਰਦਾ। ਜਿੰਨ੍ਹਾਂ ਮਰਜ਼ੀ ਉਹ ਇੱਕ 'ਰੱਬ ਨੂੰ ਮੰਨੀ ਜਾਣ, ਉਹਨਾਂ ਵਿਚ ਟਕਰਾ ਅਟੱਲ ਹੈ। ਇਹ ਟਕਰਾ ਵੱਖ ਵੱਖ ਧਰਮਾਂ ਵਿਚਕਾਰ ਹੀ ਨਹੀਂ, ਇੱਕੋ ਧਰਮ ਦੇ ਪੈਰੋਕਾਰਾਂ ਵਿੱਚ ਵੀ ਵਿਆਪਕ ਹੈ, ਜਿਵੇਂ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖਾਂ, ਕੈਥੋਲਿਕ ਅਤੇ ਪ੍ਰੋਟੈਸਟੈਂਟ ਇਸਾਈਆਂ, ਸੁੰਨੀ ਅਤੇ ਸ਼ੀਆ ਮੁਸਲਮਾਨਾਂ ਵਿੱਚ। ਜੋ ਇੱਕ ਲਈ ਪੁੰਨ ਹੈ ਦੂਜੇ ਲਈ ਪਾਪ ਹੈ। ਇਹ ਖਾਣ ਪੀਣ ਅਤੇ ਧਾਰਮਿਕ ਕਰਮਕਾਂਡਾਂ ਵਿੱਚ ਆਮ ਦੇਖਿਆ ਜਾ ਸਕਦਾ ਹੈ। ਇਸ ਲਈ, 'ਰੱਬ' ਦਾ ਧਰਮ-ਵਿਸ਼ੇਸ਼ ਰਾਹੀਂ ਜਾਰੀ ਕੀਤਾ ਗਿਆ ਸਦਾਚਾਰ, ਸਰਬਵਿਆਪੀ ਅਤੇ ਸਰਬਸੰਮਤੀ ਵਾਲਾ ਨਹੀਂ ਹੁੰਦਾ। ਜੇ ਕੋਈ ਸਦਾਚਾਰ ਸਰਬਵਿਆਪੀ ਨਹੀਂ, ਤਾਂ ਉਹ ਅਧੂਰਾ ਹੈ, ਸੱਚਾ ਨਹੀਂ ਹੋ ਸਕਦਾ। ਤਾਰਕਿਕ ਤੌਰ ਤੇ ਇਸ ਨੂੰ ਸਦਾਚਾਰ ਦੇ ਘੇਰੇ ਵਿੱਚ ਰੱਖਿਆ ਹੀ ਨਹੀਂ ਜਾ ਸਕਦਾ ਕਿਉਂਕਿ ਇਹ ਵੱਖ ਵੱਖ ਸੰਪਰਦਾਵਾਂ ਦੇ ਮੇਲ ਨੂੰ ਮਿਲਵਰਤਣ ਦੀ ਬਜਾਏ, ਟਕਰਾਅ ਵਿੱਚ ਰੁਪਾਂਤਰ ਕਰ ਦਿੰਦਾ ਹੈ। ਇਸ ਲਈ ਅਸਦਾਚਾਰ ਹੈ।

ਧਰਮ-ਨਿਰਪੇਖ ਸਦਾਚਾਰ:

ਉਪਰੋਕਤ ਚਰਚਾ ਵਿੱਚੋਂ ਇਹ ਸਿੱਟਾ ਨਿਕਲਦਾ ਹੈ ਕਿ ਧਰਮ ਆਧਾਰਿਤ ਸਦਾਚਾਰ, ਆਪਣੇ ਕਥਿਤ ਪ੍ਰੇਮ ਅਤੇ ਸਦਭਾਵਨਾ ਦੇ ਦਾਅਵਿਆਂ ਦੇ ਬਾਵਜੂਦ, ਮਿਹਨਤਕਸ਼ ਲੋਕਾਂ ਨੂੰ ਆਪਣਿਆਂ ਅਤੇ ਬੇਗਾਨਿਆਂ ਵਿੱਚ ਵੰਡ ਦਿੰਦਾ ਹੈ। ਧਰਮ ਆਧਾਰਿਤ ਸਦਾਚਾਰ ਜੇ ਧੜਾ-ਕੇਂਦਰਿਤ ਹੈ, ਸਾਰਿਆਂ ਲਈ ਨਹੀਂ ਤਾਂ ਇਸ ਉਪਰ ਟੇਕ ਨਹੀਂ ਰੱਖੀ ਜਾ ਸਕਦੀ। ਇਸ ਦਾ ਬਦਲ (Alternative) ਧਰਮ-ਨਿਰਪੇਖ ਸਦਾਚਾਰ ਹੀ ਹੋ ਸਕਦਾ ਹੈ। ਇਹ ਰੰਗ, ਨਸਲ, ਖਿੱਤਾ, ਧਰਮ, ਜਾਤ ਕੌਮ ਆਦਿ ਤੋਂ ਪਰ੍ਹਾਂ, ਸਹੀ ਅਤੇ ਗਲਤ ਦੇ ਆਧਾਰ 'ਤੇ ਆਮ ਲੋਕਾਂ ਨੂੰ ਇਕੱਠੇ ਕਰਦਾ ਹੈ, ਉਨ੍ਹਾਂ ਲਈ ਮਿਲਵਰਤਣ ਦਾ ਆਧਾਰ ਮੁਹੱਈਆ ਕਰਦਾ ਹੈ। ਭਾਰਤ ਵਿੱਚ ਹੋਏ ਕਿਸਾਨੀ ਅੰਦੋਲਨ ਨੂੰ ਉਦਾਹਰਣ ਵਜੋਂ ਲਿਆ ਜਾ ਸਕਦਾ ਹੈ। ਲੜ ਰਹੀਆਂ ਧਿਰਾਂ ਦਾ ਪ੍ਰੇਰਣਾ ਸ੍ਰੋਤ ਜੋ ਮਰਜ਼ੀ ਹੋਵੇ, (ਪੰਜਾਬ ਦੇ ਕਿਸਾਨਾਂ ਦਾ ਸਿੱਖੀ, ਹਰਿਆਣੇ ਅਤੇ ਯੂ ਪੀ ਦੇ ਕਿਸਾਨਾਂ ਦਾ ਕੋਈ ਦੇਵੀ-ਦੇਵਤਾ) ਪਰ ਉਨ੍ਹਾਂ ਦੀ ਏਕਤਾ ਦਾ ਆਧਾਰ, ਗੈਰ-ਧਾਰਮਿਕ ਸੀ: ਕਿਸੇ ਧਰਮ ਵਿਸ਼ੇਸ਼ ਦੀ ਰਾਖੀ ਦੀ ਬਜਾਏ, ਕਿਸਾਨਾਂ ਦੇ ਹਿੱਤਾਂ ਦੀ ਰਾਖੀ।

ਅੱਜ ਦੇ ਦੌਰ ਵਿੱਚ, ਲੋਕ-ਪੱਖੀ ਖਰੇ ਸਿਆਸੀ ਆਗੂਆਂ, ਸਿਧਾਂਤਕਾਰਾਂ, ਲੇਖਕਾਂ ਸਾਹਮਣੇ ਇਹ ਚੁਣੌਤੀ ਹੈ ਕਿ ਉਹਨਾਂ ਨੇ ਧਾਰਮਿਕ, ਤਿੜਕੇ ਹੋਏ ਅਤੇ ਅਧੂਰੇ ਸਦਾਚਾਰ ਬਾਰੇ ਕਿਤਾਬਾਂ ਲਿਖ ਕੇ ਦੁਨੀਆਂ ਘੁੰਮਣੀ ਹੈ ਜਾਂ ਧਰਮ-ਨਿਰਪੇਖ, ਸਾਬਤ, ਮੁਕੰਮਲ ਸਦਾਚਾਰ ਨੂੰ ਬੁਲੰਦ ਕਰਨ ਦੇ ਢੰਗ ਤਰੀਕੇ ਈਜਾਦ ਕਰਕੇ, ਵੰਡੇ ਹੋਏ ਮਿਹਨਤਕਸ਼ ਲੋਕਾਂ ਦੇ ਮਿਲਵਰਤਣ ਦੇ ਆਧਾਰ ਨੂੰ ਪੱਕਾ ਕਰਨਾ ਹੈ।

+1(559) 375-2589

email- gondarasa@gmail.com

ਸ਼ੋਕ ਸਮਾਚਾਰ

ਇਕਾਈ ਬਠਿੰਡਾ ਦੇ ਸਰਗਰਮ ਮੈਂਬਰ ਸੁਖਵਿੰਦਰ ਪਾਲ ਵਿਰਕ ਦੇ ਪਿਤਾ ਸ਼੍ਰੀ ਦਰਸ਼ਨ ਕੁਮਾਰ ਜੀ ਦੇ ਸਦੀਵੀ ਵਿਛੋੜੇ 'ਤੇ ਅਦਾਰਾ 'ਤਰਕਸ਼ੀਲ' ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ।

ਵਿਗਿਆਨ ਖ਼ਬਰਾਂ

ਹਿਮਾਲਿਆ ਖੇਤਰ ਵਿੱਚ ਵੱਡਾ ਭੁਚਾਲ ਆਉਣ ਦੀ ਸੰਭਾਵਨਾ

ਭੁਚਾਲ ਵਿਗਿਆਨੀਆਂ ਵੱਲੋਂ ਦਿੱਤੀ ਗਈ ਨਵੀਂ ਚਿਤਾਵਨੀ ਨੇ ਦੇਸ਼ ਦੇ ਹਿਮਾਲਾ ਖੇਤਰ ਦੇ ਲੋਕਾਂ ਬਾਰੇ ਚਿੰਤਾ ਪੈਦਾ ਕਰ ਦਿੱਤੀ ਹੈ। ਵਿਗਿਆਨੀਆਂ ਅਨੁਸਾਰ ਹਿਮਾਲਾ ਦਾ ਸਾਰਾ ਖੇਤਰ ਆਉਣ ਵਾਲੇ ਸਮੇਂ ਵਿੱਚ ਕਿਸੇ ਵੱਡੇ ਭੁਚਾਲ ਦਾ ਸ਼ਿਕਾਰ ਬਣ ਸਕਦਾ ਹੈ।

ਭੁਚਾਲ ਆਉਣ ਦੇ ਕਾਰਣਾਂ ਬਾਰੇ ਜਾਣਕਾਰੀ ਰੱਖਣ ਵਾਲੇ ਪਾਠਕ ਜਾਣਦੇ ਹਨ ਕਿ ਪ੍ਰਿਥਵੀ ਦੀ ਸਾਰੀ ਉਪਰਲੀ ਤਹਿ ਇਕਜੁੱਟ ਨਹੀਂ ਹੈ ਬਲਕਿ ਕੁਝ ਮਹਾਂ-ਆਕਾਰੀ ਟੋਟਿਆਂ ਵਿੱਚ ਵੰਡੀ ਹੋਈ ਹੈ। ਇਨ੍ਹਾਂ ਟੋਟਿਆਂ ਨੂੰ ਟੈਕਟੋਨਿਕ ਪਲੇਟਾਂ (Tectonic Plates) ਕਿਹਾ ਜਾਂਦਾ ਹੈ ਅਤੇ ਇਹ ਟੈਕਟੋਨਿਕ ਪਲੇਟਾਂ ਧਰਤੀ ਹੇਠਲੇ ਪਿਘਲੇ ਹੋਏ ਲਾਵੇ ਉਪਰ ਬਹੁਤ ਧੀਮੀ ਗਤੀ ਨਾਲ ਤੈਰਦੀਆਂ ਰਹਿੰਦੀਆਂ ਹਨ। ਜਦ ਇਹ ਪਲੇਟਾਂ ਇੱਕ ਦੂਜੀ ਨਾਲ ਟਕਰਾਉਂਦੀਆਂ ਹਨ ਤਾਂ ਕੁਝ ਸਮਾਂ ਤਾਂ ਇਨ੍ਹਾਂ ਵਿਚਕਾਰ ਦਬਾਅ ਬਣਦਾ ਰਹਿੰਦਾ ਹੈ ਅਤੇ ਜਦ ਇਹ ਦਬਾਅ ਬਹੁਤ ਵਧ ਜਾਂਦਾ ਹੈ ਤਾਂ ਉਥੇ ਭੁਚਾਲ ਆ ਜਾਂਦਾ ਹੈ। ਜਿੱਥੇ ਇਹ ਪਲੇਟਾਂ ਆਪਸ ਵਿੱਚ ਮਿਲਦੀਆਂ ਹਨ ਉਹ ਇਲਾਕੇ ਭੁਚਾਲ ਪੱਖੋਂ ਸੰਵੇਦਨਸ਼ੀਲ ਮੰਨੇ ਜਾਂਦੇ ਹਨ। ਹਿਮਾਲਾ ਪਹਾੜ ਹੇਠ ਵੀ ਦੋ ਪਲੇਟਾਂ ਦਾ ਜੋੜ ਮਿਲਦਾ ਹੈ- ਇਨ੍ਹਾਂ ਪਲੇਟਾਂ ਦੇ ਨਾਮ ਇੰਡੀਅਨ ਪਲੇਟ ਅਤੇ ਯੂਰੇਸ਼ੀਅਨ ਪਲੇਟ ਹਨ। ਇਨ੍ਹਾਂ ਪਲੇਟਾਂ ਦੇ ਟਕਰਾਅ ਵਿਚੋਂ ਹੀ ਹਿਮਾਲਾ ਪਰਬਤ ਬਣਿਆ ਹੈ ਅਤੇ ਅਜੇ ਵੀ ਕੁਝ ਮਿਲੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਹੋਰ ਉੱਚਾ ਹੋ ਰਿਹਾ ਹੈ।

ਹੁਣ ਵਿਗਿਆਨੀਆਂ ਨੇ ਨੋਟ ਕੀਤਾ ਹੈ ਕਿ ਇੰਡੀਅਨ ਪਲੇਟ 5 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਯੁਰੇਸ਼ੀਅਨ ਪਲੇਟ ਦੇ ਹੇਠ ਵੜ ਰਹੀ ਹੈ ਜਿਸ ਨਾਲ ਇਥੇ ਭਾਰੀ ਦਬਾਅ ਬਣਦਾ ਜਾ ਰਿਹਾ ਹੈ। ਵਿਗਿਆਨੀਆਂ ਅਨੁਸਾਰ ਇਕੱਠਾ ਹੁੰਦਾ ਜਾ ਰਿਹਾ ਇਹ ਦਬਾਅ ਭਵਿੱਖ ਵਿੱਚ ਭੁਚਾਲ ਦਾ ਕਾਰਣ ਬਣੇਗਾ। ਇਹ ਭੁਚਾਲ ਕਦੋਂ ਆਵੇਗਾ ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਜਿਹੇ ਵਰਤਾਰੇ ਕਈ ਦਹਾਕੇ ਜਾਂ ਸਦੀਆਂ ਤੱਕ ਚੱਲਣ ਵਾਲੀਆਂ ਕ੍ਰਿਆਵਾਂ ਦੇ ਸਿੱਟੇ ਵਜੋਂ ਵਾਪਰਦੇ ਹਨ। ਪਰ ਇਹ ਅੰਦਾਜਾ ਲਗਾਇਆ ਗਿਆ ਹੈ ਕਿ ਇਹ ਭੁਚਾਲ ਬਹੁਤ ਸ਼ਕਤੀਸ਼ਾਲੀ (ਰਿਚਟਰ ਸਕੇਲ ਉਪਰ 8 ਦੇ ਆਸਪਾਸ) ਹੋਵੇਗਾ। ਇਸਦੀ ਮਾਰ ਹੇਠ ਹਿਮਾਚਲ, ਉਤਰਾਖੰਡ, ਜੰਮੂ-ਕਸ਼ਮੀਰ, ਨੇਪਾਲ ਬਾਰਡਰ, ਸਿੱਕਮ, ਅਰੁਣਾਚਲ ਪ੍ਰਦੇਸ਼ ਆ ਸਕਦੇ ਹਨ।

ਦਿਮਾਗ ਦੇ ਅਣ ਸੁਲਝੇ ਰਹੱਸਾਂ ਤੋਂ ਉੱਠੇਗਾ ਪਰਦਾ

ਦਿਮਾਗ ਸਰੀਰ ਦਾ ਸਭ ਤੋਂ ਵੱਧ ਜਟਿਲ ਅੰਗ ਹੈ, ਜਿਸ ਵਿੱਚ ਅਰਬਾਂ ਤੰਤਰਿਕ ਕੋਸ਼ਿਕਾਵਾਂ (Neurons) ਹੁੰਦੀਆਂ ਹਨ। ਸਾਨੂੰ ਸਾਰੀਆਂ ਅੰਦਰੂਨੀ ਤੇ ਬਾਹਰੀ ਘਟਨਾਵਾਂ ਦੀ ਸੂਚਨਾ ਤੰਤਰਿਕਾ ਤੰਤਰ (Nervous System) ਤੋਂ ਹੀ ਮਿਲਦੀ ਹੈ।

ਜਿਸ ਨੂੰ ਅਸੀਂ ਬੁੱਧੀ ਆਖਦੇ ਹਾਂ, ਉਹ ਦਿਮਾਗ ਦੀ ਕ੍ਰਿਆਸ਼ੀਲਤਾ ਹੀ ਹੈ। ਸਭ ਮਨੁੱਖਾਂ ਦੇ ਦਿਮਾਗ ਦੀ ਸੰਰਚਨਾ ਇਕ ਸਮਾਨ ਹੈ, ਪਰ ਬੁੱਧੀ 'ਚ ਅੰਤਰ ਹੁੰਦਾ ਹੈ। ਇਸ ਦੇ ਕੀ ਕਾਰਨ ਹਨ? ਵਿਗਿਆਨੀਆਂ ਲਈ ਇਹ ਅਜੇ ਭੇਦ ਬਣਿਆ ਹੋਇਆ ਹੈ। ਮਨੋਵਿਗਿਆਨਕਾਂ ਨੇ ਆਪਣੀਆਂ ਖੋਜਾਂ ਵਿੱਚ ਦੱਸਿਆ ਹੈ ਕਿ ਹਰ ਮਨੁੱਖੀ ਦਿਮਾਗ ਦਾ ਵਜ਼ਨ 1.2 ਤੋਂ 1.4 ਕਿਲੋਗ੍ਰਾਮ ਹੁੰਦਾ ਹੈ। ਇਕ ਮਨੁੱਖੀ ਦਿਮਾਗ ਵਿੱਚ ਨਿਊਰਾਨ ਦੀ ਔਸਤਨ ਗਿਣਤੀ ਲੱਗਭਗ 100 ਬਿਲੀਅਨ ਤੱਕ ਹੁੰਦੀ ਹੈ। ਹਿਪੋਥੈਲੇਮਸ ਦਿਮਾਗ ਦਾ ਇਕ ਪ੍ਰਮੁੱਖ ਹਿੱਸਾ ਹੁੰਦਾ ਹੈ ਜਿਸ ਦਾ ਪ੍ਰਮੁੱਖ ਕਾਰਜ ਪਿਟੀਊਟਰੀ ਗਲੈਂਡ ਦੁਆਰਾ ਨਰਵਸ ਸਿਸਟਮ ਅਤੇ ਐਂਡੋਕਰਾਇਨ ਸਿਸਟਮ ਨੂੰ ਜੋੜਨਾ ਹੁੰਦਾ ਹੈ। ਇਹ ਸੌਣ/ਜਾਗਣ ਅਤੇ ਖਾਣ-ਪੀਣ ਦੀ ਇੱਛਾ ਸ਼ਕਤੀ ਨੂੰ ਵੀ ਕੰਟਰੋਲ ਕਰਦਾ ਹੈ।

ਦਿਮਾਗ ਦੀ ਕਾਰਜ ਪ੍ਰਣਾਲੀ ਅਤੇ ਹਾਰਮੋਨਜ਼ ਦਰਮਿਆਨ ਗੂੜ੍ਹਾ ਰਿਸ਼ਤਾ ਹੈ। ਅਸੀਂ ਕਦੋਂ ਕੀ ਕਰਨਾ ਹੈ, ਇਹ ਫੈਸਲਾ ਵੀ ਬੁੱਧੀ ਕਰਦੀ ਹੈ। ਇਹ ਜਨਮਜਾਤ ਹੁੰਦੀ ਜਾਂ ਨਿਰੰਤਰ ਪ੍ਰਕਿਰਿਆ 'ਚੋਂ ਪੈਦਾ ਹੁੰਦੀ ਹੈ, ਆਖ਼ਰੀ ਗੱਲ ਸੱਚੀ ਹੈ ਜਾਂ ਪਹਿਲੀ ਜਾਂ ਦੋਹਾਂ ਦਾ ਆਪਸੀ ਰਿਸ਼ਤਾ ਹੈ? ਇਸ ਦਾ ਵਿਗਿਆਨਕ ਆਧਾਰ ਅਜੇ ਸਾਹਮਣੇ ਆਉਣਾ ਹੈ।

ਆਸਟ੍ਰੇਲੀਆ ਦੇ ਕੁਝ ਵਿਗਿਆਨੀ ਦਿਮਾਗ ਦੇ ਅਜਿਹੇ ਰਹੱਸਾਂ ਨੂੰ ਸਮਝਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਨ੍ਹਾਂ ਨੂੰ ਦਿਮਾਗ ਦੇ ਨਾਲ ਸਬੰਧਤ ਅਨੇਕਾਂ ਮਹੱਤਵਪੂਰਨ ਜਾਣਕਾਰੀਆਂ ਪ੍ਰਾਪਤ ਕਰਨ ਵਿੱਚ ਸਫਲਤਾ ਮਿਲੇਗੀ। ਦਿਮਾਗ ਉੱਪਰ ਖੋਜ ਕਾਰਜਾਂ ਲਈ ਵਿਸ਼ਵ ਵਿੱਚ ਅਨੇਕਾਂ ਦਿਮਾਗ ਇਕੱਤਰ ਕਰਨ ਵਾਲੇ ਕੇਂਦਰ ਕਾਇਮ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਇੰਗਲੈਂਡ ਦੇ ਵਿਕਫੋਰਡ ਸ਼ਹਿਰ ਦਾ ਕੇਂਦਰ ਸਭ ਵੱਡਾ ਹੈ, ਜਿੱਥੇ ਲੱਗਭਗ 10,000 ਦਿਮਾਗ ਸੁਰੱਖਿਅਤ ਪਏ ਹਨ, ਜਿਨ੍ਹਾਂ 'ਤੇ ਖੋਜ ਕਾਰਜ ਚੱਲ ਰਹੇ ਹਨ। ਨਵੀਆਂ ਖੋਜਾਂ ਦੇ ਨਤੀਜੇ ਸਾਹਮਣੇ ਆਉਣ 'ਤੇ ਦਿਮਾਗ ਦੇ ਅਨੇਕਾਂ ਅਣਸੁਲਝੇ ਰਹੱਸਾਂ ਦਾ ਖੁਲਾਸਾ ਹੋ ਸਕੇਗਾ।

- ਸੁਖਮੰਦਰ ਸਿੰਘ ਤੂਰ

ਨੌਜਵਾਨ ਪੀੜ੍ਹੀ

ਧਾਰਮਿਕ ਕਰਮ ਕਾਂਡ ਵਿੱਚ ਫਸੇ ਨੌਜਵਾਨ

ਮੂਲ ਲੇਖਕ : ਸ਼ੰਭੂ ਸ਼ਰਨ ਸਤਿਆਰਥੀ

"ਬਾਬਾ, ਜੇਕਰ ਇਹ ਪੂਜਾ ਕਰ ਲਵਾਂ ਤਾਂ ਨੌਕਰੀ ਪੱਕੀ ਹੋ ਜਾਵੇਗੀ ਨਾ?" ਪਟਨਾ ਦੇ ਇਕ ਮਸ਼ਹੂਰ ਮੰਦਰ ਦੇ ਬਾਹਰ ਖੜ੍ਹੇ 25 ਸਾਲ ਦੇ ਰੋਹਿਤ ਨੇ ਪੁਜਾਰੀ ਨੂੰ ਇਹ ਸਵਾਲ ਕੀਤਾ। ਬੀ.ਟੈੱਕ. ਪਾਸ ਰੋਹਿਤ ਪਿਛਲੇ ਦੋ ਸਾਲ ਤੋਂ ਨੌਕਰੀ ਦੀ ਤਲਾਸ਼ ਵਿੱਚ ਹੈ। ਸਰਕਾਰੀ ਨੌਕਰੀ ਦੇ ਇਮਤਿਹਾਨ ਦਿੱਤੇ, ਪ੍ਰਾਈਵੇਟ ਨੌਕਰੀ ਦੇ ਦਿੱਤੇ, ਪਰੰਤੂ ਨਤੀਜਾ ਉਹੀ 'ਢਾਕ ਦੇ ਤੀਨ ਪਾਤ'। ਹੁਣ ਉਸਦੇ ਭਰੋਸੇ ਦੀ ਆਖਰੀ ਡੋਰ ਰੱਬ ਅਤੇ ਕਰਮ ਕਾਂਡ ਹਨ।

ਇਹ ਕਹਾਣੀ ਸਿਰਫ ਰੋਹਿਤ ਦੀ ਹੀ ਨਹੀਂ ਸਗੋਂ ਅੱਜ ਦੇ ਲੱਖਾਂ ਨੌਜਵਾਨਾਂ ਦੀ ਹੈ। ਪੜ੍ਹਾਈ ਲਿਖਾਈ ਵਿੱਚ ਚੰਗੇ, ਤਕਨੀਕ ਦੀ ਵਰਤੋਂ ਵਿੱਚ ਅੱਗੇ, ਪਰ ਜ਼ਿੰਦਗੀ ਦੀਆਂ ਚੁਣੌਤੀਆਂ ਦੇ ਸਾਹਮਣੇ ਜਦ ਉਨ੍ਹਾਂ ਨੂੰ ਹਾਰ ਮਹਿਸੂਸ ਹੁੰਦੀ ਹੈ ਤਾਂ ਉਹ ਧਰਮ ਅਤੇ ਕਰਮਕਾਂਡ ਦੀ ਸ਼ਰਨ ਵਿੱਚ ਚਲੇ ਜਾਂਦੇ ਹਨ। ਪਰ ਇਹ ਪਾਖੰਡ ਨਹੀਂ ਤਾਂ ਹੋਰ ਕੀ ਹੈ ਕਿ ਜਿਹੜਾ ਨੌਜਵਾਨ ਤਬਕਾ ਇੰਟਰਨੈੱਟ ਉੱਤੇ ਰੀਲਾਂ ਬਣਾਉਂਦਾ ਹੈ, ਉਹੀ ਮੰਦਰ ਵਿੱਚ ਮੰਨਤ ਦਾ ਧਾਗਾ ਵੀ ਬੰਨ੍ਹਦਾ ਹੈ।

ਪਟਨਾ ਯੂਨੀਵਰਸਿਟੀ ਵਿੱਚ ਪੜ੍ਹਨ ਵਾਲੀ 22 ਸਾਲ ਦੀ ਨੇਹਾ ਕਹਿੰਦੀ ਹੈ, 'ਅਸੀਂ ਪੜ੍ਹੇ ਲਿਖੇ ਹਾਂ, ਪ੍ਰੰਤੂ ਕਦੇ ਕਦਾਈ ਜਾਪਦਾ ਹੈ ਕਿ ਕੋਈ ਤਾਕਤ ਤਾਂ ਹੈ ਜਿਹੜੀ ਸਭ ਕੁਝ ਬਦਲ ਸਕਦੀ ਹੈ। ਸ਼ਾਇਦ ਪੂਜਾ ਪਾਠ ਕਰਨ ਨਾਲ ਮੇਰੀ ਕਿਸਮਤ ਵੀ ਬਦਲ ਜਾਵੇ।'

ਮੰਦਰਾਂ ਵਿੱਚ ਨੌਜਵਾਨਾਂ ਦੀ ਭੀੜ ਇਸ ਦਾ ਸਬੂਤ ਹੈ। ਪੂਜਾ ਪਾਠ ਦੇ ਬਾਅਦ ਸੋਸ਼ਲ ਮੀਡੀਆ ਉੱਤੇ ਫੋਟੋ ਪਾਉਣਾ ਭਗਤੀ ਦੇ ਗਾਣਿਆਂ ਉੱਤੇ ਰੀਲਾਂ ਬਣਾਉਣਾ, ਯੂਟਿਊਬ 'ਤੇ ਧਾਰਮਿਕ ਗੁਰੂਆਂ ਦੇ ਪ੍ਰਵਚਨ ਸੁਣਨਾ, ਇਹ ਸਭ ਨਵੀਂ ਪੀੜ੍ਹੀ ਦੇ ਡੇਲੀ ਰੁਟੀਨ ਦਾ ਹਿੱਸਾ ਬਣ ਗਿਆ ਹੈ।

ਬੇਰੁਜ਼ਗਾਰੀ ਇਸ ਤਰ੍ਹਾਂ ਦੀ ਸੋਚ ਦੀ ਸਭ ਤੋਂ ਵੱਡੀ ਵਜ੍ਹਾ ਹੈ। ਪਿੰਡ ਦਾ ਪੜ੍ਹਿਆ ਲਿਖਿਆ ਲੜਕਾ ਜਦ ਸ਼ਹਿਰ ਵਿੱਚ ਜਦੋਜਹਿਦ ਕਰਦਾ ਹੈ ਅਤੇ ਅਸਫ਼ਲ ਹੁੰਦਾ ਹੈ ਤਾਂ ਉਸ ਦਾ ਭਰੋਸਾ ਸਿਸਟਮ ਤੋਂ ਵੱਧ ਕਥਿਤ 'ਉੱਪਰ ਵਾਲੇ' ਉੱਤੇ ਹੋਣ ਲੱਗਦਾ ਹੈ। ਬਿਹਾਰ ਦੇ ਔਰੰਗਾਬਾਦ ਦੇ 27 ਸਾਲ ਦੇ ਵਿਕਾਸ ਦੀ ਜ਼ੁਬਾਨੀ ਸੁਣੋ, "ਮੈਂ ਐਮਏ ਕੀਤੀ ਹੈ ਅਤੇ ਤਿੰਨ ਵਾਰੀ ਸਰਕਾਰੀ ਟੀਚਰ ਦੀ ਭਰਤੀ ਦਾ ਫਾਰਮ ਭਰਿਆ ਹੈ, ਪ੍ਰੰਤੂ ਰਿਜ਼ਲਟ ਨਹੀਂ ਆਇਆ ਹੈ। ਹੁਣ ਹਰੇਕ ਮੰਗਲਵਾਰ ਨੂੰ ਹਨੂੰਮਾਨ ਜੀ ਦੇ ਮੰਦਰ ਵਿੱਚ ਜਾਂਦਾ ਹਾਂ। ਸੁੱਖ ਵੀ ਸੁੱਖੀ ਹੈ ਕਿ ਇਸ ਵਾਰ ਨੌਕਰੀ ਮਿਲ ਜਾਵੇ।

ਤਕਨੀਕ ਦੇ ਇਸ ਨਵੇਂ ਜਮਾਨੇ ਵਿੱਚ ਅੰਧਵਿਸ਼ਵਾਸ ਨੇ ਵੀ ਨਵੇਂ ਰੂਪ ਲੈ ਲਏ ਹਨ। ਨੌਜਵਾਨ ਇੰਸਟਾਗਰਾਮ ਉਤੇ ਆਪਣੇ ਆਪ ਨੂੰ ਸ਼ਿਵ ਭਗਤ ਲਿਖਦੇ ਹਨ। ਅਜਿਹੇ ਨੌਜਵਾਨ ਹੀ ਸ਼ਨੀਵਾਰ ਨੂੰ ਨਿੰਬੂ ਮਿਰਚ ਟੰਗਦੇ ਹਨ। ਨਵਾਂ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਮਹੂਰਤ ਵੇਖਿਆ ਜਾਂਦਾ ਹੈ।

ਡਾਕਟਰ ਦੇ ਇਲਾਜ ਦੇ ਬਾਅਦ ਵੀ ਕ੍ਰੈਡਿਟ ਮੰਦਰ ਜਾਂ ਮਜ਼ਾਰ ਨੂੰ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਇੱਕ ਡਾਕਟਰ ਨੇ ਲਿਖ ਕੇ ਲਾਇਆ ਹੋਇਆ ਸੀ– 'ਅਸੀਂ ਇਲਾਜ ਕਰਦੇ ਹਾਂ ਠੀਕ ਹੋਣਾ ਭਗਵਾਨ ਦੀ ਮਰਜੀ ਉੱਤੇ ਹੈ'। ਜਦ ਡਾਕਟਰ ਹੀ ਅਜਿਹਾ ਮੰਨਦਾ ਹੈ ਤਾਂ ਆਮ ਨੌਜਵਾਨ ਕੀ ਕਰੇਗਾ?

ਅੱਜ ਇੰਜੀਨੀਅਰਿੰਗ ਅਤੇ ਮਨੇਜਮੈਂਟ ਪੜ੍ਹੇ ਨੌਜਵਾਨ ਵੀ ਪੱਥਰ ਦੀਆਂ ਮੂਰਤੀਆਂ ਤੋਂ ਅਸ਼ੀਰਵਾਦ ਮੰਗਦੇ ਹਨ। ਟੀਵੀ ਚੈਨਲਾਂ ਉੱਤੋਂ ਆਉਂਦੇ ਧਾਰਮਿਕ ਗੁਰੂਆਂ ਦੇ ਪ੍ਰਵਚਨ ਅਤੇ ਸੋਸ਼ਲ ਮੀਡੀਆ ਨੇ ਇਸ ਸੋਚ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ।

ਸਿਰਫ ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਨੌਜਵਾਨ ਵੀ ਧਾਰਮਿਕ ਕਰਮਕਾਂਡਾਂ ਵਿੱਚ ਜਿਆਦਾ ਲੱਗੇ ਹੋਏ ਹਨ। ਰੋਜ਼ਾ ਰੱਖਣਾ, ਮਜ਼ਾਰਾਂ ਉੱਤੇ ਚਾਦਰ ਚੜ੍ਹਾਉਣਾ, ਦੁਆ ਦੇ ਲਈ ਦਰਗਾਹਾਂ ਉੱਤੇ ਜਾਣਾ, ਇਹ ਸਭ ਉਨ੍ਹਾਂ ਦੀ ਨਵੀਂ ਪੀੜ੍ਹੀ ਦੀ ਧਾਰਮਿਕ ਪਹਿਚਾਣ ਦਾ ਹਿੱਸਾ ਬਣ ਰਿਹਾ ਹੈ। (ਸਿੱਖ ਨੌਜਵਾਨ ਵੀ ਇਸੇ ਪਾਸੇ ਤੁਰੇ ਹੋਏ ਹਨ–ਅਦਾਰਾ)

ਮਦਰੱਸੇ ਅਤੇ ਸਰਸਵਤੀ ਸ਼ਿਸ਼ੂ ਮੰਦਰ ਵਰਗੇ ਸੰਸਥਾਨ ਬਚਪਨ ਤੋਂ ਹੀ ਧਾਰਮਿਕ ਸਿੱਖਿਆ ਦੇ ਰਹੇ ਹਨ। ਇਹ ਧਾਰਮਿਕਤਾ ਵੱਡੇ ਹੋਣ ਉੱਤੇ ਵੀ ਬਣੀ ਰਹਿੰਦੀ ਹੈ।

ਧਰਮ ਹੁਣ ਉਦਯੋਗ ਬਣ ਚੁੱਕਾ ਹੈ। ਟੀਵੀ ਚੈਨਲ 24 ਘੰਟੇ ਪ੍ਰਵਚਨ ਕਥਾ ਅਤੇ ਕੀਰਤਨ ਦਿਖਾ ਰਹੇ ਹਨ। ਪਿੰਡ ਪਿੰਡ ਵਿੱਚ ਵੱਡੇ ਯੱਗ ਕੀਤੇ ਜਾ ਰਹੇ ਹਨ ਅਤੇ ਪ੍ਰਵਚਨ ਹੋ ਰਹੇ ਹਨ। ਸੋਸ਼ਲ ਮੀਡੀਆ ਉੱਤੇ ਧਾਰਮਿਕ ਪ੍ਰਭਾਵਸ਼ਾਲੀ ਵਿਅਕਤੀ ਆਪਣੇ ਕਰੋੜਾਂ ਫਾਲੋਅਰਜ਼ ਬਣਾ ਚੁੱਕੇ ਹਨ।

ਕੁੱਲ ਮਿਲਾ ਕੇ ਧਾਰਮਿਕ ਅੰਧਵਿਸ਼ਵਾਸ ਖ਼ਤਰਨਾਕ ਹੈ। ਲੋੜ ਹੈ ਵਿਗਿਆਨਕ ਸੋਚ ਨੂੰ ਉਤਸ਼ਾਹਿਤ ਕਰਨ ਲਈ

ਸਕੂਲਾਂ ਅਤੇ ਕਾਲਜਾਂ ਵਿੱਚ ਵਿਗਿਆਨਿਕ ਨਜ਼ਰੀਏ ਦੀ ਪੜ੍ਹਾਈ ਲਿਖਾਈ ਨੂੰ ਮਜਬੂਤ ਕੀਤਾ ਜਾਵੇ। ਨੁਕਰ ਨਾਟਕਾਂ ਸੈਮੀਨਾਰਾਂ ਅਤੇ ਵਰਕਸ਼ਾਪਾਂ ਦੇ ਜਰੀਏ ਪਿੰਡਾਂ ਵਿੱਚ ਜਾਗਰੂਕਤਾ ਫੈਲਾਉਣੀ ਹੋਵੇਗੀ। ਮੀਡੀਆ ਨੂੰ ਵੀ ਧਾਰਮਿਕ ਅੰਧਵਿਸ਼ਵਾਸ ਦੀ ਬਜਾਏ ਵਿਗਿਆਨਿਕ ਜਾਣਕਾਰੀ ਦਾ ਪ੍ਰਚਾਰ ਕਰਨ ਉੱਤੇ ਕੇਂਦਰਿਤ ਹੋਣਾ ਪਵੇਗਾ।

ਅਨੁਵਾਦ ਪਵਨ ਕੁਮਾਰ ਰੱਤੋਂ

(ਹਿੰਦੀ ਮੈਗਜ਼ੀਨ 'ਸਰਸ ਸਲਿਲ' ਵਿੱਚੋਂ)

ਸਾਬਣ ਦੀ ਟਿੱਕੀ ਅਤੇ ਗਰਮ ਲੋਈ

ਇੱਕ ਸਵੇਰ ਨਹਾਂਣ ਲਈ ਮੈਂ ਬਾਥਰੂਮ ਚ ਵੜਿਆ ਤਾਂ ਖਿਆਲ ਆਇਆ ਕਿ ਨਹਾਉਣ ਵਾਲੀ ਸਾਬਣ ਖਤਮ ਹੈ, ਬਾਜਾਰ ਚੋਂ ਲਿਆਉਣੀ ਭੁੱਲ ਗਿਆ ਸੀ। ਮੈਂ ਆਪਣੀ ਪਤਨੀ ਨੂੰ ਆਵਾਜ਼ ਦੇ ਕੇ ਉੱਪਰਲੇ ਬਾਥਰੂਮ 'ਚੋਂ ਸਾਬਣ ਦੀ ਟਿੱਕੀ ਲਿਆਉਣ ਲਈ ਕਿਹਾ। ਉਹ ਉਪਰ ਜਾ ਕੇ ਬੇਟੇ ਦੇ ਬਾਥਰੂਮ ਚੋਂ ਵਿਲਡ ਸਟੋਂਨ ਦੀ ਟਿੱਕੀ ਚੁੱਕ ਲਿਆਈ ਅਤੇ ਮੈਂ ਨਹਾ ਲਿਆ। ਇਸ ਤੋਂ ਬਾਆਦ ਮੇਰਾ ਬੇਟਾ ਨਹਾਉਣ ਲੱਗਿਆ ਤਾਂ ਉਸਦੀ ਸਾਬਣ ਵਾਲੀ ਟਿੱਕੀ ਗਾਇਬ ਸੀ। ਉਹ ਅਪਣੀ ਮੰਮੀ ਨੂੰ ਪੁੱਛਣ ਲੱਗਿਆ ਕਿ ਮੇਰੀ ਸਾਬਣ ਕਿੱਧਰ ਗਈ?

ਅਸਲ ਵਿੱਚ ਓਹ ਟਿੱਕੀ ਨੂੰਹ ਤੇ ਬੇਟੇ ਦੀ ਸਾਂਝੀ ਵਰਤੋਂ ਦੀ ਸਾਬਣ ਸੀ। ਇਹ ਮੈਨੂੰ ਵਰਤਣੀ ਨਹੀਂ ਚਾਹੀਦੀ ਸੀ। ਜੇ ਮੈਂ ਲੈ ਲਈ ਤਾਂ ਓਹ ਆਪਣੀ ਜਗ੍ਹਾ ਸਹੀ ਹੋ ਸਕਦੇ ਐ ਕਿ ਹੁਣ ਉਸ ਟਿੱਕੀ ਨੂੰ ਨਾ ਵਰਤਣ। ਮੇਰੀ ਪਤਨੀ ਨੇ ਮੁਸਕਰਾਉਂਦੇ ਹੋਏ ਕਿਹਾ ਕਿ "ਚੱਲ ਫੇਰ ਕੀ ਹੋ ਗਿਆ,... ਤੂੰ ਜਾ ਕੇ ਹੋਰ ਲੈ ਆ" –ਤੇ ਉਹ ਦੁਕਾਨ ਤੋਂ ਜਾ ਕੇ ਹੋਰ ਨਵੀਂ ਸਾਬਣ ਦੀ ਟਿੱਕੀ ਲਿਆ ਕੇ ਨਹਾ ਲਿਆ। ਇਸ ਘਟਨਾ ਨੇ ਮੈਨੂੰ ਇੱਕ ਪੁਰਾਣੀ ਘਟਨਾ ਦੀ ਯਾਦ ਦਿਵਾ ਦਿੱਤੀ –

ਮੇਰੇ ਪਿਤਾ ਜੀ ਜਨਵਰੀ 1990 ਵਿੱਚ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਮ੍ਰਿਤਕ ਦੇਹ ਨੂੰ ਨਹਾਉਣ ਲਈ ਮੈਂ ਲਾਈਫਬੋਆਏ ਦੀ ਟਿੱਕੀ ਲਿਆਇਆ ਸੀ। ਦੇਹ ਨੂੰ ਨਹਾਉਣ ਤੋਂ ਬਾਅਦ ਜਦੋਂ ਸਾਰਾ ਸਮਾਨ ਸਮੇਟ ਕੇ ਅਸੀਂ ਚੱਲਣਾ ਸੀ ਤਾਂ ਮੈਂ ਉਹ ਸਾਬਣ ਦੀ ਟਿੱਕੀ ਗੁਸਲਖ਼ਾਨੇ ਦੇ ਰੋਸ਼ਨਦਾਨ ਵਿੱਚ ਰੱਖ ਦਿੱਤੀ। –ਸਾਰਿਆਂ ਨੇ ਕਿਹਾ, "ਇਹ ਕੀ?" ਮੈਂ ਕਿਹਾ, "ਇਸ ਨੂੰ ਕੀ ਹੋਇਆ? ਮੈਂ ਨਹਾ ਲਊਂਗਾ, ਇਸ ਵਿੱਚ ਕੀ ਹਰਜ ਐ?" ਸਭ ਚੁੱਪ ਹੋ ਗਏ। ਉਸ ਟਿੱਕੀ ਨਾਲ ਮੈਂ ਉਦੋਂ ਤੱਕ ਨਹਾਉਂਦਾ ਰਿਹਾ ਜਦੋਂ ਤੱਕ ਉਹ ਖਤਮ ਨਹੀਂ ਹੋਈ। ਇੰਨਾਂ ਹੀ ਨਹੀਂ, ਮੇਰੇ ਪਿਤਾ ਦੀ ਅਰਥੀ 'ਤੇ ਜਿਹੜੀਆਂ ਚਾਦਰਾਂ ਅਤੇ ਲੋਈਆਂ ਪਾਈਆਂ ਸਨ, ਉਹਨਾਂ ਵਿੱਚੋਂ ਮੇਰੇ ਸਹੁਰਿਆਂ ਵੱਲੋਂ ਜਿਹੜੀ ਲੋਈ ਅਰਥੀ 'ਤੇ ਪਾਈ ਸੀ, ਉਹ ਮਹਿੰਗੀ ਤੇ ਵਧੀਆ ਸੀ। ਸ਼ਮਸ਼ਾਨ ਵਿੱਚ ਜਾ ਕੇ ਜਦੋਂ ਸਾਰੀਆਂ ਲੋਈਆਂ ਦੀ ਗੰਢੜੀ ਜਿਹੀ ਬਣਾ ਕੇ ਇੱਕ ਪਾਸੇ ਰੱਖ ਦਿੱਤੀ ਤਾਂ ਮੈਂ ਉਹ ਲੋਈ ਚੁੱਕ ਕੇ ਬੁੱਕਲ ਮਾਰ ਲਈ– ਸਾਰੇ ਹੈਰਾਨ ਪਰ ਬੋਲਿਆ ਕੋਈ ਨਹੀਂ, ਕਿਉਂਕਿ ਮੇਰੇ ਸੁਭਾਅ ਦਾ ਬਹੁਤਿਆਂ ਨੂੰ ਪਤਾ ਸੀ। ਫਰਵਰੀ ਦੇ ਅਖਰੀਲੇ ਦਿਨਾਂ ਵਿੱਚ ਮੈਂ ਬਠਿੰਡਾ ਤੋਂ ਕੋਟਕਪੂਰਾ ਬੈਂਕ ਦੀ ਡਿਉਟੀ ਤੇ ਟਰੇਨ ਵਿੱਚ ਜਾ ਰਿਹਾ ਸੀ। ਉਹ ਲੋਈ ਮੈਂ ਤਹਿ ਮਾਰ ਕੇ ਸੀਟ ਤੇ ਅਪਣੇ ਹੇਠਾਂ ਰੱਖ ਲਈ, ਕੋਟਕਪੂਰੇ ਗੱਡੀ 'ਚੋਂ ਉੱਤਰਣ ਲੱਗਿਆ ਲੋਈ ਚੁੱਕਣੀ ਭੁੱਲ ਗਿਆ। ਜੇ ਨਾ ਭੁੱਲਦਾ ਤਾਂ ਅੱਜ ਤੱਕ ਵੀ ਉਹ ਮੇਰੇ ਕੋਲ ਹੋਣੀ ਸੀ। ਟਰੇਨ ਵਿੱਚ ਭੁੱਲ ਜਾਣ ਨਾਲ ਮੈਨੂੰ ਅਫਸੋਸ ਹੋਇਆ ਕਿ ਇੱਕ ਚੰਗੀ ਚੀਜ਼ ਵਿਅਰਥ ਚਲੀ ਗਈ। ਫਿਰ ਸੋਚਿਆ ਜਿਸ ਮੁਸਾਫ਼ਿਰ ਨੇ ਓਹ ਲੋਈ ਚੁੱਕੀ ਹੋਏਗੀ, ਓਹ ਵੀ ਤਾਂ ਉਸਨੂੰ ਵਰਤ ਰਿਹਾ ਹੋਏਗਾ। ਮੈਂ ਸੋਚ ਰਿਹਾ ਹਾਂ ਕਿ ਜਿਸ ਸਾਬਣ ਦੀ ਟਿੱਕੀ ਨਾਲ਼ ਮ੍ਰਿਤਕ ਸਰੀਰ ਨੂੰ ਨੁਹਾਇਆ ਗਿਆ, ਮੈਂ ਜਿਉਂਦੇ ਜੀਅ ਉਸ ਨਾਲ਼ ਨਹਾਉਂਦਾ ਰਿਹਾ, ਤਦ ਮੈਨੂੰ ਤਾਂ ਕੁਝ ਨਹੀਂ ਹੋਇਆ ਅਤੇ ਨਾ ਹੀ ਮ੍ਰਿਤਕ ਉੱਤੇ ਪਾਈ ਲੋਈ ਵਰਤਣ ਨਾਲ ਕੁਝ ਹੋਇਆ।

ਮਨਜੀਤ ਜੀਤ

(ਛਪ ਰਹੀ ਪੁਸਤਕ - 'ਯਾਦਾਂ ਦੀਆਂ ਉਦਾਸ ਗਲੀਆਂ' ਵਿਚੋਂ)

ਸਹਾਇਤਾ

ਸੁਰਿੰਦਰ ਪਾਲ ਉਪਲੀ ਵੱਲੋਂ ਆਪਣੀ ਜੀਵਨ ਸਾਥਣ ਵਨੀਤਾ ਦੀ ਸੇਵਾ-ਮੁਕਤੀ 'ਤੇ

1. ਸੂਬਾ ਕਮੇਟੀ ਨੂੰ ਸਹਾਇਤਾ – 1000 ਰੁਪਏ
2. ਜ਼ੋਨ ਬਰਨਾਲਾ–ਸੰਗਰੂਰ ਨੂੰ ਸਹਾਇਤਾ – 1000 ਰੁਪਏ
3. ਇਕਾਈ ਸੰਗਰੂਰ ਲਈ ਸਹਾਇਤਾ – 3000 ਰੁਪਏ

ਸ੍ਰੀ ਨਛੱਤਰ ਸਿੰਘ ਬਦੇਸ਼ਾ (ਕੈਨੇਡਾ) ਵੱਲੋਂ ਇਕਾਈ ਸੰਗਰੂਰ ਦੇ ਚੇਤਨਾ ਪਰਖ ਪ੍ਰੀਖਿਆ ਦੇ ਹੋਣਹਾਰ ਵਿਦਿਆਰਥੀਆਂ ਦੇ ਸਨਮਾਨ ਸਮਾਗਮ ਲਈ ਆਪਣੀ ਮਾਤਾ ਭਗਵਾਨ ਕੌਰ ਚੰਨੋ ਦੀ ਯਾਦ ਵਿੱਚ ਭੇਜੇ – 10,000 ਰੁਪਏ

ਪ੍ਰਤੀਕਰਮ

* 2026 ਸਾਲ ਦੇ ਪਹਿਲੇ ਅੰਕ ਦਾ ਉਂਜ ਤਾਂ ਸਾਰਾ ਮੈਟਰ ਹੀ ਗਿਆਨ ਵਰਧਕ ਹੈ, ਪਰ ਇਸ ਦੇ ਦੋ ਲੇਖ ਵੱਧ ਖਿੱਚ ਪਾਉਣ ਵਾਲੇ ਹਨ- ਅਵਤਾਰ ਗੋਂਦਾਰਾ ਜੀ ਦਾ ਲੇਖ 'ਰੀਐਕਸ਼ਨ ਨਹੀਂ ਐਕਸ਼ਨ ਦੀ ਲੋੜ' ਅਤੇ ਹੇਮ ਰਾਜ ਸਟੈਨੋ ਜੀ ਦਾ ਚਲੰਤ ਮਸਲੇ ਤੇ ਲੇਖ ਵੰਦੇ ਮਾਤਰਮ ਗੀਤ ਬਾਰੇ।

ਅਵਤਾਰ ਗੋਂਦਾਰਾ ਜੀ ਦਾ ਲੇਖ ਜਮਹੂਰੀ ਜਥੇਬੰਦੀਆਂ ਦੀ ਕਾਰਜਸ਼ੈਲੀ 'ਤੇ ਟਿੱਪਣੀ ਕਹੀ ਜਾ ਸਕਦੀ ਹੈ। ਇਹ ਲਿਖਤ ਸਧਾਰਨ ਵਰਕਰ ਦੀ ਸਮਝ ਤੇ ਸੂਝ ਨੂੰ ਚੇਤਨ ਕਰਦੀ ਹੈ। ਇਸ ਵਿੱਚ ਲੇਖਕ ਨੇ ਕਿਸੇ ਵੀ ਜਨਤਕ ਸਰਗਰਮੀ ਲਈ ਕਾਰਜ (ਐਕਸ਼ਨ) ਕਰਨ ਨੂੰ ਬੁਨਿਆਦੀ ਮੰਨਿਆ ਅਤੇ ਰੀਐਕਸ਼ਨ ਨੂੰ ਦੋਮ ਦਰਜੇ 'ਤੇ ਰੱਖਣ ਨੂੰ ਅਹਿਮ ਮੰਨਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਤੀਕਿਰਿਆ ਕਰਨਾ ਹਰਾਵਲ ਦਸਤੇ ਜਾਂ ਕਿਸੇ ਆਗੂ ਦਾ ਗੁਣ ਨਹੀਂ। ਪਰ ਗੱਲ ਮੈਨੂੰ ਅਮਲ ਵਿੱਚ ਠੀਕ ਨਹੀਂ ਲੱਗੀ। ਮਿਸਾਲ ਦੇ ਤੌਰ 'ਤੇ ਕੇਂਦਰ ਸਰਕਾਰ ਵਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਵਿੱਢਿਆ ਕਿਸਾਨ ਅੰਦੋਲਨ। ਕਿਸਾਨ ਜਥੇਬੰਦੀਆਂ ਦਾ ਏਥੇ ਪ੍ਰਤੀਕਿਰਿਆ ਕਰਨਾ ਕਿਵੇਂ ਠੀਕ ਨਹੀਂ ਸੀ? ਲੇਖਕ ਨੇ ਭਵਿੱਖ ਵਿੱਚ ਆਉਣ ਵਾਲੀਆਂ ਵੱਡੀਆਂ ਚਣੌਤੀਆਂ ਵੱਲ ਵੀ ਇਸ਼ਾਰਾ ਕੀਤਾ ਹੈ। ਗੋਂਦਾਰਾ ਜੀ ਨੇ ਕਾਰਜ (ਐਕਸ਼ਨ) ਦੇ ਤਿੰਨ ਅਨਿੱਖੜਵੇ ਅੰਗਾਂ ਸੱਜਗਤਾ, ਸਮਝ ਅਤੇ ਕਾਰਜ-ਵਿਉਂਤ ਦਾ ਜਿਕਰ ਕਰਦਿਆਂ 'ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਇੱਕ ਦੀ ਗੈਰਹਾਜ਼ਰੀ ਐਕਸ਼ਨ ਨੂੰ ਰੀਐਕਸ਼ਨ ਵਿੱਚ ਬਦਲ ਸਕਦੀ ਹੈ' ਦਾ ਖਦਸ਼ਾ ਜ਼ਾਹਿਰ ਵੀ ਕੀਤਾ ਹੈ ਪਰ ਇਸ ਦੀ ਕੋਈ ਠੋਸ ਉਦਾਹਰਣ ਨਹੀਂ ਦਿੱਤੀ। ਉਨ੍ਹਾਂ ਅਨੁਸਾਰ ਸੂਝ ਬੂਝ ਨਾਲ ਐਕਸ਼ਨ ਅਤੇ ਪਹਿਲ ਕਦਮੀ ਨਾਲ ਲੜਿਆ ਘੋਲ ਕੁਝ ਨਵਾਂ ਸਿਰਜਣ ਲਈ ਸਾਰਥਿਕ ਸਿੱਟੇ ਕੱਢ ਸਕਦਾ ਹੈ।

ਸਾਥੀ ਹੇਮ ਰਾਜ ਜੀ ਦੀ ਵੰਦੇ ਮਾਤਰਮ ਗੀਤ ਬਾਰੇ ਲਿਖੀ ਲਿਖਤ ਸਾਨੂੰ ਅਤੇ ਸਾਡੇ ਹਮਦਰਦ ਘੇਰੇ ਨੂੰ ਇਸ ਦੇ ਇਤਿਹਾਸ ਤੇ ਮਿਥਹਾਸ ਨੂੰ ਤਰਕਸ਼ੀਲ ਨਜ਼ਰੀਏ ਤੋਂ ਵਾਚਣ ਤੇ ਸਮਝਣ ਦੀ ਠੋਸ ਜਾਣਕਾਰੀ ਦਿੰਦੀ ਹੈ। ਇਸ ਲਿਖਤ ਰਾਹੀਂ ਆਨੰਦ ਮੱਠ ਨਾਵਲ ਦੇ ਵਿਸ਼ੇ, ਇਸ ਦੇ ਲੇਖਕ ਅਤੇ ਵੰਦੇ ਮਾਤਰਮ ਗੀਤ ਦੀ ਅਸਲ ਭਾਵਨਾ ਬਾਰੇ ਵਿਸਥਾਰ ਪੂਰਵਕ ਤੱਥ ਵੀ ਪੜ੍ਹਨ ਨੂੰ ਮਿਲੇ। ਹੋਰ ਵੀ ਵਧੀਆ ਹੁੰਦਾ ਜੇ ਲੇਖਕ ਆਨੰਦ ਮੱਠ ਨਾਵਲ ਦੇ ਪੰਨਾ ਨੰਬਰ ਲਿਖ ਦਿੰਦੇ।

ਸੁਖਦੇਵ ਫਗਵਾੜਾ

* ਮੈਗਜ਼ੀਨ ਵਿੱਚ ਕੋਈ ਬੱਚਿਆਂ ਵਾਲੇ ਨਾਵਲ ਸਟੋਰੀ ਨੂੰ ਲੜੀਵਾਰ ਬਣਾਇਆ ਜਾਵੇ ਤਾਂ ਕੇ ਇਸਨੂੰ ਹੋਰ ਰੌਚਕ ਬਣਾਇਆ ਜਾਵੇ। ਇਸ ਨਾਲ ਛੋਟੇ ਬੱਚੇ ਵੀ ਇਸਨੂੰ ਪੜ੍ਹ ਸਕਦੇ ਨੇ ਕਿਉਂਕਿ ਬੱਚਿਆਂ ਨੂੰ ਜਿਆਦਾ ਸਟੋਰੀ ਬੁੱਕਸ ਵਧੀਆ ਲੱਗਦੀਆਂ ਨੇ ਨਾਲ ਹੀ ਕੁਛ ਬੁਝਾਰਤਾਂ ਵੀ ਐਡ ਕੀਤੀਆਂ ਜਾਣ , ਲੇਖ ਸੌਖੇ ਹੋਣੇ ਚਾਹੀਦੇ ਨੇ ਜੋਂ ਬੱਚੇ ਤੋਂ ਲੈਕੇ ਹਰ ਉਮਰ ਦੇ ਲੋਕ ਪੜ੍ਹ ਸਕਣ, ਖਾਸ ਕਰਕੇ ਔਰਤਾਂ ਬਾਰੇ ਵੀ ਛੋਟੇ ਛੋਟੇ ਟਿਪਸ ਐਡ ਕਰਨੀਆਂ ਚਾਹੀਦੀਆਂ ਨੇ।

ਸੁਖਵਿੰਦਰ ਲੰਗੇਰੀ

* ਜਨਵਰੀ ਫਰਵਰੀ ਅੰਕ ਦੀ ਹਰ ਇੱਕ ਰਚਨਾ ਪ੍ਰਭਾਵਸ਼ਾਲੀ ਸੀ। ਚੇਤਨਾ ਪਰਖ ਪ੍ਰੀਖਿਆ ਹਿੰਦੀ ਵਿੱਚ ਵੀ ਲੈਣ ਬਾਰੇ ਪੜ੍ਹ ਕੇ ਚੰਗਾ ਲੱਗਿਆ ਕਿ ਇਸ ਨਾਲ ਗੁਆਂਢੀ ਸਟੇਟਾਂ ਵਿੱਚ ਵੀ ਤਰਕਸ਼ੀਲ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਵਧੇਗਾ।

ਸਮਸ਼ਾਨ ਘਾਟ ਵਿੱਚ ਤਰਕਸ਼ੀਲ ਪ੍ਰੋਗਰਾਮ ਦੇਣਾ ਵੀ ਨਿਵੇਕਲੀ ਪਿਰਤ ਸੀ ਜਿਸ ਰਾਹੀਂ ਬੱਚਿਆਂ ਦੇ ਮਨਾਂ ਵਿਚੋਂ ਡਰ, ਭੁਲੇਖੇ ਕੱਢ ਕੇ ਉਨ੍ਹਾਂ ਨੂੰ ਵਿਗਿਆਨਕ ਵਿਚਾਰਧਾਰਾ ਨਾਲ ਜੋੜਿਆ ਗਿਆ।

ਕੁਲਵੰਤ ਸਿੰਘ, ਬਠਿੰਡਾ

ਤਰਕਸ਼ੀਲ ਵਿਚ ਏ.ਆਈ. ਨੂੰ ਪ੍ਰੋਮੋਟ ਨਹੀਂ ਕਰਨਾ ਚਾਹੀਦਾ

ਤਰਕਸ਼ੀਲ ਮੈਗਜੀਨ ਦੇ ਜਨਵਰੀ-ਫਰਵਰੀ ਅੰਕ ਵਿੱਚ ਅਵਤਾਰ ਗੋਂਦਾਰਾ ਦੀ ਲਿਖਤ 'ਰੀਐਕਸ਼ਨ ਨਹੀਂ, ਐਕਸ਼ਨ ਦੀ ਲੋੜ' ਬਹੁਤ ਵਧੀਆ ਹੈ ਜੋ ਤਰਕਸ਼ੀਲ ਸੁਸਾਇਟੀ ਸਮੇਤ ਸੱਭ ਜਥੇਬੰਦੀਆਂ ਨੂੰ ਅੱਗੇ ਵਧਣ ਲਈ ਅਰਥ ਭਰਪੂਰ ਸੁਨੇਹਾ/ਸੁਝਾਅ ਦਿੰਦੀ ਹੈ। ਇਸੇ ਤਰ੍ਹਾਂ ਹੇਮ ਰਾਜ ਸਟੈਨੋ ਦੀ ਲਿਖਤ 'ਵੰਦੇ ਮਾਤਰਮ' ਦੀ ਪੈਦਾਇਸ਼ ਤੋਂ ਲੈ ਕੇ ਇਸ ਦੇ ਅਰਥਾਂ ਤੱਕ ਅਤੇ ਦੇਸ਼ 'ਚ ਇਸ ਕਾਰਨ ਪੈਦਾ ਹੋਏ/ਹੁੰਦੇ ਧਰਮ ਅਧਾਰਿਤ ਸਮਾਜਿਕ ਬਖੇੜਿਆਂ ਬਾਰੇ ਵਧੀਆ ਤਰਤੀਬ 'ਚ ਜਾਣਕਾਰੀ ਹੈ। ਬਾਕੀ ਲੇਖਕਾਂ ਦੀਆਂ ਲਿਖਤਾਂ ਵੀ ਠੀਕ ਹਨ ਪਰ 'ਲੁਈਸ ਬਰੇਲ: ਅੰਨ੍ਹੇਰੇ ਵਿੱਚੋਂ ਉਗਿਆ ਸੂਰਜ' ਦੇ ਲੇਖਕ ਦਾ ਨਾਮ ਗਰੋਕ (GROK) ਪੜ੍ਹ ਕੇ ਅਸਚਰਜ ਹੋਇਆ। ਸੰਸਥਾ ਦੀ ਸਮਝ ਅਨੁਸਾਰ ਤਰਕਸ਼ੀਲ ਮੈਗਜੀਨ ਜੋ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ ਵੱਖ ਲੇਖਕਾਂ ਦੀਆਂ ਬੌਧਿਕ ਲਿਖ਼ਤਾਂ ਛਾਪਕੇ ਆਮ ਲੋਕਾਂ ਨੂੰ ਸੋਚਣ, ਵਿਚਾਰਨ ਤੇ ਆਪਣੇ ਦੁੱਖਾਂ ਦੇ ਹਰਣ ਲਈ ਬੌਧਿਕ ਸਮਝ ਬਨਾਉਣ ਲਈ ਤਿਆਰ ਕਰਨ ਦਾ ਕਾਰਜ ਕਰਦਾ ਹੈ। ਇਹ ਮੈਗਜੀਨ ਤਰਕਸ਼ੀਲ ਸੁਸਾਇਟੀ

ਪੰਜਾਬ ਦਾ ਬੁਲਾਰਾ ਹੈ। ਇਹ ਸਮਝ ਤੋਂ ਬਾਹਰ ਹੈ ਕਿ ਤਰਕਸ਼ੀਲ ਮੈਗਜ਼ੀਨ ਵਿੱਚ ਅਚਾਨਕ ਸਰਮਾਏਦਾਰੀ ਸੰਦ ਲੇਖਕ- GROK ਕਿਵੇਂ ਤੇ ਕਿਉਂ ਸ਼ਾਮਲ ਹੋ ਗਿਆ। ਚੈਟ ਬੋਟ GROK ਦੁਨੀਆਂ ਦੇ ਵੱਡੇ ਕਾਰਪੋਰੇਟ/ਸਰਮਾਏਦਾਰ Elon Musk ਦੀ ਮਾਲਕੀ ਹੈ। ਸੁਸਾਇਟੀ ਦਾ ਬੁਲਾਰਾ ਪਿਛਲੇ ਦੋ ਅੰਕਾਂ 'ਚ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਪ੍ਰਮੋਟ ਕਰਦਾ ਰਿਹਾ ਜੋ ਕਿ ਜਥੇਬੰਦੀ ਦੀ ਸਮਝ ਨਾਲ ਮੇਲ ਨਹੀਂ ਖਾਂਦਾ ਹੈ। ਹੁਣ ਤੀਜੇ ਅੰਕ ਵਿੱਚ ਚੁੱਪ ਚਪੀਤੇ ਸੰਪਾਦਕੀ ਮੰਡਲ ਨੇ AI ਲੇਖਕ GROK ਦੀ ਲਿਖਤ ਮੈਗਜ਼ੀਨ ਚ ਛਾਪਣ ਦਾ 'ਕਾਰਨਾਮਾ' ਕਰ ਦਿੱਤਾ ਹੈ। ਦੁਨੀਆਂ ਭਰ ਦੇ ਕਾਰਪੋਰੇਟ ਅਤੇ ਭਾਰਤ ਸਰਕਾਰ ਵੀ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਵੱਡੀ ਪੱਧਰ ਉੱਤੇ ਪ੍ਰਮੋਟ ਕਰ ਰਹੀ ਹੈ। ਸਾਡੇ ਬੁਲਾਰਾ ਮੈਗਜ਼ੀਨ ਨੇ ਵੀ ਇਸ ਇਸ਼ੂ 'ਤੇ ਹਕੂਮਤ ਨਾਲ ਮਿਲਦੀ ਜੁਲਦੀ ਸਮਝ ਅਪਣਾਈ ਹੈ ਜੋ ਕਿ ਗੈਰਵਾਜਬ ਤੇ ਲੋਕ ਹਿਤ ਨਾਲ ਮੇਲ ਨਹੀਂ ਖਾ ਰਹੀ। AI ਰਾਹੀਂ ਤਿਆਰ ਕੀਤੀ ਲਿਖਤਾਂ ਨੂੰ ਤਰਕਸ਼ੀਲ ਮੈਗਜ਼ੀਨ ਵਿੱਚ ਛਾਪਣਾ ਜਥੇਬੰਦੀ ਦੀ ਸਮਝ ਨਹੀਂ ਹੈ।

ਜਸਵਿੰਦਰ ਫਗਵਾੜਾ

ਤਰਕਸ਼ੀਲ ਦੇ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਵਿਸ਼ੇਸ਼ ਅੰਕ ਵਿੱਚ ਲਿਖਤਾਂ ਦੇਣ ਦਾ ਮਕਸਦ ਕਿਸੇ ਪੂੰਜੀਪਤੀ ਦੀਆਂ ਨੀਤੀਆਂ ਅਤੇ ਉਦੇਸ਼ਾਂ ਨੂੰ ਉਚਿਆਉਣਾ ਨਹੀਂ ਸੀ, ਬਲਕਿ ਵਿਸ਼ਵ ਵਿੱਚ ਤੇਜ਼ੀ ਨਾਲ ਪੈਰ ਪਸਾਰ ਰਹੀ ਇਸ ਤਕਨੀਕ ਤੋਂ ਪਾਠਕਾਂ ਨੂੰ ਜਾਣੂ ਕਰਵਾਉਣਾ ਸੀ। ਜਨਵਰੀ-ਫਰਵਰੀ 2026 ਦੇ ਅੰਕ ਵਿੱਚ ਏ.ਆਈ. ਪਲੇਟਫਾਰਮ ਗਰੋਕ ਵੱਲੋਂ ਲੂਈਸ ਬਰੇਲ ਬਾਰੇ ਦਿੱਤੀ ਲਿਖਤ ਦਾ ਮਕਸਦ ਵੀ ਇਸ ਤਕਨੀਕ ਦੀ ਸਮਰੱਥਾ ਨੂੰ ਪਾਠਕਾਂ ਦੇ ਰੂਬਰੂ ਕਰਨਾ ਸੀ।

ਕਿਸੇ ਵੀ ਤਕਨੀਕ, ਕਾਢ ਜਾਂ ਖੋਜ ਦੀ ਵਰਤੋਂ ਸਬੰਧੀ ਦੋਵੇਂ ਪੱਖ ਪਏ ਹੁੰਦੇ ਹਨ- ਸਕਾਰਾਤਮਕ ਅਤੇ ਨਾਕਾਰਾਤਮਕ। ਲੋਕ-ਪੱਖੀ ਸ਼ਕਤੀਆਂ ਇਸ ਨੂੰ ਲੋਕਾਂ ਦੇ ਪੱਖ ਤੋਂ ਇਸਤੇਮਾਲ ਕਰਦੀਆਂ ਹਨ ਜਦ ਕਿ ਲੋਕ ਵਿਰੋਧੀ ਤਾਕਤਾਂ ਵਿਰੋਧੀ ਪੱਖ ਤੋਂ। ਇਸ ਦਾ ਭਾਵ ਇਹ ਹੈ ਕਿ ਇਹ ਤਕਨੀਕ ਦੀ ਵਰਤੋਂ ਕਰਨ ਵਾਲੇ ਉੱਪਰ ਮੁਨੱਸਰ ਕਰਦਾ ਹੈ ਕਿ ਉਹ ਇਸ ਨੂੰ ਕਿਸ ਪੱਖ ਤੋਂ ਵਰਤੋਂ ਵਿੱਚ ਲਿਆ ਰਿਹਾ ਹੈ।

ਜਿਥੋਂ ਤੱਕ ਇਸ ਤਕਨੀਕ ਨੂੰ ਵਿਸ਼ਵ ਦੇ ਚੋਟੀ ਦੇ ਪੂੰਜੀਪਤੀ ਐਲਨ ਵੱਲੋਂ ਵਿਕਸਿਤ ਕਰਨ ਦੀ ਗੱਲ ਹੈ ਇਸ ਤਕਨੀਕ ਨੂੰ ਸਿਰਫ ਇਸੇ ਕਰਕੇ ਨਕਾਰਨਾ ਵਾਜਿਬ ਨਹੀਂ ਹੋਵੇਗਾ ਕਿ ਇਹ ਕਿਸੇ ਪੂੰਜੀਪਤੀ ਵੱਲੋਂ ਲਾਂਚ ਕੀਤੀ ਗਈ ਹੈ। ਮੋਬਾਈਲ ਫੋਨ ਅਤੇ ਕੰਪਿਊਟਰ ਵੀ ਪੂੰਜੀਪਤੀਆਂ ਵੱਲੋਂ ਬਣਾਏ ਜਾਂਦੇ ਹਨ। ਸੋਸ਼ਲ ਮੀਡੀਆ ਉੱਤੇ ਚੱਲ ਰਹੀਆਂ ਐਪਸ, ਈਮੇਲ, ਅਤੇ ਫੇਸਬੁੱਕ, ਯੂਟਿਊਬ, ਇੰਸਟਾਗਰਾਮ ਵਰਗੇ ਪਲੇਟਫਾਰਮ ਵੀ ਤਾਂ ਪੂੰਜੀਪਤੀ ਧਿਰ ਵੱਲੋਂ ਹੀ ਵਿਕਸਿਤ ਕੀਤੇ ਗਏ ਹਨ, ਜਿਨ੍ਹਾਂ ਦੀ ਵਰਤੋਂ ਅਸੀਂ ਹਰ ਰੋਜ਼ ਕਰਦੇ ਹਾਂ। ਇਹ ਠੀਕ ਹੈ ਕਿ ਪੂੰਜੀਪਤੀ ਵਰਗ ਇਨ੍ਹਾਂ ਪਲੇਟਫਾਰਮਾਂ ਨੂੰ ਆਪਣੇ ਹਿਤਾਂ ਮੁਤਾਬਕ ਗੈਰ ਵਿਗਿਆਨਕ ਪ੍ਰਚਾਰ ਲਈ ਵਰਤ ਰਿਹਾ ਹੈ ਅਤੇ ਲੋਕ-ਪੱਖੀ ਤਾਕਤਾਂ ਵਿਗਿਆਨਿਕ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਲਈ।

-ਸੰਪਾਦਕੀ ਬੋਰਡ

ਜਨਵਰੀ ਫਰਵਰੀ ਅੰਕ ਬਾਰੇ ਮੇਰੀ ਰਾਏ

ਪਰੂਫ਼ ਰੀਡਿੰਗ ਦੀਆਂ ਗਲਤੀਆਂ ਕਾਫ਼ੀ ਹਨ। ਜਿਵੇਂ : ਨਾਸਤਿਕਤਾ ਨੂੰ ਲਾਸਤਿਕਤਾ, ਮਸ਼ਾਲਾਂ ਬਾਲ ਕੇ ਚੱਲਣਾ ਨੂੰ ਰੱਖਣਾ ਲਿਖਿਆ ਗਿਆ।

ਸੰਪਾਦਕੀ ਵਿੱਚ Avjeevika Mission ਨੂੰ Mishion.

ਪੰਨਾ ਨੰ. 2 ਦਾ ਤੀਜਾ ਪੈਰ੍ਹਾ ਪੜ੍ਹਿਆ ਦੀ ਥਾਂ ਪੜ੍ਹਿ ਆ।

ਪੰਨਾ 5 ਦਾ ਤੀਜਾ ਪੈਰ੍ਹਾ ਚੜ੍ਹਿਆ ਦੀ ਥਾਂ ਚੜ੍ਹਿ ਆ।

ਪੰਨਾ 15: ਚਾੜ੍ਹਿਆ ਨੂੰ ਚਾੜ੍ਹਿ ਆ।

ਪੰਨਾ 21: ਪੜ੍ਹਿਆ ਨੂੰ ਪਾੜ੍ਹਿ ਆ।

ਪੰਨਾ 23: ਤਹਿਸ਼ੁਦਾ ਦੀ ਥਾਂ ਤੈਅਸ਼ੁਦਾ ਚਾਹੀਦਾ ਸੀ। ਤਹਿ ਨਹੀਂ ਹੁੰਦਾ ਤੈਅ ਹੁੰਦਾ ਹੈ।

ਪਰੂਫ਼ ਰੀਡਿੰਗ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਮਹੱਤਵ ਵਾਲੇ ਰੰਗਦਾਰ ਪੰਨੇ ਪੰਨਾ ਨੰਬਰ 28 ਤੋਂ ਅੱਗੇ ਦੀ ਥਾਂ ਪੰਨਾ ਨੰਬਰ 29 ਤੋਂ ਅੱਗੇ ਲਾਉਣੇ ਚਾਹੀਦੇ ਸਨ।

ਤਰਕਸ਼ੀਲ ਮੈਗਜ਼ੀਨ ਦਿਲਚਸਪ, ਸਵਾਦਲਾ, ਪ੍ਰੇਰਨਾਦਾਇਕ, ਖਿੱਚ ਭਰਪੂਰ ਤੇ ਪਾਠਕਾਂ ਨੂੰ ਆਪਣੇ ਨਾਲ ਨਾਲ ਤੋਰਨ ਵਾਲਾ ਸੀ। ਸੰਪਾਦਕੀ ਬੋਰਡ ਨੂੰ ਵਧਾਈ ਦੇ ਨਾਲ ਸ਼ਾਬਾਸ਼।

ਅਜੀਤ ਪ੍ਰਦੇਸੀ, ਰੋਪੜ

ਆਪ ਵੱਲੋਂ ਪਰੂਫ਼ ਰੀਡਿੰਗ ਦੀਆਂ ਗਲਤੀਆਂ ਵੱਲ ਧਿਆਨ ਦਿਵਾਉਣ ਲਈ ਸ਼ੁਕਰੀਆ। ਪਰ ਪੈਰ ਹਾਹੇ ਦੀ ਜਗ੍ਹਾ ਖਾਲੀ ਸਪੇਸ ਪੈ ਜਾਣਾ ਜਿਵੇਂ ਪੜ੍ਹਿਆ ਦੀ ਜਗ੍ਹਾ ਪੜ੍ਹਿ ਆ ਲਿਖਿਆ ਜਾਣਾ, ਇਸ ਪਿੱਛੇ ਤਕਨੀਕੀ ਨੁਕਸ ਸੀ ਨਾ ਕਿ ਪਰੂਫ਼ ਰੀਡਿੰਗ ਵਿੱਚ ਅਣਗਹਿਲੀ। ਪੰਜਾਬੀ ਦੇ ਫੌਂਟ ਨੂੰ ਕਨਵਰਟ ਕਰਨ ਸਮੇਂ ਕਈ ਵਾਰ ਅਜਿਹਾ ਵਾਪਰ ਜਾਂਦਾ ਹੈ। ਫਿਰ ਵੀ ਅੱਗੇ ਤੋਂ ਇਸ ਸਮੱਸਿਆ ਨੂੰ ਵੀ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਛਿਮਾਹੀ ਇਕੱਤਰਤਾਵਾਂ

ਜ਼ੋਨ ਜਲੰਧਰ

ਜਲੰਧਰ ਜ਼ੋਨ ਦੀ ਛਿਮਾਹੀ ਇਕੱਤਰਤਾ 25.12.2025 ਨੂੰ ਹਰਿਆਣਾ (ਹੁਸ਼ਿਆਰਪੁਰ) ਵਿਖ਼ੇ ਕੀਤੀ ਗਈ ਇਸ ਵਿੱਚ ਫਗਵਾੜਾ, ਜਲੰਧਰ, ਭੂੰਗਾ, ਟਿੱਬਾ ਅਤੇ ਸ਼ਾਹਕੋਟ ਇਕਾਈਆਂ ਦੇ ਤਕਰੀਬਨ 50 ਮੈਂਬਰਾਂ ਨੇ ਭਾਗ ਲਿਆ. ਇਕੱਤਰਤਾ ਵਿੱਚ ਬਲਬੀਰ ਲੌਂਗੋਵਾਲ (ਸਾਬਕਾ ਸੰਪਾਦਕ ਤਰਕਸ਼ੀਲ ਮੈਗਜ਼ੀਨ) ਨੇ 'ਸਮਾਜਿਕ ਤਬਦੀਲੀ ਵਿੱਚ ਤਰਕਸ਼ੀਲਤਾ ਦਾ ਰੋਲ' ਵਿਸ਼ੇ 'ਤੇ ਬੋਲਦਿਆਂ ਤਰਕਸ਼ੀਲਤਾ ਦੀ ਵਿਆਖਿਆ ਅਤੇ ਸਮਾਜ ਵਿੱਚ ਇਸ ਪ੍ਰਤੀ ਚੇਤਨਾ ਫੈਲਾਉਣ ਦੇ ਕੰਮ ਨੂੰ ਸਮਰਪਣ ਦੀ ਭਾਵਨਾ ਨਾਲ ਕਰਨ ਤੇ ਜ਼ੋਰ ਦਿਤਾ। ਉਹਨਾਂ ਇਸ ਗੱਲ ਨੂੰ ਵੀ ਜ਼ੋਰ ਨਾਲ ਉਭਾਰਿਆ ਕਿ ਸਾਨੂੰ ਕਿਰਤੀ ਵਰਗ ਵਿੱਚ ਕੰਮ ਕਰਨ ਦੀ ਵੱਧ ਜਰੂਰਤ ਹੈ। ਉਹਨਾਂ ਦੇ ਲੈਕਚਰ ਤੋਂ ਬਾਅਦ ਸੂਬਾ ਆਗੂ ਸੁਰਜੀਤ ਟਿੱਬਾ, ਜਸਵਿੰਦਰ ਫਗਵਾੜਾ, ਪ੍ਰੋ. ਜਸਕਰਨ ਸਿੰਘ, ਕੁਲਦੀਪ ਸਿੰਘ, ਮਾ. ਮਦਨ ਲਾਲ, ਜਿੰਦ ਬਾਗਪੁਰ ਤੇ ਪ੍ਰਿੰਸੀਪਲ ਮਨਜੀਤ ਸਿੰਘ ਨੇ ਕੁਝ ਸਵਾਲ ਉਠਾਏ। ਲੌਂਗੋਵਾਲ ਜੀ ਨੇ ਉਹਨਾਂ ਦਾ ਬਣਦਾ ਉਤਰ ਦਿੱਤਾ। ਇਕੱਤਰਤਾ ਦੇ ਦੂਸਰੇ ਸੈਸ਼ਨ ਵਿੱਚ ਸਾਰੇ ਇਕਾਈ ਆਗੂਆਂ ਸੁਰਿੰਦਰਪਾਲ ਫਗਵਾੜਾ, ਪਰਮਜੀਤ ਜਲੰਧਰ, ਦਿਲਰਾਜ ਕੁਮਾਰ ਭੂੰਗਾ, ਰਾਮ ਸਿੰਘ ਟਿੱਬਾ ਅਤੇ ਪ੍ਰਿੰਸੀਪਲ ਮਨਜੀਤ ਸਿੰਘ ਸ਼ਾਹਕੋਟ ਨੇ ਆਪਣੀਆਂ 2 ਸਰਗਰਮੀਆਂ ਦੀ ਰਿਪੋਰਟ ਪੜ੍ਹੀ। ਇਸ ਤੋਂ ਬਾਅਦ ਜ਼ੋਨ ਮੁੱਖੀ ਸੁਖਦੇਵ ਫਗਵਾੜਾ ਨੇ ਅਪ੍ਰੈਲ ਤੋਂ ਹੁਣ ਤੱਕ ਜ਼ੋਨ ਦੀਆਂ ਮੀਟਿੰਗ ਤੇ ਕੀਤੇ ਕੰਮਾਂ ਬਾਰੇ ਰਿਪੋਰਟ ਪੇਸ਼ ਕੀਤੀ ਅਤੇ ਬਿੱਟੂ ਰੂਪੇਵਾਲੀ ਵਿੱਤ ਮੁੱਖੀ ਨੇ ਜ਼ੋਨ ਦਾ ਹਿਸਾਬ ਕਿਤਾਬ ਤੇ ਇਕਾਈਆਂ ਦੇ ਰਹਿੰਦੇ ਬਕਾਇਆਂ ਬਾਰੇ ਰਿਪੋਰਟ ਪੇਸ਼ ਕੀਤੀ। ਸੋਸਾਇਟੀ ਦੇ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਕਰਨ ਲਈ ਕੁਝ ਸੁਝਾਅ ਵੀ ਆਏ। ਇਸ ਸਮੇਂ ਸਾਥੀ ਸੁਰਜੀਤ ਟਿੱਬਾ ਅਤੇ ਮਾ. ਸੁਖਜੀਤ ਸਿੰਘ ਨੇ ਗੀਤ ਸੁਣਾ ਕੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ। ਬਲਵਿੰਦਰ ਬੁੱਲੋਵਾਲ ਨੇ ਅਜੋਕੇ ਹਾਲਾਤ ਦੀ ਤ੍ਰਾਸਦੀ ਪੇਸ਼ ਕਰਦੀ ਕਹਾਣੀ ਸੁਣਾਈ।

ਸੁਖਦੇਵ ਫਗਵਾੜਾ

ਜ਼ੋਨ ਬਠਿੰਡਾ

ਬਠਿੰਡਾ ਜੋਨ ਦੀ ਛਿਮਾਹੀ ਇਕੱਤਰਤਾ 18 ਜਨਵਰੀ ਨੂੰ ਪੈਨਸ਼ਨਰ ਭਵਨ ਬਠਿੰਡਾ ਵਿਖੇ ਹੋਈ। ਤਰਕਸ਼ੀਲ ਦੇ ਸੰਪਾਦਕ ਰਾਜਪਾਲ ਨੇ ਹਾਜ਼ਰੀਨ ਨੂੰ ਜੀ ਆਇਆ ਕਹਿੰਦਿਆਂ ਹੋਇਆਂ ਤਰਕਸ਼ੀਲ ਸੋਸਾਇਟੀ ਦੇ ਕੰਮ ਦੀ ਮਹੱਤਤਾ, ਮੌਜੂਦਾ ਦੌਰ ਦੀਆਂ ਚੁਣੌਤੀਆਂ ਅਤੇ ਉਹਨਾਂ ਚੁਣੌਤੀਆਂ ਦੇ ਹਾਣੀ ਹੋਣ ਦੀ ਲੋੜ ਨੂੰ ਉਭਾਰਿਆ। ਸੀਨੀਅਰ ਆਗੂ ਭੂਰਾ ਸਿੰਘ ਮਹਿਮਾ ਸਰਜਾ ਨੇ ਮਾਨਸਿਕ ਰੋਗ ਪੈਦਾ ਹੋਣ ਤੋਂ ਪਹਿਲਾਂ ਦੀਆਂ ਸਥਿਤੀਆਂ ਅਤੇ ਇਨ੍ਹਾਂ ਦੇ ਕਾਰਨਾਂ ਦੀ ਪੜਚੋਲ ਕਰਦਿਆਂ ਉਹਨਾਂ ਨੂੰ ਨਜਿੱਠਣ ਸਬੰਧੀ ਆਪਣੇ ਵਿਚਾਰ ਰੱਖੇ। ਇਸ ਉਪਰੰਤ ਵੱਖ ਵੱਖ ਇਕਾਈਆਂ ਦੇ ਆਗੂਆਂ ਗਗਨ (ਰਾਮਪੁਰਾ) ਕਰਮਜੀਤ ਸਿੰਘ (ਭੁੱਚੋ ਮੰਡੀ) ਹਰਜਿੰਦਰ ਰੋਮਾਣਾ (ਬਰਗਾੜੀ) ਰਣਧੀਰ ਧੀਰਾ (ਡੱਬਵਾਲੀ) ਹਰਦੇਵ ਸਿੰਘ (ਭੰਗੂ ਬੜਾਗੁੜਾ) ਮਹਿਮਾ ਸਿੰਘ ਧਿੰਗੜ (ਤਲਵੰਡੀ ਸਾਬੋ) ਸਿਮਰਜੀਤ (ਫਰੀਦਕੋਟ) ਬਲਰਾਜ (ਮੌੜ ਇਕਾਈ) ਅਤੇ ਗਿਆਨ ਸਿੰਘ (ਬਠਿੰਡਾ ਇਕਾਈ) ਨੇ ਆਪੋ ਆਪਣੀਆਂ ਇਕਾਈਆਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ। ਗਿਆਨ ਸਿੰਘ ਨੇ ਜੋਨ ਵਿਤ ਮੁਖੀ ਵਜੋਂ ਸਾਰੀਆਂ ਇਕਾਈਆਂ ਦਾ ਹਿਸਾਬ ਕਿਤਾਬ ਵੀ ਇਕੱਤਰਤਾ ਵਿੱਚ ਰੱਖਿਆ।

ਇਕੱਤਰਤਾ ਦੇ ਦੂਜੇ ਸੈਸ਼ਨ ਵਿੱਚ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਮਾਨਸਿਕ ਚੇਤਨਾ ਵਿਭਾਗ ਦੇ ਮੁਖੀ ਜੁਝਾਰ ਲੌਂਗੋਵਾਲ ਨੇ ਸਮਾਜ ਦੀਆਂ ਬਦਲਦੀਆਂ ਹਾਲਤਾਂ ਅਤੇ ਨਵੀਂ ਟੈਕਨੋਲੋਜੀ ਦੀ ਆਮਦ ਦੇ ਕਾਰਨ ਪੈਦਾ ਹੋ ਰਹੇ ਮਾਨਸਿਕ ਵਿਕਾਰਾਂ ਸਬੰਧੀ ਅਤੇ ਮਾਨਸਿਕਤਾ ਨੂੰ ਮਜਬੂਤ ਕਰਨ ਸਬੰਧੀ ਭਾਵਪੂਰਤ ਵਿਚਾਰ ਪੇਸ਼ ਕੀਤੇ ਅਤੇ ਇਹਨਾਂ ਸਬੰਧੀ ਉੱਠੇ ਸਵਾਲਾਂ ਦੇ ਜਵਾਬ ਦਿੱਤੇ।

ਇਕੱਤਰਤਾ ਦੌਰਾਨ ਲੋਕ ਪੱਖੀ ਗਾਇਕ ਜਗਸੀਰ ਜੀਦਾ, ਜਗਦੀਪ ਗਿੱਲ, ਕੁਲਵੰਤ ਸਿੰਘ ਬਠਿੰਡਾ, ਜਗਤਾਰ ਡੱਬਵਾਲੀ, ਅਤੇ ਸ਼ਾਮ ਲਾਲ ਬਠਿੰਡਾ ਨੇ ਬਹੁਤ ਵਧੀਆ ਗੀਤ ਪੇਸ਼ ਕੀਤੇ। ਜੋਨ ਮੀਡੀਆ ਮੁਖੀ ਰਾਮ ਨਿਰਮਾਣ ਨੇ ਮੰਚ ਸੰਚਾਲਨ ਕਰਦਿਆਂ ਬਹੁਤ ਭਾਵਪੂਰਤ ਟਿੱਪਣੀਆਂ ਕੀਤੀਆਂ।
ਅੰਤ ਵਿੱਚ ਜੋਨ ਜਥੇਬੰਦਕ ਮੁਖੀ ਬਲਰਾਜ ਮੌੜ ਨੇ ਆਏ ਤਰਕਸ਼ੀਲ ਸਾਥੀਆਂ ਦਾ ਧੰਨਵਾਦ ਕਰਦਿਆਂ ਜੱਥੇਬੰਦੀ ਨੂੰ ਹੋਰ ਮਜਬੂਤ ਅਤੇ ਸਰਗਰਮ ਕਰਨ ਦਾ ਸੱਦਾ ਦਿੱਤਾ।

ਰਾਮ ਸਿੰਘ ਨਿਰਮਾਣ

ਜ਼ੋਨ ਚੰਡੀਗੜ੍ਹ

ਤਰਕਸ਼ੀਲ ਸੋਸਾਇਟੀ ਪੰਜਾਬ ਦਾ ਜਨਮ ਇਕ ਕਿਤਾਬ 'ਦੇਵ ਪੁਰਸ਼ ਹਾਰ ਗਏ' ਦੇ ਹੋਂਦ ਵਿੱਚ ਆਉਣ ਕਰਕੇ ਹੋਇਆ ਹੈ। ਇਨਕਲਾਬੀ ਲਹਿਰਾਂ ਦੇ ਪੈਦਾ ਹੋਣ ਲਈ ਪੁਸਤਕ ਸਭਿਆਚਾਰ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਹ ਵਿਚਾਰ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਕੌਮੀ ਤੇ ਕੌਮਾਂਤਰੀ ਵਿਭਾਗ

ਦੇ ਮੁਖੀ ਜਸਵੰਤ ਮੁਹਾਲੀ ਨੇ ਖਰੜ ਵਿਖੇ ਹੋਈ ਜ਼ੋਨ ਚੰਡੀਗੜ੍ਹ ਦੀ ਛਿਮਾਹੀ ਇੱਕਤਰਤਾ ਵਿਚ ਪ੍ਰਗਟ ਕੀਤੇ।

ਜ਼ੋਨ ਮੁਖੀ ਅਜੀਤ ਪ੍ਰਦੇਸੀ ਨੇ ਦੱਸਿਆ ਇਸ ਜ਼ੋਨ ਇਕੱਤਰਤਾ ਵਿਚ ਖਰੜ, ਮੁਹਾਲੀ, ਚੰਡੀਗੜ੍ਹ, ਰੋਪੜ, ਨੰਗਲ, ਬਸੀ ਪਠਾਣਾ ਅਤੇ ਸਰਹਿੰਦ ਤੋਂ ਇਕਾਈਆਂ ਦੇ ਮੁਖੀ ਅਤੇ 30 ਤੋਂ ਵੱਧ ਡੈਲੀਗੇਟ ਸ਼ਾਮਲ ਹੋਏ। ਇਨ੍ਹਾਂ ਨੇ ਆਪਣੀ ਆਪਣੀ ਇਕਾਈ ਦੀ ਪਿਛਲੇ ਛੇ ਮਹੀਨੇ ਵਿਚ ਕੀਤੇ ਕੰਮਾਂ ਬਾਰੇ ਰਿਪੋਰਟ ਪੇਸ਼ ਕੀਤੀ। ਜ਼ੋਨ ਦੇ ਮੀਡੀਆ ਮੁਖੀ ਪਿੰ: ਗੁਰਮੀਤ ਖਰੜ ਅਤੇ ਵਿਤ ਵਿਭਾਗ ਮੁਖੀ ਸ਼ੈਲਿੰਦਰ ਸੋਹਾਲੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਥੇਬੰਦੀ ਦਾ ਹੁਣ ਵੱਧ ਜੋਰ ਨੌਜਵਾਨ ਅਤੇ ਵਿਦਿਆਰਥੀਆ ਵਿਚ ਵਿਗਿਆਨਕ ਚੇਤਨਾ ਦਾ ਫੈਲਾਅ ਕਰਨ ਤੇ ਲਗਿਆ ਹੋਇਆ ਹੈ। ਸੋਸਾਇਟੀ ਪਿਛਲੇ ਸੱਤ ਸਾਲਾਂ ਤੋਂ ਲਗਾਤਾਰ ਵਿਦਿਆਰਥੀਆਂ ਨੂੰ ਚੇਤਨਾ ਪਰਖ ਪ੍ਰੀਖਿਆ ਵਿਚ ਸ਼ਾਮਲ ਕਰ ਰਹੀ ਹੈ। ਇਕਾਈ ਖਰੜ ਦੇ ਮੁਖੀ ਕੁਲਵਿੰਦਰ ਨਗਾਰੀ, ਰੋਪੜ ਤੋਂ ਅਸ਼ੋਕ ਕੁਮਾਰ, ਬਸੀ ਤੋਂ ਹਰਨੇਕ ਸਿੰਘ ਨੇ ਦੱਸਿਆ ਕਿ ਇਸ ਵਾਰ ਚੇਤਨਾ ਪਰਖ ਪ੍ਰੀਖਿਆ ਵਿਚ ਜ਼ੋਨ ਚੰਡੀਗੜ੍ਹ ਤੋਂ 3406 ਵਿਦਿਆਰਥੀਆ ਨੇ ਸ਼ਾਮਲ ਹੋਕੇ ਅਤੇ ਚਾਰ ਵਿਦਿਆਰਥੀਆਂ ਨੇ ਸੂਬਾ ਪੱਧਰ ਤੇ ਆਪੋ ਆਪਣੀ ਜਮਾਤ ਫਸਟ ਆ ਕੇ ਰਿਕਾਰਡ ਬਣਾਇਆ ਹੈ। ਇਸ ਮੌਕੇ ਇਕਾਈ ਮੋਹਾਲੀ ਤੋਂ ਗੁਰਤੇਜ ਸਿੰਘ, ਚੰਡੀਗੜ੍ਹ ਤੋਂ ਪ੍ਰੇਮ ਸਿੰਘ, ਨੰਗਲ ਤੋਂ ਹਰਨੇਕ ਸਿੰਘ ਅਤੇ ਸਰਹਿੰਦ ਤੋਂ ਮਨਦੀਪ ਸਿੰਘ ਮਾਜਰੀ ਨੇ ਮਾਨਸਿਕ ਕੇਸ ਅਤੇ ਤਾਂਤਰਿਕਾਂ ਵੱਲੋ ਫੈਲਾਏ ਅੰਧਵਿਸ਼ਵਾਸਾਂ ਨਾਲ ਸਬੰਧਿਤ ਕੇਸਾਂ ਦੀ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਅੰਤ ਵਿੱਚ ਸਵਾਲ ਜਵਾਬ ਦੇ ਸ਼ੈਸ਼ਨ ਵਿੱਚ ਸੁਰਜੀਤ ਮੋਹਾਲੀ, ਭੁਪਿੰਦਰ ਮਦਨਹੇੜੀ, ਸੁਜਾਨ ਬਡਾਲਾ, ਜਰਨੈਲ ਸੋਹਾੜਾ, ਵਿਕਰਮਜੀਤ ਨਲਾਸ, ਹਰਜੀਤ ਤਰਖਾਣ ਮਾਜਰਾ, ਮਾ ਕਰਨੈਲ ਸਿੰਘ, ਐਡਵੋਕੇਟ ਕਮਲਜੀਤ, ਹਰਨੇਕ ਚੱਕ ਕਰਮਾ ਨੇ ਭਾਗ ਲੈਕੇ ਇੱਕਤਰਤਾ ਦੀ ਵਿਚਾਰ ਚਰਚਾ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ।

ਪ੍ਰਿੰਸੀਪਲ ਗੁਰਮੀਤ ਖਰੜ

ਸ਼ੋਕ ਮਤਾ

ਇਕਾਈ ਖਰੜ ਦੇ ਮੈਂਬਰ ਭੁਪਿੰਦਰ ਮਦਨਹੇੜੀ ਦੇ ਭਰਾ ਸ਼੍ਰੀ ਬਲਵੀਰ ਸਿੰਘ ਮਦਨਹੇੜੀ ਦੇ ਸਦੀਵੀ ਵਿਛੋੜੇ ਤੇ ਇਕਾਈ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੀ ਹੈ।

ਕ੍ਰਿਸ਼ਨ ਬਰਗਾੜੀ ਨੂੰ ਇੰਜ ਕੀਤਾ ਯਾਦ

ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ ਯਾਦ ਵਿੱਚ ਕ੍ਰਿਸ਼ਨ ਬਰਗਾੜੀ ਯਾਦਗਾਰੀ ਮਾਨਸਿਕ ਸਿਹਤ ਮਸ਼ਵਰਾ ਕੇਂਦਰ ਵਿਖੇ ਇਕਾਈ ਬਰਗਾੜੀ ਵੱਲੋਂ 26 ਜਨਵਰੀ ਨੂੰ ਯਾਦਗਾਰੀ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਤਰਕਸ਼ੀਲ ਲਹਿਰ ਦੇ ਕਾਮੇ, ਸੱਜਣ ਸਨੇਹੀ ਤੇ ਪਰਿਵਾਰਕ ਮੈਂਬਰ ਸ਼ਾਮਲ ਹੋਏ। ਸਮਾਰੋਹ ਵਿੱਚ ਬੋਲਦਿਆਂ ਸਾਬਕਾ ਸਰਪੰਚ ਗੁਰਚੇਤ ਸਿੰਘ ਢਿੱਲੋਂ, ਪ੍ਰੇਮ ਸਮਾਲਸਰ, ਖੁਸ਼ਵੰਤ ਬਰਗਾੜੀ, ਮਾਸਟਰ ਰਾਮ ਕੁਮਾਰ ਤੇ ਰੇਸ਼ਮ ਬਰਗਾੜੀ ਨੇ ਕ੍ਰਿਸ਼ਨ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਬਤੌਰ ਕਬੱਡੀ ਖਿਡਾਰੀ, ਬਿਜਲੀ ਕਾਮੇ, ਤਰਕਸ਼ੀਲ ਆਗੂ ਤੇ ਪਿੰਡ ਦੇ ਸੁਹਿਰਦ ਸੇਵਕ ਵਜੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਬੁਲਾਰਿਆਂ ਨੇ ਕ੍ਰਿਸ਼ਨ ਬਰਗਾੜੀ ਵੱਲੋਂ ਵਹਿਮਾਂ, ਅੰਧਵਿਸ਼ਵਾਸਾਂ ਦਾ ਸ਼ਿਕਾਰ ਹੋਏ ਮਾਨਸਿਕ ਰੋਗੀਆਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਆਪਣੇ ਘਰ ਵਿੱਚ ਹੀ ਮਸ਼ਵਰਾ ਕੇਂਦਰ ਖੋਲ੍ਹ ਕੇ ਨਿਭਾਈ ਭੂਮਿਕਾ ਨੂੰ ਉਚਿਆਇਆ। ਨਾਲ ਹੀ ਨਾ ਮੁਰਾਦ ਬੀਮਾਰੀ ਦਾ ਸਿਦਕਦਿਲੀ ਨਾਲ ਸਾਹਮਣਾ ਕਰਦਿਆਂ ਆਪਣਾ ਮ੍ਰਿਤਕ ਸਰੀਰ ਮਾਨਵਤਾ ਦੀ ਭਲਾਈ ਲਈ ਮੈਡੀਕਲ ਖੋਜ ਕਾਰਜਾਂ ਲਈ ਭੇਂਟ ਕਰਨ ਦੀ ਪਹਿਲ ਕਦਮੀ ਦਾ ਜ਼ਿਕਰ ਕੀਤਾ। ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਤੇ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਨੇ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਪ੍ਰਤੀ ਸਮਰਪਣ ਭਾਵਨਾ, ਪਹਿਲਕਦਮੀ ਤੇ ਪ੍ਰਤੀਬੱਧਤਾ ਦੀ ਚਰਚਾ ਕਰਦਿਆਂ ਉਨ੍ਹਾਂ ਵੱਲੋਂ ਵਿਗਿਆਨਕ ਚੇਤਨਾ ਲਈ ਕੀਤੇ ਮਿਸਾਲੀ ਕਾਰਜਾਂ ਦੀ ਸਰਾਹਨਾ ਕੀਤੀ। ਸਮਾਰੋਹ ਦੌਰਾਨ ਵਿਜੇ ਬਰਗਾੜੀ ਨੇ ਪਿੰਡ ਕਮੇਟੀ ਵੱਲੋਂ ਪਰਿਵਾਰ ਦਾ ਸਨਮਾਨ ਕੀਤਾ। ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਨੇ ਯਾਦਾਂ ਸਾਂਝਾ ਕਰਦਿਆਂ ਕ੍ਰਿਸ਼ਨ ਬਰਗਾੜੀ ਨੂੰ ਇੱਕ ਗੀਤ ਨਾਲ ਸ਼ਰਧਾਂਜਲੀ ਦਿੱਤੀ।

ਇਸ ਸਾਦੇ ਤੇ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਚੰਨਣ ਵਾਂਦਰ, ਰਾਜਿੰਦਰ ਕੌਰ ਬਰਗਾੜੀ, ਸਰੋਜ, ਨਵਪ੍ਰੀਤ, ਰਵਿੰਦਰ, ਅਮਨ, ਜਸਵੰਤ ਜੱਸ, ਰਾਜ ਮੱਲ੍ਹਾ, ਜਸਕਰਨ ਲੰਡੇ, ਕੁਲਦੀਪ ਮਾਣੂੰਕੇ, ਦਰਸ਼ਨ ਸਾਹੋਕੇ, ਇਕਬਾਲ ਮਾੜੀ ਮੁਸਤਫ਼ਾ, ਹਰਜਿੰਦਰ ਰੁਮਾਣਾ, ਸੁਖਦੇਵ ਸਿੰਘ, ਗੁਰਪ੍ਰੀਤ ਬਰਗਾੜੀ, ਇਕੱਤਰ ਸਮਾਲਸਰ, ਬਿਕਰਮਜੀਤ ਤੇ ਡਾ. ਬਲਜੀਤ ਸਿੰਘ ਬਾਘਾਪੁਰਾਣਾ ਵੀ ਹਾਜ਼ਰ ਸਨ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ।

ਸਰਗਰਮੀਆਂ

ਜ਼ੋਨ ਮਾਨਸਾ

ਸੈਮੀਨਾਰ ਤੇ ਬੱਚਿਆਂ ਨੂੰ ਕੀਤਾ ਸਨਮਾਨਿਤ

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਮਾਨਸਾ ਵੱਲੋਂ ਪੈਨਸ਼ਨਰ ਭਵਨ ਵਿਖੇ 'ਤਰਕਸ਼ੀਲ ਸੱਭਿਆਚਾਰ ਕੀ ਹੋਵੇ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਅਤੇ ਨਾਲ਼ ਹੀ ਚੇਤਨਾ ਪਰਖ ਪ੍ਰੀਖਿਆ ਵਿੱਚੋਂ ਬਾਜੀ ਮਾਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿੱਚ ਜ਼ਿਲ੍ਹਾ ਆਗੂ ਅੰਮ੍ਰਿਤ ਰਿਸ਼ੀ ਨੇ ਆਏ ਹੋਏ ਮਹਿਮਾਨਾਂ ਤੇ ਸਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ। ਸੱਭਿਆਚਾਰ ਵਿਭਾਗ ਦੇ ਸੂਬਾ ਮੁਖੀ ਜੋਗਿੰਦਰ ਕੁੱਲੇਵਾਲ ਨੇ ਵਿਸ਼ੇਸ਼ ਬੁਲਾਰੇ ਦੇ ਤੌਰ 'ਤੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਜਿਸ ਸਮਾਜ ਵਿੱਚ ਅਸੀਂ ਰਹਿੰਦੇ ਹਾਂ ਖ਼ੁਸ਼ੀ ਗਮੀ ਦੇ ਜੋ ਸਮਾਗਮ ਹੁੰਦੇ ਨੇ ਉਨ੍ਹਾਂ ਤੋਂ ਪਤਾ ਚਲਦਾ ਹੈ ਸਾਡਾ ਸੱਭਿਆਚਾਰ ਕੀ ਹੈ। ਵਿਆਹਾਂ ਦੇ ਵਿੱਚ ਲੱਚਰ ਗਾਇਕੀ ਪ੍ਰਮੋਟ ਕਰਕੇ ਲੋਕ ਸੱਭਿਆਚਾਰ ਮੰਨ ਰਹੇ ਹਨ। ਇਸ ਦੇ ਬਦਲੇ ਸਾਨੂੰ ਵਿਆਹਾਂ ਉੱਤੇ ਘੱਟ ਖਰਚ ਕਰਕੇ ਚੰਗੇ ਵਿਚਾਰਾਂ ਵਾਲੇ ਬੁਲਾਰੇ, ਲੋਕ ਪੱਖੀ ਗਾਇਕੀ ਅਤੇ ਨਾਟਕ ਆਦਿ ਕਰਵਾਏ ਜਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਪਰਿਵਾਰ 'ਚੋਂ ਕਿਸੇ ਦੀ ਮੌਤ ਹੋ ਜਾਣ ਉੱਤੇ ਰੂੜੀਵਾਦੀ ਰਸਮਾਂ ਨੂੰ ਤਿਆਗ ਕੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਦਿੱਤਾ ਜਾ ਸਕਦਾ ਹੈ। ਅਜਿਹੇ ਨਿਵੇਕਲੇ ਕਾਰਜ ਤਰਕਸ਼ੀਲ ਸੱਭਿਆਚਾਰ ਨੂੰ ਸਮਾਜ ਵਿੱਚ ਪਰਫੁੱਲਿਤ ਕਰਦੇ ਹਨ।

ਇਸ ਮੌਕੇ ਚੇਤਨਾ ਪਰਖ ਪ੍ਰੀਖਿਆ ਵਿੱਚੋਂ ਅੱਵਲ ਆਉਣ ਵਾਲੇ ਪ੍ਰੀਖਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਜੋਨ ਆਗੂ ਭੁਪਿੰਦਰ ਫ਼ੌਜੀ ਨੇ ਕੀਤਾ ਤੇ ਧੰਨਵਾਦੀ ਸ਼ਬਦ ਮਾਸਟਰ ਲੱਖਾ ਸਿੰਘ ਨੇ ਕਹੇ। ਇਸ ਮੌਕੇ ਕ੍ਰਿਸ਼ਨ ਮਾਨਬੀਬੜੀਆਂ, ਗੁਰਦੀਪ ਸਿੰਘ, ਹਰਬੰਸ ਸਿੰਘ, ਪਰਮਜੀਤ ਕੌਰ, ਨਰਿੰਦਰ ਕੌਰ ਬੁਰਜ਼ ਹਮੀਰਾ, ਜਸਪਾਲ ਅਤਲਾ, ਹਰਭਜਨ ਬਾਬੇਕਾ ਅਤੇ ਸਕੂਲ ਸਟਾਫ਼ ਤੇ ਮਾਪੇ ਵੀ ਹਾਜ਼ਰ ਸਨ।

-ਭੁਪਿੰਦਰ ਫ਼ੌਜੀ

ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ

ਜ਼ੋਨ ਮਾਨਸਾ ਵੱਲੋਂ ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ 16-1-26 ਤੋਂ ਮਾਨਸਾ ਜਨਤਕ ਜਥੇਬੰਦੀਆਂ ਦੇ ਸੱਦੇ ਤੇ ਧਰਨੇ ਦੌਰਾਨ ਸ਼ੁਰੂ ਕੀਤਾ ਗਿਆ। ਇਸ ਦੌਰਾਨ ਸਕੂਲਾਂ ਚ ਛੁੱਟੀਆਂ ਵਧ ਜਾਣ ਕਾਰਨ ਜਨਤਕ ਥਾਵਾਂ ਉੱਤੇ ਸਾਹਿਤ ਵੈਨ ਲਗਾਈ ਗਈ। ਉਸ ਤੋਂ ਬਾਅਦ ਬੁਢਲਾਡਾ ਇਕਾਈ ਵੱਲੋਂ 19 ਤੋਂ 22 ਜਨਵਰੀ, ਚਾਰ ਦਿਨ ਸਕੂਲਾਂ ਕਾਲਜਾਂ ਵਿੱਚ ਵੈਨ ਚਲਾਈ ਗਈ, ਜਿਸ ਵਿੱਚ ਵੈਨ ਸੰਚਾਲਕ ਜਸਵੀਰ ਸੋਨੀ ਤੋਂ ਇਲਾਵਾ, ਇਕਾਈ ਮੁਖੀ ਸੇਵਾ ਸਿੰਘ ਸੇਖੋਂ, ਮਨਦੀਪ ਗੁਰਨੇ, ਬਲਜੀਤ ਦਿਆਲਪੁਰਾ, ਸੁਖਬੀਰ ਬਛੋਆਣਾ ਆਦਿ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਇਕਾਈ ਵੱਲੋਂ 1200 ਰੁਪਏ ਵੈਨ ਸਹਾਇਤਾ ਦਿੱਤੀ ਗਈ। ਭੀਖੀ ਇਕਾਈ ਵੱਲੋਂ 24 ਤੋਂ 28 ਜਨਵਰੀ ਤੱਕ ਸਕੂਲਾਂ ਵਿੱਚ ਸਾਹਿਤ ਵੈਨ ਲਗਾਈ ਗਈ, ਜਿਸ ਵਿੱਚ ਭੁਪਿੰਦਰ ਫ਼ੌਜੀ, ਜਸਪਾਲ ਅਤਲਾ, ਗੁਰਿੰਦਰ ਔਲਖ ਹੈਪੀ ਨੇ ਸਾਥ ਦਿੱਤਾ, ਅਤੇ ਇਕਾਈ ਨੇ 1000 ਰੁਪਏ ਵੈਨ ਸਹਾਇਤਾ ਦਿੱਤੀ।

29/30-1-26 ਨੂੰ ਇਕਾਈ ਮੋਹਰ ਸਿੰਘ ਵਾਲਾ ਵਿਖੇ ਸਕੂਲਾਂ ਵਿੱਚ ਵੈਨ ਚਲਾਈ ਗਈ, ਬੂਟਾ ਸਿੰਘ ਮੋਹਰ ਸਿੰਘ ਵਾਲਾ, ਸੁਖਵਿੰਦਰ ਬੀਰ ਨੇ ਸਹਿਯੋਗ ਦਿੱਤਾ। ਇਕਾਈ ਖੀਵਾ ਕਲਾਂ ਵਿਖੇ 30/31ਨੂੰ ਵੈਨ ਸਕੂਲਾਂ ਵਿੱਚ ਲਗਾਈ ਗਈ, ਜਿਸ ਵਿੱਚ ਹਰਮੇਸ਼ ਭੋਲਾ ਮੱਤੀ, ਪਰਮਿੰਦਰ ਖੀਵਾ ਕਲਾਂ ਨੇ ਵੈਨ ਦੇ ਨਾਲ ਭਰਪੂਰ ਸਹਿਯੋਗ ਕੀਤਾ ਅਤੇ ਇਕਾਈ ਵੱਲੋਂ 1000 ਰੁਪਏ ਵੈਨ ਸਹਾਇਤਾ ਦਿੱਤੀ ਗਈ।

2 ਫਰਵਰੀ ਨੂੰ ਸਾਹਿਤ ਵੈਨ ਇਕਾਈ ਬੁਢਲਾਡਾ ਵੱਲੋਂ ਚਲਾਈ ਗਈ ਅਤੇ 3-4 ਫਰਵਰੀ ਨੂੰ ਵੈਨ ਕੁਲਰੀਆਂ ਇਕਾਈ ਵੱਲੋਂ ਚਲਾਈ ਗਈ, ਜਿਸ ਵਿੱਚ ਦਰਸ਼ਨ ਆਜ਼ਾਦ, ਅਮਨ ਕੁਲਰੀਆਂ, ਬਬਲੀ ਮੰਡੇਰ ਨੇ ਵੈਨ ਦਾ ਸਹਿਯੋਗ ਕੀਤਾ ਅਤੇ 600 ਰੁਪਏ ਇਕਾਈ ਵੱਲੋਂ ਵੈਨ ਸਹਾਇਤਾ ਦਿੱਤੀ ਗਈ। 6-2-26 ਨੂੰ ਵੈਨ ਬੁਢਲਾਡਾ ਦੇ GIMT ਕਾਲਜ ਵਿਖੇ ਲਗਾਈ ਗਈ ਜਿਸ ਵਿੱਚ, ਸੇਵਾ ਸਿੰਘ ਸੇਖੋਂ, ਮਨਦੀਪ ਗੁਰਨੇ, ਬਲਜੀਤ ਦਿਆਲਪੁਰਾ ਨੇ ਸਹਿਯੋਗ ਕੀਤਾ। 24 ਦਿਨਾਂ ਦੇ ਵੈਨ ਦੇ ਸਫ਼ਰ ਦਾ ਉਦੇਸ਼ ਪੂਰੀ ਤਰ੍ਹਾਂ ਸਫ਼ਲ ਰਿਹਾ ਅਤੇ ਲਗਭਗ 37000 ਰੁਪਏ ਦਾ ਸਾਹਿਤ ਵੰਡਿਆ ਗਿਆ। ਇਕਾਈਆਂ ਵੱਲੋਂ ਵੈਨ ਸਹਾਇਤਾ 6300 ਰੁਪਏ ਕੀਤੀ ਗਈ। ਇੱਕ ਵਿਸ਼ੇਸ ਧੰਨਵਾਦ ਮਾਸਟਰ ਲੱਖਾ ਸਿੰਘ ਸਹਾਰਨਾ ਜੀ ਦਾ ਜਿਨ੍ਹਾਂ ਨੇ ਆਪਣੇ ਬੇਟੇ ਦੇ ਵਿਆਹ ਸਮਾਗਮ ਦੇ ਵਿੱਚ ਸਾਹਿਤ ਵੈਨ ਨੂੰ ਲਿਜਾ ਕੇ ਪ੍ਰਚਾਰ ਕੀਤਾ ਅਤੇ ਵੈਨ ਨੂੰ 2500 ਰੁਪਏ ਸਹਾਇਤਾ ਦਿੱਤੀ।

-ਅੰਮ੍ਰਿਤ ਰਿਸ਼ੀ

ਸਤਿਕਾਰ ਸਮਾਗਮ : ਮਾਤਾ ਬਚਨੀ ਦੇਵੀ

ਪਿੰਡ ਉੱਚਾ (ਕਪੂਰਥਲਾ) ਦੇ ਨਿਵਾਸੀ ਜਮਨਾ ਦਾਸ ਦੀ ਜੀਵਨ ਸਾਥਣ ਮਾਤਾ ਬਚਨੀ ਦੇਵੀ ਦੇ ਦਿਹਾਂਤ ਉਪਰੰਤ ਸਾਰੇ ਪਰਿਵਾਰ ਨੇ ਉਨ੍ਹਾਂ ਦਾ ਮ੍ਰਿਤਕ ਸਰੀਰ ਪਿੰਮਸ ਹਸਪਤਾਲ

ਜਲੰਧਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਲਈ ਭੇਂਟ ਕਰ ਦਿੱਤਾ। 16 ਜਨਵਰੀ ਨੂੰ ਪਰਿਵਾਰ ਵੱਲੋਂ ਧਾਰਮਿਕ ਰਸਮਾਂ ਨੂੰ ਤਿਆਗ ਕੇ ਮਾਤਾ ਬਚਨੀ ਦੇਵੀ ਦੀ ਯਾਦ ਵਿੱਚ ਸਤਿਕਾਰ ਸਮਾਗਮ ਕੀਤਾ ਗਿਆ। ਜਿਸ ਵਿੱਚ ਪਰਿਵਾਰਕ ਮੈਂਬਰ, ਸੱਜਣ ਮਿੱਤਰ, ਰਿਸ਼ਤੇਦਾਰ ਤੇ ਤਰਕਸ਼ੀਲ ਲਹਿਰ ਦੇ ਸਨੇਹੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸਤਿਕਾਰ ਸਮਾਗਮ ਵਿੱਚ ਬੋਲਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਸੱਤਪਾਲ ਸਲੋਹ, ਮਾਸਟਰ ਜਗਦੀਸ਼, ਨਿੰਦਰ ਮਾਈਦਿੱਤਾ, ਰੂਬੀ ਬੰਗਾ, ਬਾਮਸੇਫ ਸੰਗਠਨ ਆਗੂ ਕੁਲਵਿੰਦਰ ਲਾਲ, ਸੰਜੀਵ ਕੁਮਾਰ, ਸੰਦੀਰ ਬੋਧ, ਨਿਤਿਨ ਥਾਬਲਕੇ, ਬੋਧ ਰਾਜ ਕਟਾਣਾ, ਪ੍ਰਿੰਸੀਪਲ ਗੁਰਮੀਤ ਲੁੱਗਾ, ਪਰਵੀਨ ਕੁਮਾਰ ਤੇ ਨਾਟਕਕਾਰ ਮੱਖਣ ਰੱਤੂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮਾਤਾ ਜੀ ਦੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਦੇ ਫੈਸਲੇ ਦੀ ਸਰਾਹਨਾ ਕੀਤੀ। ਉਨ੍ਹਾਂ ਅਜੋਕੇ ਸਮੇਂ ਵਿੱਚ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਲਈ ਅਜਿਹੇ ਕਾਰਜਾਂ ਦੀ ਲੋੜ ਤੇ ਜ਼ੋਰ ਦਿੱਤਾ, ਜਿਹੜੇ ਮਨੁੱਖ ਨੂੰ ਆਪਣੀ ਹੋਣੀ ਦਾ ਮਾਲਕ ਆਪ ਬਣਨ ਲਈ ਪ੍ਰੇਰਦੇ ਹੋਣ। ਬੁਲਾਰਿਆਂ ਨੇ ਪਰਿਵਾਰ ਵੱਲੋਂ ਤਰਕਸ਼ੀਲ ਸੋਚ ਨੂੰ ਅਪਨਾਉਣ ਤੇ ਸਮਾਜ ਵਿੱਚ ਨਵੀਆਂ ਪਿਰਤਾਂ ਪਾਉਣ ਲਈ ਜੁਟਾਏ ਉੱਦਮ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸਮਾਗਮ ਵਿੱਚ ਸ਼ਾਮਲ ਸੱਜਣਾਂ ਦਾ ਤਰਕਸ਼ੀਲ ਆਗੂ ਸੁਖਵਿੰਦਰ ਗੋਗਾ ਨੇ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਂਵਾਰੀ ਸੁਖਦੇਵ ਫਗਵਾੜਾ ਨੇ ਨਿਭਾਈ। ਸਮਾਗਮ ਵਿੱਚ ਸੁਖਵਿੰਦਰ ਲੰਗੇਰੀ ਨੇ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ। ਇਸ ਮੌਕੇ ਮਾਤਾ ਬਚਨੀ ਦੇਵੀ ਦੀ ਯਾਦ ਵਿੱਚ ਲਗਾਏ ਗਏ ਮੈਡੀਕਲ ਕੈਂਪ ਵਿੱਚ ਮੁਫ਼ਤ ਟੈਸਟ ਕਰਕੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਸਤਿਕਾਰ ਸਮਾਗਮ ਵਿੱਚ ਪਹੁੰਚੇ ਸਨੇਹੀਆਂ ਨੂੰ ਪੌਦੇ ਵੀ ਵੰਡੇ ਗਏ। *-ਨਿੰਦਰ ਮਾਈਦਿੱਤਾ*

ਇਕਾਈ ਨਵਾਂ ਸ਼ਹਿਰ ਵੱਲੋਂ ਪਰਿਵਾਰਕ ਮਿਲਣੀ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਨਵਾਂਸ਼ਹਿਰ ਵੱਲੋ ਤਰਕਸ਼ੀਲ ਪਰਿਵਾਰਕ ਮਿਲਣੀ ਦਾ ਅਯੋਜਨ ਬਲਵਿੰਦਰ ਕੌਰ ਸਲੋਹ ਇਕਾਈ ਜਥੇਬੰਦਕ ਮੁਖੀ ਦੇ ਘਰ ਸਲੋਹ ਵਿਖੇ ਕੀਤਾ ਗਿਆ। ਇਸ ਪਰਿਵਾਰਕ ਮਿਲਣੀ 'ਚ ਜੋਨ ਨਵਾਂਸ਼ਹਿਰ ਦੀਆਂ ਇਕਾਈਆਂ ਬੰਗਾ, ਗੜ੍ਹਸ਼ੰਕਰ ਅਤੇ ਨਵਾਂਸ਼ਹਿਰ ਦੇ ਸਮੁੱਚੇ ਪਰਿਵਾਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਚਰਚਾ ਦੀ ਸ਼ੁਰੂਆਤ ਸਾਹਿਤ ਦੇ ਵਣਜਾਰੇ ਅਤੇ ਇਕਾਈ ਦੇ ਸਰਗਰਮ ਆਗੂ ਜਸਵੀਰ ਬੇਗਮਪੁਰੀ ਵਲੋਂ ਆਏ ਸਾਥੀਆਂ ਨੂੰ ਜੀ ਆਇਆ ਆਖ ਕੇ ਕੀਤੀ ਗਈ। ਸੀਨੀਅਰ ਆਗੂ ਸੱਤਪਾਲ ਸਲੋਹ ਵਲੋਂ ਸੁਸਾਇਟੀ ਦੀ ਹੋਂਦ, ਸਮਝ, ਉਦੇਸ਼ ਅਤੇ ਕਾਰਜ ਵਿਉਂਤ ਤੇ ਬੋਲਦਿਆਂ ਕੌੜੇ-ਮਿੱਠੇ ਤਜਰਬਿਆਂ ਰਾਹੀ ਵੱਖ ਵੱਖ ਕੇਸਾਂ ਦੀ ਗੱਲ ਕਰਦਿਆਂ ਚਰਚਾ ਨੂੰ ਅੱਗੇ ਤੋਰਿਆ। ਮਾਸਟਰ ਰਾਜ ਕੁਮਾਰ, ਹਰਜਿੰਦਰ ਸੂੰਨੀ ਵੱਲੋਂ ਕੀ? ਕਿਉਂ? ਕਿਵੇਂ? ਦੀ ਸਮਝ ਨੂੰ ਅਪਣਾਉਣ ਲਈ ਜੋਰ ਦਿੱਤਾ। ਔਰਤਾਂ ਦੀ ਭਰਵੀਂ ਸ਼ਮੂਲੀਅਤ ਦੇ ਨਾਲ ਨਾਲ ਪਹਿਲੀ ਵਾਰ ਹਾਜਰ ਹੋਏ ਮੈਂਬਰਾਂ ਨੂੰ ਇਕਾਈ ਵੱਲੋਂ ਸਨਮਾਨ ਵਜੋਂ ਕਿਤਾਬਾਂ ਭੇਂਟ ਕੀਤੀਆ ਗਈਆਂ। ਇਸ ਮਿਲਣੀ ਨੂੰ ਰੋਚਕ ਬਣਾਉਂਦਿਆਂ ਬੱਚਿਆਂ ਬਲਵਿੰਦਰ ਕੌਰ, ਈਸ਼ਾ, ਨਵਨੀਤ, ਕਰਨ ਰੱਤੂ, ਤੇ ਵਿਵੇਕ ਰੱਤੂ ਵੱਲੋਂ ਕਵਿਤਾ ਪੇਸ਼ ਕਰਨ ਦੇ ਨਾਲ ਨਾਲ ਸਵਾਲਾਂ-ਜੁਆਬਾਂ ਦੇ ਜਰੀਏ ਚਰਚਾ 'ਚ ਹਿੱਸਾ ਲਿਆ ਗਿਆ। ਮਾਸਟਰ ਜਗਦੀਸ਼ ਰਾਏਪੁਰ ਡੱਬਾ ਵੱਲੋਂ ਮਰਦਾਂ ਨਾਲੋ ਔਰਤਾਂ ਦੇ ਵੱਧ ਅੰਧਵਿਸ਼ਵਾਸੀ ਹੋਣ ਦੇ ਨੁਕਸਾਨ 'ਤੇ ਚਰਚਾ ਕਰਦਿਆ ਔਰਤਾਂ ਨੂੰ ਸਿਖਿਅਤ ਕਰਨ ਲਈ ਜੋਰ ਦਿੰਦਿਆਂ ਇਕਾਈ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮਿਲਣੀ ਜੁਗਿੰਦਰ ਕੁੱਲੇਵਾਲ, ਸੂਬਾ ਮੁਖੀ ਸੱਭਿਆਚਾਰ ਵਿਭਾਗ ਦੀ ਨਿਗਰਾਨੀ ਹੇਠ ਨੇਪਰੇ ਚਾੜ੍ਹੀ ਗਈ। ਸਟੇਜ ਦਾ ਸੰਚਾਲਨ ਨਿੰਦਰ ਮਾਈਦਿੱਤਾ ਵਲੋ ਕੀਤਾ ਗਿਆ। ਇਸ ਮੌਕੇ ਜਸਵੀਰ ਬੇਗਮਪੁਰੀ ਵਲੋ ਬੇਟੇ ਤੇ ਬਹੂ ਦੀ ਪਹਿਲੀ ਸਾਲਗਿਰ੍ਹਾ ਦੀ ਖੁਸ਼ੀ ਵਿਚ ਇਕਾਈ ਨੂੰ ਮਾਇਕ ਸਹਾਇਤਾ ਦਿੱਤੀ ਗਈ।

ਨਿੰਦਰ ਮਾਈਦਿੱਤਾ

27 ਵਾਂ ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ

ਮਾਘੀ ਮੇਲਾ ਮੁਕਤਸਰ ਵਿਖੇ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਮੁਕਤਸਰ-ਫ਼ਾਜ਼ਲਿਕਾ ਵੱਲੋਂ 14,15 ਤੇ 16 ਜਨਵਰੀ ਨੂੰ ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਤਿੰਨੇ ਦਿਨ ਮੰਚ ਤੋਂ ਨਾਟਕਾਂ, ਗੀਤਾਂ, ਕਵੀਸ਼ਰੀ, ਕੋਰੀਓਗ੍ਰਾਫੀਆਂ ਆਦਿ ਕਲਾ ਵੰਨਗੀਆਂ ਰਾਹੀਂ ਤਰਕਸ਼ੀਲ ਚੇਤਨਾ ਦਾ ਰੰਗ ਬਿਖਰਦਾ ਰਿਹਾ। ਮੇਲੇ ਦੇ ਪਹਿਲੇ ਦਿਨ 14 ਜਨਵਰੀ ਨੂੰ ਅਦਾਕਾਰ ਮੰਚ ਮੁਹਾਲੀ ਵੱਲੋਂ ਡਾ. ਸਾਹਿਬ ਸਿੰਘ ਦਾ ਸੋਲੋ ਨਾਟਕ 'ਤੂੰ ਅਗਲਾ ਵਰਕਾ ਫ਼ੋਲ' ਪੰਡਾਲ ਵਿੱਚ ਜੁੜੇ ਮੇਲੀਆਂ ਨੂੰ ਬੀਤੇ ਤੋਂ ਸਬਕ ਸਿੱਖ ਕੇ ਭਵਿੱਖ ਵਿੱਚ ਚੰਗੇਰੇ ਸਮਾਜ ਲਈ ਸਾਬਤ ਕਦਮੀਂ ਤੁਰਨ ਦਾ ਸੁਨੇਹਾ ਦੇ ਗਿਆ। ਇਸੇ ਦਿਨ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਪੰਡਾਲ ਵਿੱਚ ਜੁੜੇ ਮੇਲੀਆਂ ਨੂੰ ਸੰਬੋਧਨ ਕਰਦਿਆਂ ਆਪਣੀ ਭਾਵਪੂਰਤ ਤਕਰੀਰ ਰਾਹੀਂ ਭਰਮ ਮੁਕਤ ਸਮਾਜ ਦੀ ਸਿਰਜਣਾ

ਲਈ ਅੰਧਵਿਸ਼ਵਾਸਾਂ ਨੂੰ ਤਿਆਗ ਕੇ ਤਰਕਸ਼ੀਲ ਵਿਚਾਰਾਂ ਦੀ ਰੌਸ਼ਨੀ ਨਾਲ ਭਵਿੱਖ ਸੰਵਾਰਨ ਦਾ ਸੱਦਾ ਦਿੱਤਾ। ਡੇਰਾ ਭਾਈ ਮਸਤਾਨ ਸਿੰਘ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਅਮੋਲਕ ਸਿੰਘ ਦੇ ਲਿਖੇ ਗ਼ਦਰ ਦੇ ਗੀਤ ਉੱਪਰ ਤਜਿੰਦਰ ਸਿੰਘ ਦੀ ਨਿਰਦੇਸ਼ਨਾ ਹੇਠ ਪੇਸ਼ ਕੀਤੀ ਕੋਰਿਓਗ੍ਰਾਫੀ ਬੀਬੀ ਗੁਲਾਬ ਕੌਰ ਤੇ ਹੋਰ ਗ਼ਦਰੀ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਮੰਚ ਤੇ ਰੂਪਮਾਨ ਕਰ ਗਈ। ਮੇਲੇ ਵਿੱਚ ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਦੀ ਅਗਵਾਈ ਵਿੱਚ ਲੋਕ ਪੱਖੀ ਗੀਤਾਂ ਤੇ ਬੋਲੀਆਂ ਨਾਲ ਹਾਜ਼ਰੀ ਲਵਾਈ। ਮੇਲੇ ਦੇ ਦੂਸਰੇ ਦਿਨ ਪੀਪਲਜ਼ ਆਰਟ ਪਟਿਆਲ਼ਾ ਨੇ ਸਤਪਾਲ ਬੰਗਾ ਦੀ ਨਿਰਦੇਸ਼ਨਾ ਹੇਠ ਤੇ ਤੀਸਰੇ ਦਿਨ ਚੰਡੀਗੜ੍ਹ ਸਕੂਲ ਆਫ਼ ਦੀ ਨਾਟਕ ਟੀਮ ਨੇ ਨਾਟਕਾਂ ਤੇ ਕੋਰੀਓਗ੍ਰਾਫੀਆਂ ਦਾ ਮੰਚਨ ਕੀਤਾ। ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਵੱਲੋਂ ਪੇਸ਼ ਕੀਤੀਆਂ ਕਵੀਸ਼ਰੀਆਂ ਨੇ ਲੋਕ ਮਨਾਂ ਤੇ ਚੇਤਨਾ ਦੀ ਦਸਤਕ ਦਿੱਤੀ। ਸੁਖਦੇਵ ਮਲੂਕਪੁਰੀ ਨੇ ਮੇਲੇ ਵਿਚ ਜਾਦੂ ਕਲਾ ਦੇ ਭੇਦ ਸਮਝਾਏ। ਮੇਲੀਆਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨ, ਉਨ੍ਹਾਂ ਦੇ ਹੱਥਾਂ ਵਿੱਚ ਪੁਸਤਕਾਂ ਦੇਣ ਤੇ ਤਰਕਸ਼ੀਲ ਮੈਗਜ਼ੀਨ ਦੇ ਚੰਦੇ ਕੱਟਣ ਦੀ ਅਹਿਮ ਜ਼ਿੰਮੇਂਵਾਰੀ ਬੂਟਾ ਸਿੰਘ ਵਾਕਫ਼, ਜਗਦੀਸ਼ ਕਿੱਕਰ ਖੇੜਾ, ਸੰਜੇ ਕੁਮਾਰ, ਕੇ.ਸੀ.ਰੁਪਾਣਾ, ਡਾ.ਅਵਤਾਰ ਦੀਪ, ਦੇਵ ਮਹਿਰਾਜ ਤੇ ਗੁਰਦੇਵ ਵਾਦੀਆਂ ਨੇ ਬਾਖੂਬੀ ਨਿਭਾਈ। ਮੇਲੇ ਦੀ ਸਫ਼ਲਤਾ ਲਈ ਗੁਰਮੀਤ ਭਲਵਾਨ ਖੋਖਰ, ਰੰਗਕਰਮੀ ਤਜਿੰਦਰ ਸਿੰਘ, ਬਲਦੇਵ ਲੱਧੂ ਵਾਲਾ, ਜਸਵੰਤ ਸਿੰਘ, ਅੰਗਰੇਜ ਖੋਖਰ, ਵਿਨੋਦ ਬਾਰੇਕਾ, ਅਮੋਲਕ ਸਿੰਘ ਆਜ਼ਾਦ ਤੇ ਪਰਮਿੰਦਰ ਖੋਖਰ ਦਾ ਪੂਰਾ ਯੋਗਦਾਨ ਰਿਹਾ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦਾ ਭਰਵਾਂ ਭਰਾਤਰੀ ਸਹਿਯੋਗ ਮਿਲਿਆ। ਸਮੁੱਚੇ ਪ੍ਰਬੰਧਾਂ ਤੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜ਼ੋਨ ਪ੍ਰਧਾਨ ਪ੍ਰਵੀਨ ਜੰਡਵਾਲਾ, ਤਰਕਸ਼ੀਲ ਪਥ ਦੇ ਸੰਪਾਦਕ ਕੁਲਜੀਤ ਡੰਗਰ ਖੇੜਾ ਤੇ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ।

ਬੂਟਾ ਸਿੰਘ ਵਾਕ.ਫ,

ਮਾਘੀ ਮੇਲਾ ਜੱਸੀ ਬਾਗ ਵਾਲੀ

ਹਰ ਸਾਲ ਦੀ ਤਰ੍ਹਾਂ ਪਿੰਡ ਜੱਸੀ ਬਾਗ ਵਾਲੀ ਵਿਖੇ ਬਠਿੰਡਾ ਇਕਾਈ ਵੱਲੋਂ ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਲਈ 14 ਜਨਵਰੀ ਨੂੰ ਤਰਕਸ਼ੀਲ ਪ੍ਰੋਗਰਾਮ ਦਿੱਤਾ ਗਿਆ। ਇਸ ਵਿੱਚ ਪੁਸਤਕ ਪ੍ਰਦਰਸ਼ਨੀ, ਤਰਕਸ਼ੀਲ ਪ੍ਰਦਰਸ਼ਨੀ, ਜਾਦੂ ਸ਼ੋਅ, ਸਟੇਜ ਤੋਂ ਲੈਕਚਰ ਅਤੇ ਗੀਤ ਆਦਿ ਪੇਸ਼ ਕੀਤੇ ਗਏ। ਡੱਬਵਾਲੀ ਇਕਾਈ ਤੋਂ ਜਗਤਾਰ ਸਿੰਘ ਅਤੇ ਤਰਸੇਮ ਮਿੱਠੜੀ ਦੇ ਨਾਲ ਕੁਲਵੰਤ ਬਠਿੰਡਾ ਵੱਲੋਂ ਲਗਾਤਾਰ ਜਾਦੂ ਦੇ ਟਰਿੱਕ ਦਿਖਾਉਂਦਿਆਂ, ਰਾਜਨੀਤਕ ਸਮਾਜਿਕ ਵਿਅੰਗ ਕਰਦਿਆਂ ਵਿਗਿਆਨਕ ਵਿਚਾਰਾਂ ਦਾ ਪ੍ਰਦਰਸ਼ਨ ਕੀਤਾ।

ਸਟੇਜ ਸੰਚਾਲਨ ਕਰਦਿਆਂ ਰਾਮ ਸਿੰਘ ਨਿਰਮਾਣ ਨੇ ਅਖੌਤੀ ਸਾਧਾਂ-ਸੰਤਾਂ ਤੇ ਤਾਂਤਰਿਕਾਂ ਵੱਲੋਂ ਫੈਲਾਏ ਜਾਂਦੇ ਭਰਮ ਜਾਲ ਦਾ ਪਰਦਾ ਚੁੱਕਦਿਆਂ ਇਹਨਾਂ ਦੇ ਵਿਗਿਆਨਕ ਹੱਲ ਅਤੇ ਹਰ ਸ਼ਨਿਚਰਵਾਰ ਬਠਿੰਡਾ ਵਿਖੇ ਅਜਿਹੇ ਮਾਮਲਿਆਂ ਦੀ ਕੌਂਸਲਿੰਗ ਬਾਰੇ ਚਾਨਣਾ ਪਾਇਆ।

ਪੁਸਤਕ ਪ੍ਰਦਰਸ਼ਨੀ ਵਿੱਚ ਮੇਲੀਆਂ ਵੱਲੋਂ ਵੱਡੀ ਤਦਾਦ ਵਿੱਚ ਸਾਹਿਤ ਦੀ ਖਰੀਦ ਕੀਤੀ ਗਈ। ਅਜਿਹੇ ਪ੍ਰੋਗਰਾਮ ਵਿੱਚ ਖਰਚਿਆਂ ਨੂੰ ਸੀਮਤ ਕਰਨ ਲਈ ਛੋਟਾ ਟੈਂਟ ਅਤੇ ਸਟੇਜ ਲਈ ਟਰਾਲੀ ਵਗੈਰਾ ਦਾ ਪ੍ਰਬੰਧ ਇਸ ਵਾਰ ਵੀ ਅਮਰਜੀਤ ਸਿੰਘ ਮੈਂਬਰ ਪੰਚਾਇਤ ਨੇ ਕੀਤਾ। ਇਸ ਮੌਕੇ 1800 ਰੁਪਏ ਸਟੇਜੀ ਸਹਾਇਤਾ ਵੀ ਹੋਈ।

ਜਿੱਥੇ ਇਸ ਪ੍ਰੋਗਰਾਮ ਦੀ ਸਫਲਤਾ ਲਈ ਡੱਬਵਾਲੀ ਇਕਾਈ ਤੋਂ ਦਾ ਸਹਿਯੋਗ ਰਿਹਾ ਉੱਥੇ ਬਠਿੰਡਾ ਇਕਾਈ ਤੋਂ ਗਿਆਨ ਸਿੰਘ, ਰਾਜਪਾਲ, ਹਾਕਮ ਸਿੰਘ, ਜੋਗਿੰਦਰ ਜਿਲੇਦਾਰ ਮਾਸਟਰ ਜੋਗਿੰਦਰ ਸਿੰਘ, ਭੋਲਾ ਸਿੰਘ ਚੁੱਘੇ ਕਲਾਂ, ਨਵੇਂ ਮੈਂਬਰ ਹਰਦੀਪ ਸਿੰਘ ਅਤੇ ਗੁਰਤੇਜ ਤੇਜੀ ਘੁੱਦਾ, ਭੂਰਾ ਸਿੰਘ ਮਹਿਮਾ ਸਰਜਾ ਅਤੇ ਡਾਕਟਰ ਨਿਰਮਲ ਫੱਲ੍ਹੜ (ਜੋ ਹਰ ਸਾਲ ਚਾਹ ਪਾਣੀ ਰੋਟੀ ਦਾ ਪ੍ਰਬੰਧ ਕਰਦੇ ਹਨ) ਨੇ ਯੋਗਦਾਨ ਪਾਇਆ।

***

ਇਕਾਈ ਸ਼ਾਹਕੋਟ ਨੂੰ ਸਹਾਇਤਾ

1. ਸ. ਸੋਹਣ ਸਿੰਘ ਥਿੰਦ (USA)	25000/-
2. ਸ. ਪਰਮਜੀਤ ਸਿੰਘ, ਹੀਰਾ ਫਾਰਮ	3100/-
3. ਰਾਮਗੜ੍ਹੀਆ ਪਬਲਿਕ ਸਕੂਲ, ਸ਼ਾਹਕੋਟ	5000/-
4. ਰਾਜਾ ਯੂ. ਕੇ.	5000/-

ਮੈਗਜ਼ੀਨ ਨੂੰ ਸਹਾਇਤਾ

ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਆਪਣੇ ਸਪੁੱਤਰ ਲਵਪ੍ਰੀਤ ਸਿੰਘ ਦਾ ਸੁਭ ਵਿਆਹ ਰਮਨਦੀਪ ਕੌਰ ਸਪੁੱਤਰੀ ਦੀਦਾਰ ਸਿੰਘ/ ਬਲਜੀਤ ਕੌਰ ਨਿਵਾਸੀ ਬੋਪਾਰਾਏ ਕਲਾਂ ਜਿਲਾ ਜਲੰਧਰ ਨਾਲ ਹੋਣ ਦੀ ਖੁਸ਼ੀ ਵਿੱਚ ਤਰਕਸ਼ੀਲ ਪਰਚੇ ਨੂੰ 1000 ਰੁਪਏ ਸਹਾਇਤਾ ਦਿੱਤੀ1

ਮੀਡੀਆ ਵਿਭਾਗ ਵੱਲੋਂ ਵਿਸ਼ੇਸ ਸੂਬਾਈ ਮੀਟਿੰਗ

ਪ੍ਰਿੰਟ ਅਤੇ ਬਿਜਲਈ ਮੀਡੀਆ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਸਰਗਰਮੀਆਂ ਅਤੇ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਤਰਕਸ਼ੀਲ਼ ਸੁਸਾਇਟੀ ਦੇ ਮੀਡੀਆ ਵਿਭਾਗ ਦੀ ਇੱਕ ਵਿਸ਼ੇਸ਼ ਸੂਬਾ-ਪੱਧਰੀ ਮੀਟਿੰਗ 1 ਫਰਵਰੀ ਨੂੰ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਦੀ ਪ੍ਰਧਾਨਗੀ ਹੇਠ ਸੁਸਾਇਟੀ ਦੇ ਲੁਧਿਆਣਾ ਜ਼ੋਨ ਦੇ ਦਫ਼ਤਰ ਵਿਖੇ ਹੋਈ। ਜਿਸ ਵਿੱਚ ਮੌਜੂਦਾ ਸਮਿਆਂ ਵਿੱਚ ਤਰਕਸ਼ੀਲ਼ ਸੁਸਾਇਟੀ ਦੇ ਜੋਨ ਅਤੇ ਇਕਾਈ ਪੱਧਰ ਦੇ ਮੀਡੀਆ ਵਿਭਾਗਾਂ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਜੋਨ ਮੀਡੀਆ ਮੁਖੀਆਂ ਰਾਮ ਸਿੰਘ ਬੰਗ ਪਟਿਆਲਾ, ਹਰਚੰਦ ਭਿੰਡਰ ਲੁਧਿਆਣਾ, ਸੀਤਾ ਰਾਮ ਬਾਲਦ ਕਲਾਂ ਬਰਨਾਲਾ-ਸੰਗਰੂਰ, ਵਿਜੇ ਰਾਹੀ ਜਲੰਧਰ, ਰਾਮ ਸਿੰਘ ਨਿਰਮਾਣ ਬਠਿੰਡਾ, ਨਿੰਦਰ ਮਾਈਦਿੱਤਾ ਅਤੇ ਬਲਜਿੰਦਰ ਸ਼ਾਹਬਾਜ਼ਪੁਰੀ ਨਵਾਂ ਸ਼ਹਿਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਕਾਰਪੋਰੇਟ ਅਦਾਰਿਆਂ ਤੇ ਸਾਮਰਾਜੀ ਹਕੂਮਤਾਂ ਦੀ ਸਰਪ੍ਰਸਤੀ ਹੇਠ ਪ੍ਰਿੰਟ ਅਤੇ ਬਿਜਲਈ ਮੀਡੀਆ ਵਿੱਚ ਅੰਧ ਵਿਸ਼ਵਾਸ, ਪਾਖੰਡਵਾਦ, ਭਗਵਾਂਕਰਨ, ਅਖੌਤੀ ਚਮਤਕਾਰ ਅਤੇ ਫਿਰਕਾਪ੍ਰਸਤੀ ਫੈਲਾਉਣ ਵਾਲੀਆਂ ਰੂੜੀਵਾਦੀ ਤਾਕਤਾਂ, ਪਾਖੰਡੀ ਬਾਬਿਆਂ, ਜੋਤਸ਼ੀਆਂ, ਡੇਰਾਵਾਦੀਆਂ ਅਤੇ ਧਾਰਮਿਕ ਕੱਟੜਵਾਦੀਆਂ ਦਾ ਗੁੰਮਰਾਹਕੁੰਨ ਅਤੇ ਗੈਰਵਿਗਿਆਨਕ ਪ੍ਰਚਾਰ ਵੱਧ ਰਿਹਾ ਹੈ ਜਿਸਦਾ ਮੁਕਾਬਲਾ ਕਰਨ ਲਈ ਤਰਕਸ਼ੀਲ਼ ਕਾਰਕੁਨਾਂ ਨੂੰ ਮੀਡੀਆ ਵਿੱਚ ਵੱਧ ਸਰਗਰਮ ਹੋਣ ਦੀ ਲੋੜ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਕਿਸੇ ਵੀ ਜਥੇਬੰਦੀ ਦਾ ਮੀਡੀਆ ਵਿਭਾਗ ਉਸ ਦੀ ਰੀੜ ਦੀ ਹੱਡੀ ਵਾਂਗ ਹੁੰਦਾ ਹੈ ਜਿਸਨੇ ਜਥੇਬੰਦੀ ਦੀ ਵਿਚਾਰਧਾਰਾ ਅਤੇ ਵੱਖ ਵੱਖ ਪੱਧਰ ਦੀਆਂ ਸਰਗਰਮੀਆਂ ਨੂੰ ਸਮਾਜ ਦੇ ਹਰ ਖੇਤਰ ਅਤੇ ਵਰਗਾਂ ਦੇ ਲੋਕਾਂ ਤੱਕ ਲਗਾਤਾਰ ਪਹੁੰਚਾਉਣ ਦੀ ਜ਼ਿੰਮੇਂਵਾਰੀ ਨਿਭਾ ਕੇ ਜਥੇਬੰਦੀ ਨੂੰ ਮਜ਼ਬੂਤ ਕਰਨਾ ਹੁੰਦਾ ਹੈ।

ਮੀਟਿੰਗ ਵਿੱਚ ਇਕਾਈ ਆਗੂਆਂ ਸਤੀਸ਼ ਸਚਦੇਵਾ, ਧਰਮਪਾਲ ਸਿੰਘ, ਪੂਰਨ ਸਿੰਘ ਗੁਜਰਾਂ, ਜਗਤਾਰ ਦੋਰਾਹਾ, ਕਮਲਜੀਤ ਸਿੰਘ ਨੇ ਇਸ ਸਬੰਧੀ ਆਪਣੇ ਵਿਚਾਰ ਰੱਖੇ। ਇਸ ਮੌਕੇ ਤਰਕਸ਼ੀਲ ਆਗੂ ਸੁਰਿੰਦਰ ਉਪਲੀ, ਗੁਰਜੰਟ ਸਿੰਘ, ਗੁਰਦੀਪ ਲਹਿਰਾ ਅਤੇ ਇੰਦਰਜੀਤ ਕੌਰ ਵੀ ਸ਼ਾਮਿਲ ਸਨ।

ਮਾਨਸਿਕ ਰੋਗਾਂ ਬਾਰੇ ਵਿਸ਼ੇਸ਼ ਵਰਕਸ਼ਾਪ

ਪਟਿਆਲਾ ਦੇ ਬੰਗ ਮੀਡੀਆ ਕੰਪਲੈਕਸ ਵਿਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪਟਿਆਲਾ ਜ਼ੋਨ ਵੱਲੋਂ ਮਾਨਸਿਕ ਰੋਗਾਂ ਬਾਰੇ ਲਾਈ ਗਈ ਇੱਕ ਵਿਸ਼ੇਸ਼ ਵਰਕਸ਼ਾਪ ਵਿੱਚ ਸੁਸਾਇਟੀ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ ਅਤੇ ਤਰਕਸ਼ੀਲ ਮੈਗਜੀਨ ਦੇ ਸਾਬਕਾ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਵਿਸ਼ੇਸ਼ ਤੌਰ ਤੇ ਪਹੁੰਚੇ।

ਇਸ ਮੌਕੇ ਹਾਜ਼ਰ ਤਰਕਸ਼ੀਲ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਜੁਝਾਰ ਲੌਂਗੋਵਾਲ ਨੇ ਕਿਹਾ ਕਿ ਇਸ ਪੂੰਜੀਵਾਦੀ ਵਿਵਸਥਾ ਵਿਚ ਸਮਾਜ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਹੋਰ ਵੱਧ ਗਈਆਂ ਹਨ ਅਤੇ ਇਸ ਦੇ ਸਵਰੂਪ ਵੀ ਬਦਲਦੇ ਜਾ ਰਹੇ ਹਨ।

ਸੁਸਾਇਟੀ ਕੋਲ ਪਹਿਲਾਂ ਭੂਤਾਂ ਪਰੇਤਾਂ, ਟੂਣਿਆਂ ਅਤੇ ਘਰ ਵਿੱਚ ਰੋੜੇ ਵੱਜਣ ਜਾਂ ਕਪੜੇ ਕੱਟੇ ਜਾਣ ਦੇ ਕੇਸ ਆਉਂਦੇ ਸਨ ਪਰ ਅੱਜ ਕੱਲ੍ਹ ਆਰਥਿਕ ਅਤੇ ਸਮਾਜਿਕ ਤੰਗੀਆਂ ਦੇ ਕਾਰਨ ਪੈਦਾ ਹੋਏ ਰੋਗਾਂ ਦੇ ਕੇਸ ਮਾਨਸਿਕ ਸਿਹਤ ਮਸ਼ਵਰਾ ਕੇਂਦਰਾਂ ਵਿੱਚ ਆ ਰਹੇ ਹਨ। ਇਸ ਤੋਂ ਇਹ ਸਪਸ਼ਟ ਹੁੰਦਾ ਕਿ ਮੌਜੂਦਾ ਪੂੰਜੀਵਾਦੀ ਪ੍ਰਬੰਧ ਵਿਚ ਸਮਾਜੀ ਰਿਸ਼ਤਿਆਂ ਵਿਚ ਤਣਾਉ ਵੱਧ ਰਿਹਾ ਹੈ ਜੋ ਮਾਨਸਿਕ ਰੋਗਾਂ ਲਈ ਅਧਾਰ ਬਣਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਨਫਰਮੇਸ਼ਨ ਤਕਨਾਲੋਜੀ ਨਾਲ ਸੰਚਾਰ ਵਿਚ ਭਾਵੇਂ ਤੇਜ਼ੀ ਆਈ ਹੈ ਪਰ ਇਸ ਨੇ ਸਾਡੇ ਸਮਾਜਿਕ ਭਾਈਚਾਰੇ ਨੂੰ ਢਾਹ ਲਾਈ ਹੈ। ਇਸ ਨਾਲ ਆਪਸੀ ਸੰਚਾਰ ਘੱਟ ਰਿਹਾ ਹੈ ਜੋ ਮਾਨਸਿਕ ਸਿਹਤ ਲਈ ਬਹੁਤ ਹਾਨੀਕਾਰਕ ਹੈ।

ਸ੍ਰੀ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਇਹ ਦੌਰ ਵੱਡੀਆਂ ਤਬਦੀਲੀਆਂ ਦਾ ਦੌਰ ਹੈ। ਸਰਮਾਏਦਾਰੀ ਆਪਣੇ ਆਪ ਨੂੰ ਪ੍ਰਫੁੱਲਿਤ ਕਰਨ ਲਈ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਸ ਵੇਲੇ ਅਜਿਹੀ ਵੱਡੀ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਦੀ ਲੋੜ ਹੈ ਜਿਸ ਨਾਲ ਇਹ ਖਪਤਵਾਦੀ ਪ੍ਰਬੰਧ ਬਦਲਿਆ ਜਾ ਸਕੇ।

ਇਸ ਵਰਕਸ਼ਾਪ ਵਿੱਚ ਜੋਨ ਮੀਡੀਆ ਮੁਖੀ ਆਰ. ਐੱਸ. ਬੰਗ, ਕੁਲਵੰਤ ਕੌਰ ਪਟਿਆਲਾ, ਜੋਨ ਜਥੇਬੰਦਕ ਮੁਖੀ ਰਾਮ ਕੁਮਾਰ ਢੱਕੜਬਾ, ਪ੍ਰੋ. ਪੂਰਨ ਸਿੰਘ ਮੁਖੀ ਪਟਿਆਲਾ ਇਕਾਈ ਅਤੇ ਤਰਸੇਮ ਭਵਾਨੀਗੜ੍ਹ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਸ੍ਰੀ ਸਤੀਸ਼ ਕੁਮਾਰ ਆਲੋਵਾਲ, ਗੁਰਤੇਜ ਸਿੰਘ ਘਨੌਰ ਇਕਾਈ ਮੁਖੀ, ਹਰਪਾਲ ਸਿੰਘ, ਉਮੇਸ਼ ਚੰਨੋਂ, ਸੁਖਦੀਪ ਸੁੱਖਾ ਚੰਨੋਂ, ਰਾਜਿੰਦਰ ਸਿੰਘ, ਗੁਰਬਚਨ ਸਿੰਘ, ਗੁਰਿੰਦਰ ਸਿੰਘ, ਜਯੋਤੀ, ਏਕਮਜੋਤ ਸਿੰਘ, ਹਰਸ਼ਪ੍ਰੀਤ ਅਤੇ ਸੁਰੇਸ਼ ਸਿੰਘ ਆਦਿ ਨੇ ਵੀ ਵਰਕਸ਼ਾਪ ਵਿੱਚ ਸ਼ਮੂਲੀਅਤ ਕੀਤੀ ਅਤੇ ਜਾਣਕਾਰੀ ਹਾਸਲ ਕੀਤੀ। ***(ਰਿਪੋਰਟ - ਰਾਮ ਸਿੰਘ ਬੰਗ)***

ਵਾਹ ! ਅਜੀਤ ਪ੍ਰਦੇਸੀ ਜੀ

ਅਜੀਤ ਪ੍ਰਦੇਸੀ (ਜ਼ੋਨ ਮੁਖੀ ਚੰਡੀਗੜ੍ਹ) ਤਰਕਸ਼ੀਲ ਸੋਸਾਇਟੀ ਪੰਜਾਬ ਦੇ ਬਹੁਤ ਹੀ ਸਰਗਰਮ ਅਤੇ ਸਮਰਪਿਤ ਆਗੂ ਹਨ। ਉਹ ਅਕਸਰ ਵੱਡੇ ਨਿਸ਼ਾਨੇ ਮਿਥ ਕੇ ਕੰਮ ਕਰਦੇ ਹਨ ਅਤੇ ਉਨ੍ਹਾਂ ਟੀਚਿਆਂ ਨੂੰ ਸਖਤ ਮਿਹਨਤ ਨਾਲ ਹਾਸਲ ਵੀ ਕਰਦੇ ਹਨ। ਇਸ ਵਾਰ ਉਨ੍ਹਾਂ ਨੇ ਤਰਕਸ਼ੀਲ ਮੈਗਜ਼ੀਨ ਦੇ 500 ਸਾਲਾਨਾ ਚੰਦੇ ਇਕੱਤਰ ਕਰਨ ਦਾ ਟੀਚਾ ਮਿਥਿਆ ਅਤੇ 10 ਫਰਵਰੀ ਤੱਕ ਇਸ ਨੂੰ ਹਾਸਲ ਕਰ ਲਿਆ। ਵੱਡੀ ਗੱਲ ਹੈ ਕਿ ਉਹ ਇਨ੍ਹਾਂ ਮੈਗਜ਼ੀਨਾਂ ਨੂੰ ਸਬੰਧਿਤ ਪਾਠਕ ਤੱਕ ਹੱਥੀਂ ਪਹੁੰਚਾਉਣ ਦਾ ਕਾਰਜ ਵੀ ਕਰਦੇ ਹਨ ਕਿਉਂਕਿ ਡਾਕ ਰਾਹੀਂ ਭੇਜੇ ਬਹੁਤ ਸਾਰੇ ਮੈਗਜ਼ੀਨ ਰਸਤੇ ਵਿੱਚ ਰੁਲ ਜਾਂਦੇ ਹਨ।

ਇਸਤੋ ਅਗਲੀ ਗੱਲ, ਉਨ੍ਹਾਂ ਨੇ ਸੂਬਾ ਕਮੇਟੀ ਕੋਲ ਬਣਦੇ ਪੈਸੇ ਜਮਾਂ ਕਰਵਾਉਣ ਉਪਰੰਤ ਇਨ੍ਹਾਂ ਚੰਦਿਆਂ ਵਿਚੋਂ ਜੋ ਬੱਚਤ ਹੋਈ ਉਸ ਵਿਚੋਂ 12000 ਰੁਪਏ ਰੋਪੜ ਇਕਾਈ ਨੂੰ ਅਤੇ 3000 ਰੁਪਏ ਬੱਸੀ ਪਠਾਣਾਂ ਇਕਾਈ ਨੂੰ ਦੇ ਦਿੱਤੇ। ਅਜਿਹਾ ਤਾਂ ਹੀ ਸੰਭਵ ਹੋਇਆ ਕਿ ਉਨ੍ਹਾਂ ਨੇ ਇਸ ਮੁਹਿੰਮ ਦੌਰਾਨ ਹੋਏ ਆਪਣੇ ਮੋਟਰਸਾਈਕਲ ਦਾ ਤੇਲ ਖਰਚਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਅਜੀਤ ਪ੍ਰਦੇਸੀ ਜੀ ਦੀ ਇਹ ਪ੍ਰਾਪਤੀ ਅਤੇ ਸਮਰਪਣ ਭਾਵਨਾ ਸਾਡੇ ਸਭਨਾਂ ਲਈ ਪ੍ਰੇਰਣਾ ਸ੍ਰੋਤ ਬਣਨਾ ਚਾਹੀਦੀ ਹੈ।

ਸਹਾਇਤਾ

ਇਕਾਈ ਬਠਿੰਡਾ

1. ਆਜ਼ਾਦਵਿੰਦਰ ਸਿੰਘ ਅਤੇ ਭਾਈਵਾਲਾਂ ਵੱਲੋਂ ਆਪਣੇ ਪੈਲੇਸ ਦੇ ਉਦਘਾਟਨ ਮੌਕੇ-11000 ਰੁਪਏ
2. ਸ਼ਾਮ ਲਾਲ ਰਿਟਾਇਰਡ ਲੈਕਚਰਾਰ ਗਰੀਨ ਸਿਟੀ ਬਠਿੰਡਾ- 1000 ਰੁਪਏ
3. ਪ੍ਰਿੰਸੀਪਲ ਗੁਰਪ੍ਰੀਤ ਸਿੰਘ ਸਸਸਸ ਕਿਲੀ ਨਿਹਾਲ ਸਿੰਘ ਵਾਲਾ-500 ਰੁਪਏ
4. ਅਮਰਜੀਤ ਸਿੰਘ ਜੱਸੀ ਬਾਗ ਵਾਲੀ-500 ਰੁਪਏ
5. ਜਗਜੀਤ ਸਿੰਘ ਚੀਮਾ ਰੁਲਦੂ ਸਿੰਘ ਵਾਲਾ-500 ਰੁਪਏ

ਮੈਗਜ਼ੀਨ ਸਹਾਇਤਾ

1. ਸ਼੍ਰੀ ਮੂਲ ਰਾਜ, ਇਕਾਈ ਬਠਿੰਡਾ- 500 ਰੁਪਏ

ਇਕਾਈ ਜਲੰਧਰ

1. ਇਕਾਈ ਮੈਂਬਰ ਸੰਜੀਵ ਸਵੀ ਦੇ ਭਰਾਤਾ ਭਾਰਤ ਭੂਸ਼ਨ (U.K.) ਵੱਲੋਂ - 1000 ਰੁਪਏ
2. ਪਰਮਜੀਤ ਨਾਰੰਗਪੁਰ ਵੱਲੋਂ ਆਪਣੇ ਬੇਟੇ ਦੀ ਸ਼ਾਦੀ ਦੀ ਖੁਸ਼ੀ ਵਿੱਚ - 1100 ਰੁਪਏ

8 ਫਰਵਰੀ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ ਮੌਕੇ ਇਕੱਠੀ ਹੋਈ ਆਰਥਿਕ ਸਹਾਇਤਾ

1. ਕ੍ਰਿਸ਼ਨ ਬਰਗਾੜੀ ਦੇ ਪਰਿਵਾਰ ਵੱਲੋਂ - 10,000 ਰੁਪਏ
2. ਬਿਕਰਮਜੀਤ ਬਠਿੰਡਾ ਵੱਲੋਂ- 1000 ਰੁਪਏ
3. ਪ੍ਰੇਮ ਸਮਾਲਸਰ, ਇਕੱਤਰ ਸੋਢੀ, ਪ੍ਰੋ. ਮਲਕੀਤ ਸਿੰਘ ਖੋਟੇ ਅਤੇ ਕੁਲਦੀਪ ਸਿੰਘ ਜੀਵਨਵਾਲਾ ਵੱਲੋਂ ਸਾਂਝੇ ਤੌਰ 'ਤੇ- 15,000 ਰੁਪਏ
4. ਡਾ. ਤੇਜਿੰਦਰ ਸਿੰਘ MLA ਕੈਨੇਡਾ- 10,000 ਰੁਪਏ
5. ਭਜਨ ਸਿੰਘ ਬਰਾੜ MLA ਕੈਨੇਡਾ- 5000 ਰੁਪਏ
6. ਬਲਦੇਵ ਰਹਿਪਾ ਕੈਨੇਡਾ- 5000 ਰੁਪਏ
7. ਗੁਰਤੇਜ ਕੈਨੇਡਾ (ਭਤੀਜਾ ਅਜੀਤ ਪ੍ਰਦੇਸੀ)- 5000 ਰੁਪਏ
8. ਪ੍ਰੋ. ਪੂਰਨ ਸਿੰਘ ਪਟਿਆਲਾ- 5000 ਰੁਪਏ
9. ਜਰਨੈਲ ਕ੍ਰਾਂਤੀ- 5000 ਰੁਪਏ
10. ਕੁਲਦੀਪ ਮਾਣੂੰਕੇ- 1000 ਰੁਪਏ
11. ਮਾ. ਰਾਮ ਕੁਮਾਰ ਭਦੌੜ- 500 ਰੁਪਏ
12. ਚਰਨਜੀਤ ਕੌਰ (ਇਸਤਰੀ ਜਾਗ੍ਰਿਤੀ ਮੰਚ)- 500 ਰੁਪਏ
13. ਰਾਮ ਸਿੰਘ ਰੱਲਾ- 500 ਰੁਪਏ
14. ਮਿੱਠੂ ਜੰਗੀਰਾਣਾ- 500 ਰੁਪਏ
15. ਸੁਖਦੇਵ ਸਿੰਘ, ਬਰਗਾੜੀ ਗੁੜ ਵਾਲੇ- 500 ਰੁਪਏ

ਇਕਾਈ ਮੋਹਾਲੀ

1. ਸੌਦਾਗਰ ਸਿੰਘ ਗਰੇਵਾਲ ਦੀ ਯਾਦ ਵਿੱਚ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ, ਫੇਜ਼-5, ਮੋਹਾਲੀ ਵੱਲੋਂ - 3000 ਰੁਪਏ
2. ਇੰਦਰਜੀਤ ਸਿੰਘ, ਸੈਕਟਰ 79 ਮੋਹਾਲੀ ਵੱਲੋਂ- 500 ਰੁਪਏ
3. ਤੇਜਿੰਦਰ ਸਿੰਘ, ਸੈਕਟਰ 48, ਚੰਡੀਗੜ੍ਹ ਵੱਲੋਂ-1000 ਰੁਪਏ
4. ਸੰਦੀਪ ਸਿੰਘ, ਸੈਕਟਰ 23, ਚੰਡੀਗੜ੍ਹ ਵਲੋਂ- 500 ਰੁਪਏ

ਇਕਾਈ ਰੋਪੜ ਨੂੰ

1. ਹਰਵਿੰਦਰ ਸੁਖ ਰਾਮਪੁਰੀ, ਮੀਡੀਆ ਮੁਖੀ ਵੱਲੋਂ ਆਪਣੇ ਬੇਟੇ ਜਸਵਿੰਦਰ ਦੀ ਮੰਗਣੀ ਦੀ ਖੁਸ਼ੀ ਵਿੱਚ- 1100 ਰੁਪਏ
2. ਪ੍ਰਸ਼ੋਤਮ ਬੂਰਮਾਜਰਾ ਵੱਲੋਂ ਚੇਤਨਾ ਪਰਖ ਪ੍ਰੀਖਿਆ ਵਿਚੋਂ ਜੋਨ ਪੱਧਰੀ ਇਨਾਮ ਪ੍ਰਾਪਤ ਕਰਨ ਵਾਲੀ ਸਸਸ ਸਕੂਲ ਬੂਰਮਾਜਰਾ ਦੀ ਲੜਕੀ ਸਿਮਰਨਜੀਤ ਕੌਰ ਨੂੰ ਵਿਸ਼ੇਸ਼ ਇਨਾਮ- 500 ਰੁਪਏ

ਜ਼ੋਨ ਚੰਡੀਗੜ੍ਹ ਨੂੰ

1. ਫੌਜੀ ਕੁਲਵਿੰਦਰ ਸਿੰਘ ਖੇੜੀ, ਰੋਪੜ ਵੱਲੋਂ ਆਪਣੇ ਧੀ ਜਵਾਈ ਦੇ ਵਿਦੇਸ਼ ਜਾਣ ਦੀ ਖੁਸ਼ੀ ਵਿੱਚ- 1100 ਰੁਪਏ

ਬਹੁਤ ਪ੍ਰਭਾਵਸ਼ਾਲੀ ਰਿਹਾ 24ਵਾਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਸੂਬਾਈ ਸਮਾਗਮ

ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 24ਵੀਂ ਬਰਸੀ ਦੇ ਸਬੰਧ ਵਿੱਚ 8 ਫਰਵਰੀ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਇਆ ਸੂਬਾਈ ਸਮਾਗਮ ਯਾਦਗਾਰੀ ਹੋ ਨਿਬੜਿਆ। ਇਸ ਮੌਕੇ 'ਅਜੋਕਾ ਮੀਡੀਆ ਅਤੇ ਸਾਡੇ ਕਾਰਜ਼' ਵਿਸ਼ੇ ਸਬੰਧੀ ਕਰਵਾਏ ਇਕ ਸੈਮੀਨਾਰ ਅਤੇ ਸਨਮਾਨ ਸਮਾਗਮ ਦੀ ਪ੍ਰਧਾਨਗੀ ਮੀਡੀਆ ਅਦਾਰੇ 'ਦ ਵਾਇਰ' ਦੀ ਸੀਨੀਅਰ ਸੰਪਾਦਕ ਆਰਿਫਾ ਖ਼ਾਨੁਮ ਸ਼ੇਰਵਾਨੀ, ਮਨੁੱਖੀ ਅਧਿਕਾਰਾਂ ਦੀ ਨਾਮਵਰ ਕਾਰਕੁੰਨ ਡਾ.ਨਵਸ਼ਰਨ, ਤਰਕਸ਼ੀਲ਼ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ, ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਬਰਗਾੜੀ, ਸੂਬਾਈ ਜੱਥੇਬੰਦਕ ਮੁਖੀ ਮਾ. ਰਾਜਿੰਦਰ ਭਦੌੜ, ਦਫ਼ਤਰ ਸਕੱਤਰ ਹੇਮ ਰਾਜ ਸਟੈਨੋ ਅਤੇ ਤਰਕਸ਼ੀਲ਼ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਸਿੰਘ ਨੇ ਕੀਤੀ।

ਪਹਿਲੇ ਸੈਸ਼ਨ ਦੀ ਸ਼ੁਰੂਆਤ ਵਿੱਚ ਕੁਲਵੰਤ ਬਠਿੰਡਾ, ਮੰਦਰ ਜੱਸੀ, ਅਜਮੇਰ ਅਕਲੀਆ, ਜਗਸੀਰ ਜੀਦਾ ਨੇ ਆਪਣੇ ਇਨਕਲਾਬੀ ਗੀਤਾਂ ਨਾਲ ਰੰਗ ਬੰਨ੍ਹਿਆ ਜਦਕਿ ਧਰਮਿੰਦਰ ਮਸਾਣੀ ਨੇ ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ' ਬੁੱਲ੍ਹਾ ਕੀ ਜਾਣਾ ਮੈਂ ਕੌਣ?' ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕਰਕੇ ਵਾਹ ਵਾਹ ਖੱਟੀ। ਰਾਜਪਾਲ ਸਿੰਘ ਨੇ ਮੁੱਖ ਬੁਲਾਰੇ ਆਰਫ਼ਾ ਖ਼ਾਨੁਮ ਸ਼ੇਰਵਾਨੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਆਰਫ਼ਾ ਖ਼ਾਨੁਮ ਸ਼ੇਰਵਾਨੀ ਨੇ ਖਚਾ-ਖੱਚ ਭਰੇ ਹਾਲ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿੱਚ ਹਕੂਮਤੀ ਸਰਪ੍ਰਸਤੀ ਹੇਠ ਫ਼ਿਰਕੂ ਫਾਸ਼ੀਵਾਦ ਬੜੀ ਤੇਜ਼ੀ ਨਾਲ ਵਧ ਰਿਹਾ ਹੈ ਪਰ ਪੰਜਾਬ ਹੱਕ, ਸੱਚ ਅਤੇ ਇਨਸਾਫ਼ ਦੀ ਰਾਖੀ ਲਈ ਵੱਡੀ ਆਸ ਅਤੇ ਉਮੀਦ ਦੀ ਕਿਰਨ ਹੈ, ਜਿਹੜਾ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਲੋਕ ਸੰਘਰਸ਼ਾਂ ਦੀ ਅਗਵਾਈ ਕਰਦਾ ਆ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੀਡੀਏ ਦਾ ਵੱਡਾ ਹਿੱਸਾ ਲੋਕ ਪੱਖੀ ਪੱਤਰਕਾਰੀ ਕਰਨ ਦੀ ਥਾਂ ਹੁਣ ਚਾਪਲੂਸੀ ਕਰਦਾ ਹੋਇਆ ਸਾਮਰਾਜੀ ਹਕੂਮਤਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਦੇਸ਼ ਵਿੱਚ ਫ਼ਿਰਕੂ ਨਫ਼ਰਤ ਅਤੇ ਹਜੂਮੀ ਹਿੰਸਾ ਭੜਕਾਅ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਹੱਕਾਂ ਦੀ ਗੱਲ ਕਰਨ ਵਾਲੇ ਸੋਸ਼ਲ ਮੀਡੀਆ ਅਤੇ ਯੂਟਿਊਬ ਚੈਨਲਾਂ ਉੱਤੇ ਛਾਪਾਮਾਰੀ ਅਤੇ ਪਾਬੰਦੀਆਂ ਲਾ ਕੇ ਉਨ੍ਹਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਸ ਫ਼ਿਰਕੂ ਦੌਰ ਵਿੱਚ ਵਿਗਿਆਨਕ ਚੇਤਨਾ ਦੀ ਲਹਿਰ ਵਿਕਸਤ ਕਰਨ ਲਈ ਤਰਕਸ਼ੀਲ ਸੁਸਾਇਟੀ ਦੀ ਭੂਮਿਕਾ ਨੂੰ ਸਲਾਮ ਕੀਤਾ ਅਤੇ ਇਸਦੇ ਹੋਰ ਪ੍ਰਚਾਰ ਤੇ ਪ੍ਰਸਾਰ ਲਈ ਆਧੁਨਿਕ ਡਿਜੀਟਲ ਤਕਨੀਕਾਂ ਅਪਣਾਉਣ ਦਾ ਸੁਝਾਅ ਦਿੱਤਾ।

ਦੂਜੇ ਸੈਸ਼ਨ ਵਿੱਚ ਜਮਹੂਰੀ ਚਿੰਤਕ ਅਤੇ ਇਨਕਲਾਬੀ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਬੇਟੀ ਡਾ.ਨਵਸ਼ਰਨ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਖੇਤਰ ਵਿੱਚ ਪਾਏ ਅਮੁੱਲੇ ਯੋਗਦਾਨ ਲਈ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ, ਸ਼ਾਲ ਅਤੇ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਆਪਣੀ ਇਨਕਲਾਬੀ ਤਕਰੀਰ ਵਿੱਚ ਡਾ. ਨਵਸ਼ਰਨ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵੱਲੋਂ ਸਿੱਖਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਭਗਵਾਂਕਰਨ ਕਰਕੇ ਵਿਗਿਆਨਕ ਵਿਚਾਰਧਾਰਾ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਵੱਡੇ ਹਮਲੇ ਕੀਤੇ ਜਾ ਰਹੇ ਹਨ ਅਤੇ ਪਿਛਲੇ ਸਮਿਆਂ ਵਿੱਚ ਹਿੰਦੂਤਵੀ ਸੰਗਠਨਾਂ ਵੱਲੋਂ ਤਰਕਸ਼ੀਲ਼ ਬੁੱਧੀਜੀਵੀਆਂ ਨਰਿੰਦਰ ਦਾਭੋਲਕਰ, ਐੱਮ ਐੱਮ ਕਲਬੁਰਗੀ, ਗੋਵਿੰਦ ਪੰਸਾਰੇ,ਅਤੇ ਗੌਰੀ ਲੰਕੇਸ਼ ਦੇ ਕੀਤੇ ਕਤਲ ਹਿੰਦੂਤਵੀ ਫ਼ਾਸ਼ੀਵਾਦ ਦੀ ਸ਼ਰਮਨਾਕ ਮਿਸਾਲ ਹੈ। ਉਨ੍ਹਾਂ ਨੇ ਮੌਜੂਦਾ ਹਕੂਮਤਾਂ ਵੱਲੋਂ ਆਮ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਹਟਾਉਣ ਅਤੇ ਵੋਟਾਂ ਦੀ ਸਿਆਸਤ ਲਈ ਧਾਰਮਿਕ ਕੱਟੜਵਾਦ,ਧਰਮਾਂ, ਜਾਤਾਂ, ਡੇਰਿਆਂ, ਬਾਬਿਆਂ ਦੀ ਫ਼ਿਰਕੂ ਰਾਜਨੀਤੀ ਕਰਨ ਦੀ ਸਖ਼ਤ ਨਿਖੇਧੀ ਕੀਤੀ।

ਬਰਗਾੜੀ ਪਰਿਵਾਰ ਦੇ ਕਰੀਬੀ ਰਾਮ ਕੁਮਾਰ ਭਦੌੜ ਨੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਸਮੇਤ ਵੱਖ ਵੱਖ ਸਮਾਜਿਕ ਖੇਤਰਾਂ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਅਤੇ ਜੀਵਨ ਬਾਰੇ ਚਾਨਣ ਪਾਇਆ। ਮਾਸਟਰ ਰਾਜਿੰਦਰ ਭਦੌੜ ਨੇ ਤਰਕਸ਼ੀਲ ਕਾਫਲੇ 'ਚੋਂ ਵਿਛੜ ਚੁੱਕੇ ਬਾਕੀ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਮਾਗਮ ਵਿੱਚ ਸ਼ਾਮਿਲ ਸਾਰਿਆਂ ਮਹਿਮਾਨਾਂ ਅਤੇ ਸਮਾਗਮ ਲਈ ਵਿੱਤੀ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ ਜਦ ਕਿ ਡਾ.ਨਵਸ਼ਰਨ ਦਾ ਸਨਮਾਨ ਪੱਤਰ ਪੜ੍ਹਨ ਅਤੇ ਸਟੇਜ ਸੰਚਾਲਨ ਦੀ ਜ਼ਿੰਮੇਂਵਾਰੀ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ।

ਇਸ ਮੌਕੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਵੱਲੋਂ ਪੇਸ਼ ਅਤੇ ਸਰਬਸੰਮਤੀ ਨਾਲ ਪਾਸ ਕੀਤੇ ਮਤਿਆਂ ਵਿੱਚ ਪੱਤਰਕਾਰਾਂ ਅਤੇ ਆਰਟੀਆਈ ਕਾਰਕੁਨਾਂ ਉਤੇ ਦਰਜ ਨਜਾਇਜ਼ ਕੇਸ ਰੱਦ ਕਰਨ, ਬਿਜਲੀ ਸੋਧ ਬਿੱਲ, ਬੀਜ ਬਿੱਲ, ਜੀ ਰਾਮਜੀ ਸਕੀਮ ਅਤੇ ਚਾਰ ਕਿਰਤ ਕੋਡ ਰੱਦ ਕਰਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਅਤੇ ਬੀ ਕੇ ਯੂ (ਏਕਤਾ ਉਗਰਾਹਾਂ) ਦੇ ਗ੍ਰਿਫਤਾਰ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ, ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤਾ ਰੱਦ ਕਰਨ, ਆਦਿਵਾਸੀਆਂ ਅਤੇ ਇਨਕਲਾਬੀ ਕਾਰਕੁਨਾਂ ਨੂੰ ਪੁਲੀਸ ਮੁਕਾਬਲਿਆਂ 'ਚ ਮਾਰਨਾ ਬੰਦ ਕਰਨ, ਛੇ ਸਾਲਾਂ ਤੋਂ ਜੇਲ੍ਹਾਂ ਵਿੱਚ ਡੱਕੇ ਉਮਰ ਖ਼ਾਲਿਦ, ਸ਼ਰਜੀਲ ਇਮਾਮ ਸਮੇਤ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਤਮਾਮ ਕੈਦੀਆਂ ਨੂੰ ਰਿਹਾਅ ਕਰਨ, ਬਾਬਾ ਬੁੱਲੇ ਸ਼ਾਹ ਦੀ ਮਜ਼ਾਰ ਤੋੜਨ ਵਾਲੇ ਫ਼ਿਰਕੂ ਅਨਸਰਾਂ ਨੂੰ ਗ੍ਰਿਫਤਾਰ ਕਰਨ ਅਤੇ ਯੂਏਪੀਏ, ਐਨਐਸਏ, ਐਫਸਪਾ ਅਤੇ ਐਨਆਈਏ ਦੇ ਕਾਲੇ ਕਾਨੂੰਨ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

ਸਮਾਗਮ ਦੇ ਸਮੁੱਚੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੂਬਾਈ ਵਿੱਤ ਮੁਖੀ ਰਾਜੇਸ਼ ਅਕਲੀਆ, ਗੁਰਪ੍ਰੀਤ ਸ਼ਹਿਣਾ, ਬਿੰਦਰ ਧਨੌਲਾ ਅਤੇ ਜਰਨੈਲ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ ਜਦਕਿ ਤਰਕਸ਼ੀਲ ਆਗੂ ਜਸਵੀਰ ਸੋਨੀ ਦੀ ਦੇਖ ਰੇਖ ਹੇਠ ਤਰਕਸ਼ੀਲ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਗਈ।

ਸੁਮੀਤ ਅੰਮ੍ਰਿਤਸਰ, ਸੂਬਾਈ ਮੀਡੀਆ ਮੁਖੀ

ਅਦਾਰਾ ਸੂਹੀ ਸਵੇਰ ਵੱਲੋਂ ਤਰਕਸ਼ੀਲ ਸੋਸਾਇਟੀ ਦਾ ਸਨਮਾਨ

''ਦਰਪੇਸ਼ ਚੁਣੌਤੀਆਂ ਦਾ ਟਾਕਰਾ ਕਰਨ ਸਭ ਨੂੰ ਮਿਲ ਕੇ ਕੰਮ ਕਰਨ ਦੀ ਜਰੂਰਤ'' -ਹਾਮਿਦ ਦਭੋਲਕਰ

'ਅੱਜ ਦੇਸ਼ ਵਿੱਚ ਵਿਗਿਆਨਕ ਸੋਚ ਦੇ ਫੈਲਾਅ ਅੱਗੇ ਤਿੰਨ ਮੁੱਖ ਚੁਣੌਤੀਆਂ ਹਨ- ਪਹਿਲੀ ਹੈ ਕਾਰਪੋਰੇਟ ਸਟਾਈਲ ਬਾਬੇ, ਜਿਨ੍ਹਾਂ ਕੋਲ ਬਹੁਤ ਪੈਸਾ ਅਤੇ ਵੱਡਾ ਪ੍ਰਭਾਵ ਹੈ, ਜਿਵੇਂ ਸ਼੍ਰੀ ਸ਼੍ਰੀ ਰਵੀ ਸ਼ੰਕਰ, ਰਾਮਦੇਵ, ਜੱਗੀ ਵਾਸਦੇਵ, ਬਾਗੇਸ਼ਵਰ ਬਾਬਾ, ਗੁਰਿੰਦਰ ਢਿੱਲੋਂ ਆਦਿ। ਦੂਸਰੀ ਚੁਣੌਤੀ ਹੈ ਕਿ ਰਾਜਸੀ ਸੱਤਾ ਵਿਗਿਆਨ ਵਿਰੋਧੀ ਅਤੇ ਫਿਰਕਾਪ੍ਰਸਤ ਤਾਕਤਾਂ ਦੇ ਹੱਥ ਹੈ ਅਤੇ ਤੀਸਰੀ ਹੈ ਸੋਸ਼ਲ ਮੀਡੀਆ ਦੀ ਅਫ਼ਵਾਹਾਂ ਅਤੇ ਅੰਧਵਿਸ਼ਵਾਸ ਫੈਲਾਉਣ ਲਈ ਕੀਤੀ ਜਾ ਰਹੀ ਦੁਰਵਰਤੋਂ। ਇਸ ਦੇ ਮੁਕਾਬਲੇ ਲਈ ਸਾਨੂੰ ਸਭ ਲੋਕ-ਪੱਖੀ ਸ਼ਕਤੀਆਂ ਨੂੰ ਨਾਲ ਲੈ ਕੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਪ੍ਰਚਾਰ ਕਰਨ ਦੀ ਜਰੂਰਤ ਹੈ ਅਤੇ ਇਸ ਦੇ ਨਾਲ ਨਾਲ ਧਾਰਮਿਕ ਰਸਮਾਂ ਦੀ ਚੀਰਫਾੜ ਅਤੇ ਸ਼ੋਸ਼ਣ ਕਰਨ ਵਾਲੇ ਅੰਧਵਿਸ਼ਵਾਸਾਂ ਦਾ ਖੰਡਨ ਕਰਨਾ ਵੀ ਜਰੂਰੀ ਹੈ।' ਇਹ ਵਿਚਾਰ ਸੂਹੀ ਸਵੇਰ ਦੇ ਸਾਲਾਨਾ ਸਮਾਗਮ ਵਿੱਚ ਅੰਧਸ਼ਰਧਾ ਨਿਰਮੂਲਨ ਸਮਿਤੀ ਮਹਾਂਰਾਸ਼ਟਰ ਦੇ ਆਗੂ ਹਾਮਿਦ ਦਭੋਲਕਰ ਨੇ ਪੇਸ਼ ਕੀਤੇ। ਵਰਣਨਯੋਗ ਹੈ ਕਿ ਹਾਮਿਦ ਦਭੋਲਕਰ ਸ਼੍ਰੀ ਨਰਿੰਦਰ ਦਭੋਲਕਰ ਦੇ ਬੇਟੇ ਹਨ, ਜਿਨ੍ਹਾਂ ਨੂੰ 2013 ਵਿੱਚ ਹਿੰਦੂ ਕੱਟੜਵਾਦੀਆਂ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ।

ਅਦਾਰਾ ਸੂਹੀ ਸਵੇਰ ਵੱਲੋਂ 15 ਫਰਵਰੀ ਨੂੰ ਵਿਗਿਆਨਕ ਸੋਚ ਦਾ ਪਾਸਾਰ ਲਈ ਤਰਕਸ਼ੀਲ ਸੋਸਾਇਟੀ ਪੰਜਾਬ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂਆਂ ਰਾਜਿੰਦਰ ਭਦੌੜ, ਜਸਵੰਤ ਮੋਹਾਲੀ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ, ਜਸਵਿੰਦਰ ਫਗਵਾੜਾ, ਮੋਹਨ ਬਡਲਾ, ਰਾਜਪਾਲ ਅਤੇ ਜਸਵੰਤ ਜੀਰਖ਼ ਨੇ ਪ੍ਰਾਪਤ ਕੀਤਾ। ਇਸ ਮੌਕੇ ਬੋਲਦਿਆਂ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਇਤਿਹਾਸ, ਇਸ ਦੇ ਕਾਰਜਾਂ ਅਤੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਤੋਂ ਬਾਅਦ ਐਡਵੋਕੇਟ ਹਰਿੰਦਰ ਲਾਲੀ ਨੇ ਪੰਜਾਬ ਅਤੇ ਭਾਰਤ ਵਿੱਚ ਕੀਤੇ ਜਾ ਰਹੇ ਤਰਕਸ਼ੀਲ ਪ੍ਰਚਾਰ ਬਾਰੇ ਵਿਚਾਰ ਸਾਂਝੇ ਕੀਤੇ। ਅਦਾਰਾ ਸੂਹੀ ਸਵੇਰ ਦੇ ਮੁਖੀ ਸ਼ਿਵਇੰਦਰ ਸਿੰਘ ਵੱਲੋਂ ਸਮੁੱਚੇ ਪ੍ਰੋਗਰਾਮ ਨੂੰ ਪੇਸ਼ ਕਰਦੇ ਹੋਏ ਤਰਕਸ਼ੀਲ ਲਹਿਰ ਦੇ ਕਾਰਜਾਂ ਦੇ ਮਹੱਤਵ ਨੂੰ ਉਭਾਰਿਆ।

ਇਨ੍ਹਾਂ ਤੋਂ ਇਲਾਵਾ ਕਾਮਰੇਡ ਨਰਭਿੰਦਰ, ਕਵਿਤਾ ਵਿਦਰੋਹੀ, ਜਸਵੰਤ ਜੀਰਖ, ਮੇਘ ਰਾਜ ਮਿੱਤਰ ਅਤੇ ਹਰਿਆਣੇ ਤੋਂ ਐਡਵੋਕੇਟ ਸੁਰੇਸ਼ ਨੇ ਵੀ ਵਿਚਾਰ ਸਾਂਝੇ ਕੀਤੇ। ਉੱਘੇ ਲੇਖਕ ਸੁਕੀਰਤ, ਜੋਗਿੰਦਰ ਆਜ਼ਾਦ ਅਤੇ ਸੁਨਾਮ ਤੋਂ ਤਰਕਸ਼ੀਲ ਕਾਰਕੁੰਨ ਦਵਿੰਦਰ ਸਿੰਘ ਨੇ ਆਪਣੇ ਸਵਾਲਾਂ ਰਾਹੀਂ ਸੰਵਾਦ ਨੂੰ ਅੱਗੇ ਵਧਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਮਹੂਰੀ ਅਧਿਕਾਰ ਸਭਾ ਤੋਂ ਪ੍ਰੋ. ਏ.ਕੇ. ਮਲੇਰੀ, ਸਾਹਿਤ ਅਕਾਦਮੀ ਲੁਧਿਆਣਾ ਦੇ ਸਕੱਤਰ ਗੁਲਜ਼ਾਰ ਪੰਧੇਰ, ਉੱਘੇ ਨਾਵਲਕਾਰ ਬਲਬੀਰ ਪਰਵਾਨਾ, ਮਾ. ਹਰੀਸ਼ ਪੱਖੋਵਾਲ, ਹਰਚੰਦ ਭਿੰਡਰ, ਪੱਤਰਕਾਰ ਰਾਜੀਵ ਖੰਨਾ ਅਤੇ ਜਨ ਸੰਘਰਸ਼ ਮੰਚ ਹਰਿਆਣਾ ਦੇ ਸਕੱਤਰ ਸੁਦੇਸ਼ ਕੁਮਾਰੀ ਵੀ ਹਾਜ਼ਰ ਸਨ।

ਖ਼ਬਰਾਂ ਵਿਚੋਂ ਉਠਦਾ ਸਵਾਲ

ਲੋਕਾਂ ਨੂੰ 14 ਲੱਖ ਦਾ ਚੂਨਾ ਲਾ ਕੇ 'ਬਾਬਾ' ਫ਼ਰਾਰ

ਜੋਗਿੰਦਰ ਸਿੰਘ ਮਾਨ
ਮਾਨਸਾ, 31 ਜਨਵਰੀ

ਮਾਨਸਾ ਜ਼ਿਲ੍ਹੇ ਦੇ ਪਿੰਡ ਸਿਰਸੀਵਾਲਾ ਵਿੱਚ ਲੋਕਾਂ ਨੂੰ 14 ਲੱਖ ਰੁਪਏ ਦਾ ਚੂਨਾ ਲਗਾ ਕੇ ਅਖੌਤੀ ਬਾਬਾ ਫਰਾਰ ਹੋ ਗਿਆ। ਪਹਿਲਾਂ ਇਸ ਬਾਬੇ ਨੇ ਕੜਾਕੇ ਦੀ ਠੰਢ ਵਿੱਚ ਡੇਢ ਮਹੀਨੇ ਤੱਕ ਜਲਧਾਰਾ ਕੀਤੀ ਅਤੇ ਲੋਕਾਂ ਦਾ ਭਰੋਸਾ ਜਿੱਤਿਆ। ਬਾਅਦ ਵਿੱਚ ਉਸ ਨੇ ਪੁੰਨ ਸੇਵਾ ਦੇ ਨਾਮ 'ਤੇ ਆਨਲਾਈਨ ਅਤੇ ਨਗਦੀ ਰੂਪ ਵਿੱਚ ਸ਼ਰਧਾਲੂਆਂ ਤੋਂ 14 ਲੱਖ ਰੁਪਏ ਲੈ ਲਏ ਅਤੇ ਧਾਰਮਿਕ ਸਥਾਨ ਦੀ ਯਾਤਰਾ ਦੌਰਾਨ ਸਾਰਿਆਂ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਬਾਬੇ ਦੀ ਠੱਗੀ ਦਾ ਸ਼ਿਕਾਰ ਹੋਏ ਲੋਕਾਂ ਨੇ ਪੁਲੀਸ ਨੂੰ ਸ਼ਿਕਾਇਤ ਕੀਤੀ ਤਾਂ ਬਰੇਟਾ ਦੀ ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਬਾਬੇ ਦੀ ਪਛਾਣ ਪ੍ਰੇਮ ਨਾਥ ਦੇ ਨਾਮ 'ਤੇ ਹੋਈ ਹੈ। ਲੋਕਾਂ ਨੇ ਬਾਬੇ ਦੇ ਚੇਲਿਆਂ ਨੂੰ ਫੜ ਕੇ ਪੁਲੀਸ ਦੇ ਹਵਾਲੇ ਕਰ ਦਿੱਤਾ ਹੈ ਜਿਨ੍ਹਾਂ ਤੋਂ ਪੁਲੀਸ ਪੁੱਛ ਪੜਤਾਲ ਕਰ ਰਹੀ ਹੈ ਪਰ ਬਾਬਾ ਪ੍ਰੇਮ ਨਾਥ ਫਰਾਰ ਹੈ।

ਪੀੜਤ ਰੁਪਿੰਦਰ ਸਿੰਘ ਨੇ ਦੱਸਿਆ ਕਿ ਕਰੀਬ ਡੇਢ ਮਹੀਨਾ ਪਹਿਲਾਂ ਬਾਬਾ ਪ੍ਰੇਮ ਨਾਥ ਨੇ ਆਪਣੇ ਚੇਲਿਆਂ ਨਾਲ ਪਿੰਡ ਆ ਕੇ ਡੇਰਾ ਲਾਇਆ ਅਤੇ ਜਲਧਾਰਾ ਸ਼ੁਰੂ ਕੀਤੀ। ਜਲਧਾਰਾ ਦੌਰਾਨ ਪਿੰਡ ਵਾਲਿਆਂ ਨੂੰ ਲੱਗਿਆ ਬਾਬਾ ਚਮਤਕਾਰੀ ਹੈ। ਲੋਕਾਂ ਦੀ ਭੀੜ ਜੁੜਨ ਲੱਗੀ। ਪਿੰਡ ਵਾਸੀ ਬਾਬੇ ਦੀਆਂ ਗੱਲਾਂ

ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕੀਤਾ

ਤੋਂ ਪ੍ਰਭਾਵਿਤ ਹੋ ਗਏ ਅਤੇ ਹੌਲੀ-ਹੌਲੀ ਪਿੰਡ ਵਾਸੀਆਂ ਨੇ ਬਾਬੇ ਨੂੰ ਦਾਨ-ਦਕਸ਼ਣਾ ਅਤੇ ਪੁੰਨ-ਦਾਨ ਦੇ ਰੂਪ 'ਚ ਪੈਸਾ ਦੇਣੇ ਸ਼ੁਰੂ ਕਰ ਦਿੱਤਾ ਅਤੇ ਪਿੰਡ ਦੀ ਖੁਸ਼ਹਾਲੀ ਲਈ ਬਾਬੇ ਨੂੰ ਪੈਸੇ ਇਕੱਠ ਕਰਕੇ ਦਿੱਤੇ। ਚੜ੍ਹਾਵੇ ਨੂੰ ਲੈ ਕੇ ਬਾਬੇ 'ਤੇ ਲੋਕਾਂ ਨੂੰ ਸ਼ੱਕ ਨਾ ਹੋਵੇ, ਇਸ ਲਈ ਉਹ ਕੁੱਝ ਪੈਸੇ ਆਪਣੇ ਚੇਲੇ ਦੇ ਖਾਤੇ ਵਿੱਚ ਪੁਆਉਂਦਾ ਅਤੇ ਨਗਦ ਪੈਸੇ ਖੁਦ ਰੱਖ ਲੈਂਦਾ। ਇੰਜ ਬਾਬੇ ਕੋਲ 14 ਲੱਖ ਰੁਪਏ ਇਕੱਠ ਹੋ ਗਏ।

ਪੀੜਤਾਂ ਲੋਕਾਂ ਨੇ ਦੱਸਿਆ ਕਿ ਬਾਬਾ ਪ੍ਰੇਮ ਨਾਥ ਨੇ ਨੈਣਾ ਦੇਵੀ ਧਾਰਮਿਕ ਸਥਾਨ ਦੀ ਇੱਛਾ ਜਿਤਾਈ ਅਤੇ ਪਿੰਡ ਦੇ ਕੁਝ ਲੋਕ ਬਾਬੇ ਨੂੰ ਆਪਣੀ ਗੱਡੀ 'ਤੇ ਲੈ ਕੇ ਨਾਲ ਗਏ ਅਤੇ ਵਾਪਸੀ ਸਮੇਂ ਪਟਿਆਲਾ ਦੇ ਇੱਕ ਢਾਬੇ 'ਤੇ ਰੋਟੀ ਖਾਣੀ ਲਈ ਰੁਕ, ਜਿੱਥੋਂ ਬਾਬਾ ਚਕਮਾ ਦੇ ਕੇ ਫਰਾਰ ਹੋ ਗਿਆ। ਲੋਕਾਂ ਨੂੰ ਬਾਅਦ ਵਿੱਚ ਆਪਣੇ ਨਾਲ ਹੋਈ ਠੱਗੀ ਦਾ ਪਤਾ ਲੱਗਿਆ। ਪਿੰਡ ਵਾਸੀਆਂ ਨੇ ਬਾਬੇ ਦੇ ਦੋ ਚੇਲਿਆਂ ਅਜੈ ਕੁਮਾਰ ਉਰਫ਼ ਸੋਨੂੰ ਅਤੇ ਅਮਨਦੀਪ ਉਰਫ਼ ਪੰਡਿਤ ਵਾਸੀ ਨਿਰਵਾਣਾ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ। ਲੋਕਾਂ ਨੇ ਪੁਲੀਸ ਤੋਂ ਬਾਬਾ ਦੀ ਗ੍ਰਿਫ਼ਤਾਰੀ ਦੀ ਵੀ ਮੰਗ ਕੀਤੀ ਹੈ। ਥਾਣਾ ਬਰੇਟਾ ਦੀ ਪੁਲੀਸ ਨੇ ਬਾਬਾ ਪ੍ਰੇਮ ਨਾਥ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਪੁਲੀਸ ਵੱਲੋਂ ਕੁੱਝ ਬੈਂਕ ਖਾਤਿਆਂ ਦੀ ਵੀ ਜਾਂਚ-ਪੜਤਾਲ ਕੀਤੀ ਜਾ ਰਹੀ ਹੈ। ਪੁਲੀਸ ਮੁਤਾਬਿਕ ਮੁਲਜ਼ਮ ਨੂੰ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਉਪਰੋਕਤ ਖ਼ਬਰ ਦੱਸਦੀ ਹੈ ਕਿ ਲੋਕਾਂ ਦੀ ਮਾਨਸਿਕਤਾ ਵਿਚੋਂ ਅੰਧਵਿਸ਼ਵਾਸੀ ਸੋਚ ਨੂੰ ਖਤਮ ਕਰਨ ਦੀ ਅੱਜ ਵੀ ਕਿੰਨੀ ਲੋੜ ਹੈ। ਜਿਵੇਂ ਕਿ ਖ਼ਬਰ ਵਿਚੋਂ ਪੜ੍ਹਿਆ ਜਾ ਸਕਦਾ ਹੈ ਕਿ ਮਾਨਸਾ ਜਿਲ੍ਹੇ ਦੇ ਪਿੰਡ ਸਿਰਸੀਵਾਲਾ ਵਿਖੇ ਇੱਕ ਪਾਖੰਡੀ ਸਾਧ ਆਇਆ। ਉਸਨੇ ਲੋਕਾਂ ਉੱਤੇ ਪ੍ਰਭਾਵ ਬਨਾਉਣ ਲਈ ਠੰਢ ਵਿੱਚ ਜਲਧਾਰਾ, ਭਾਵ ਸਿਰ ਉੱਤੇ ਠੰਡਾ ਪਾਉਣ ਦਾ ਡਰਾਮਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਪਿੰਡ ਵਾਲਿਆਂ ਦੇ ਆਪਣੇ ਉੱਤੇ ਬਣੇ ਅੰਧਵਿਸ਼ਵਾਸ ਦਾ ਲਾਹਾ ਲੈ ਕੇ 14 ਲੱਖ ਰੁਪਏ ਇਕੱਠੇ ਕੀਤੇ ਅਤੇ ਫਰਾਰ ਹੋ ਗਿਆ।

ਸੋਚਣ ਵਾਲੀ ਗੱਲ ਹੈ ਕਿ ਸਰਦੀ ਵਿੱਚ ਸਿਰ ਉਪਰ ਠੰਢਾ ਪਾਣੀ ਪੁਆ ਲੈਣਾ ਕਿੱਡਾ ਕੁ ਵੱਡਾ ਕੰਮ ਹੈ? ਜਦ ਗੀਜ਼ਰ ਜਾਂ ਹੋਰ ਢੰਗਾਂ ਨਾਲ ਪਾਣੀ ਗਰਮ ਕਰਨ ਦੀ ਸਹੂਲਤ ਆਮ ਨਹੀਂ ਮਿਲਦੀ ਸੀ ਤਾਂ ਸਾਡੇ ਬਾਪ ਦਾਦੇ ਅਕਸਰ ਠੰਢੇ ਪਾਣੀ ਨਾਲ ਹੀ ਨਹਾਉਂਦੇ ਸਨ। ਸਰੀਰ ਉਪਰ ਠੰਢਾ ਪਾਣੀ ਪਾਉਣ ਨਾਲ ਸਮਾਜ ਦਾ ਕੀ ਭਲਾ ਹੁੰਦਾ ਹੈ? ਪਰ ਅਫਸੋਸ ਦੀ ਗੱਲ ਹੈ ਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਬਹੁਤ ਸਾਰੇ ਲੋਕ ਅਜਿਹੇ ਸਵਾਲ ਨਹੀਂ ਕਰਦੇ। ਅਜਿਹੇ ਪਾਖੰਡਾਂ ਨੂੰ ਤਰਕਸ਼ੀਲ ਨਜ਼ਰੀਏ ਨਾਲ ਨਹੀਂ ਵੇਖਦੇ ਪਰਖਦੇ। ਤਦ ਹੀ ਉਹ ਅਜਿਹੀਆਂ ਠੱਗੀਆਂ ਦਾ ਸ਼ਿਕਾਰ ਹੁੰਦੇ ਹਨ।

ਚਾਹੇ ਤਰਕਸ਼ੀਲ ਸੋਸਾਇਟੀ ਵੱਲੋਂ ਇਸ ਤਰ੍ਹਾਂ ਪਾਖੰਡੀ ਸਾਧਾਂ ਦੀਆਂ ਠੱਗੀਆਂ ਅਤੇ ਹੋਰ ਕਰਤੂਤਾਂ ਤੋਂ ਲੋਕਾਂ ਨੂੰ ਸੁਚੇਤ ਕਰਨ ਲਈ ਬਹੁਤ ਯਤਨ ਕੀਤੇ ਜਾ ਰਹੇ ਹਨ ਪਰ ਸਦੀਆਂ ਤੋਂ ਲੋਕਮਨਾਂ ਵਿੱਚ ਜੋ ਗੈਰਵਿਗਿਆਨਕ ਸੰਸਕਾਰ ਬਣੇ ਹੋਏ ਹਨ ਉਨ੍ਹਾਂ ਦੀ ਜਕੜ ਤੋੜਨ ਵਿੱਚ ਲੰਮਾ ਸਮਾਂ ਲਗਦਾ ਹੈ। ਵੈਸੇ ਤਰਕਸ਼ੀਲ ਸੋਸਾਇਟੀ ਦੇ ਪ੍ਰਚਾਰ ਸਦਕਾ ਪੰਜਾਬ ਦੇ ਬਹੁਗਿਣਤੀ ਲੋਕ ਇਨ੍ਹਾਂ ਦੀ ਅਸਲੀਅਤ ਨੂੰ ਸਮਝ ਚੁੱਕੇ ਹਨ, ਫਿਰ ਵੀ ਅਜਿਹੀ ਇੱਕ ਅੱਧ ਘਟਨਾ ਹੋਣੀ ਵੀ ਸਾਡੀ ਸਮੂਹਿਕ ਸੋਚ ਉੱਤੇ ਕਾਲਾ ਧੱਬਾ ਹੈ।

ਅਜਿਹੀਆਂ ਠੱਗੀਆਂ ਤੋਂ ਬਚਣ ਦਾ ਇਕੋ ਇੱਕ ਢੰਗ ਹਰ ਵਰਤਾਰੇ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਪਰਖਣ ਦੀ ਆਦਤ ਬਨਾਉਣਾ ਹੈ। ਕਿਉਂਕਿ ਜੇ ਤੁਸੀਂ ਇੱਕ ਕਿਸਮ ਦੇ ਪਾਖੰਡ ਤੋਂ ਸੁਚੇਤ ਹੋ ਗਏ ਤਾਂ ਕਿਸੇ ਹੋਰ ਸਮੇਂ ਅਜਿਹੇ ਵਿਅਕਤੀ ਹੋਰ ਤਰ੍ਹਾਂ ਦਾ ਪਾਖੰਡ ਸਿਰਜ ਲੈਂਦੇ ਹਨ। ਪਰ ਜੇ ਤੁਸੀਂ ਹਰ ਵਰਤਾਰੇ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਪਰਖਣ ਦੀ ਆਦਤ ਬਣਾ ਲਵੋਗੇ ਤਾਂ ਫਿਰ ਅਜਿਹੇ ਪਾਖੰਡੀਆਂ ਦੀ ਕੋਈ ਵੀ ਨਵੀਂ ਪੁਰਾਣੀ ਚਾਲ ਸਫਲ ਨਹੀਂ ਹੋਵੇਗੀ।

ਲੇਖ ਰਚਨਾ ਮੁਕਾਬਲਾ-4

ਇਸ ਵਾਰ ਦੇ ਲੇਖ ਮੁਕਾਬਲੇ ਦਾ ਵਿਸ਼ਾ ਸੀ 'ਦੂਰ ਜੇਕਰ ਅਜੇ ਸਵੇਰਾ ਹੈ, ਇਸ ਵਿੱਚ ਕਾਫ਼ੀ ਕਸੂਰ ਮੇਰਾ ਹੈ'। ਇਸ ਮੁਕਾਬਲੇ ਲਈ ਆਈਆਂ ਰਚਨਾਵਾਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ ਮਾਇਆਦੇਵੀ ਮੈਮੋਰੀਅਲ ਆਦਰਸ਼ ਸਕੂਲ ਕੇਰਾ ਖੇੜਾ ਦੇ ਵਿਦਿਆਰਥੀ ਕੋਮਲਪ੍ਰੀਤ ਸਿੰਘ ਨੇ ਅਤੇ ਦੂਸਰਾ ਸਥਾਨ ਹਾਸਲ ਕੀਤਾ ਵਿੱਕੀ ਸਿੱਧੂ ਦੀਵਾਨਾ ਨੇ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵਧੀਆ ਰਚਨਾਵਾਂ ਵੀ ਸੰਖੇਪ ਰੂਪ ਵਿੱਚ ਅੱਗੇ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ

(1)

ਮਨੁੱਖੀ ਜੀਵਨ ਉਮੀਦ, ਸੰਘਰਸ਼ ਅਤੇ ਆਤਮ-ਚਿੰਤਨ ਦੀ ਲਗਾਤਾਰ ਯਾਤਰਾ ਹੈ। 'ਸਵੇਰਾ' ਸਿਰਫ਼ ਦਿਨ ਦੀ ਸ਼ੁਰੂਆਤ ਨਹੀਂ, ਬਲਕਿ ਇੱਕ ਪ੍ਰਤੀਕ ਹੈ-ਨਵੇਂ ਮੌਕਿਆਂ, ਰੌਸ਼ਨੀ, ਬਦਲਾਅ ਅਤੇ ਸਫ਼ਲਤਾ ਦਾ। ਜਦੋਂ ਅਸੀਂ ਕਹਿੰਦੇ ਹਾਂ ਕਿ "ਦੂਰ ਜੇਕਰ ਅਜੇ ਸਵੇਰਾ ਹੈ," ਤਾਂ ਇਹ ਸਾਡੀ ਅੰਦਰੂਨੀ ਹਾਲਤ ਨੂੰ ਦਰਸਾਉਂਦਾ ਹੈ-ਕਿਤੇ ਨਾ ਕਿਤੇ ਅਸੀਂ ਆਪਣੇ ਲਕਸ਼ਾਂ ਤੋਂ ਪਿੱਛੇ ਹਾਂ, ਅਜੇ ਵੀ ਅੰਧੇਰੇ ਵਿੱਚ ਖੜ੍ਹੇ ਹਾਂ। ਪਰ ਅਗਲੀ ਪੰਕਤੀ-"ਇਸ ਵਿੱਚ ਕਾਫ਼ੀ ਕਸੂਰ ਮੇਰਾ ਹੈ"-ਸਭ ਤੋਂ ਵੱਡਾ ਸੱਚ ਉਘਾੜਦੀ ਹੈ: ਆਪਣੀ ਹਾਲਤ ਲਈ ਅਸੀਂ ਆਪ ਜ਼ਿੰਮੇਂਵਾਰ ਹਾਂ।

ਅਕਸਰ ਮਨੁੱਖ ਆਪਣੀਆਂ ਨਾਕਾਮੀਆਂ ਲਈ ਕਿਸਮਤ, ਹਾਲਾਤ ਜਾਂ ਹੋਰ ਲੋਕਾਂ ਨੂੰ ਦੋਸ਼ ਦਿੰਦਾ ਹੈ ਪਰ ਸੱਚ ਇਹ ਹੈ ਕਿ ਜ਼ਿੰਦਗੀ ਦੀ ਰਾਹਦਾਰੀ ਵਿੱਚ ਸਾਡੇ ਆਪਣੇ ਫ਼ੈਸਲੇ, ਸਾਡੀ ਮਿਹਨਤ ਅਤੇ ਸਾਡਾ ਰਵੱਈਆ ਸਭ ਤੋਂ ਵੱਡੀ ਭੂਮਿਕਾ ਨਿਭਾਉਂਦੇ ਹਨ। ਜੇ ਅੱਜ ਸਾਡੇ ਜੀਵਨ ਵਿੱਚ ਸਵੇਰਾ ਦੂਰ ਲੱਗਦਾ ਹੈ, ਤਾਂ ਕਿਤੇ ਨਾ ਕਿਤੇ ਅਸੀਂ ਆਪਣੇ ਫ਼ਰਜ਼ਾਂ ਤੋਂ ਪਿੱਛੇ ਹਟੇ ਹਾਂ-ਕਦੇ ਆਲਸ ਕਾਰਨ, ਕਦੇ ਡਰ ਕਾਰਨ, ਤੇ ਕਦੇ ਅਸਥਿਰ ਇਰਾਦਿਆਂ ਕਰਕੇ।

ਵਿਦਿਆਰਥੀ ਜੀਵਨ ਇਸ ਗੱਲ ਦੀ ਸਭ ਤੋਂ ਵੱਡੀ ਮਿਸਾਲ ਹੈ। ਕਈ ਵਿਦਿਆਰਥੀ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਪੇਪਰ ਔਖਾ ਸੀ, ਅਧਿਆਪਕ ਠੀਕ ਨਹੀਂ ਪੜ੍ਹਾਉਂਦੇ, ਜਾਂ ਸਿਸਟਮ ਹੀ ਗ਼ਲਤ ਹੈ ਪਰ ਜਦੋਂ ਉਹ ਆਪਣੇ ਅੰਦਰ ਝਾਤੀ ਮਾਰਦੇ ਹਨ, ਤਾਂ ਪਤਾ ਲੱਗਦਾ ਹੈ ਕਿ ਪੜ੍ਹਾਈ ਵਿੱਚ ਲਾਪਰਵਾਹੀ, ਸਮੇਂ ਦੀ ਬਰਬਾਦੀ ਅਤੇ ਅਨੁਸ਼ਾਸਨ ਦੀ ਘਾਟ ਹੀ ਅਸਲੀ ਕਾਰਨ ਸੀ। ਇੱਥੇ 'ਸਵੇਰਾ' ਸਫ਼ਲਤਾ ਦਾ ਪ੍ਰਤੀਕ ਹੈ, ਜੋ ਦੂਰ ਇਸ ਲਈ ਹੈ ਕਿਉਂਕਿ ਵਿਦਿਆਰਥੀ ਨੇ ਆਪਣੀ ਜ਼ਿੰਮੇਵਾਰੀ ਪੂਰੀ ਨਹੀਂ ਨਿਭਾਈ।

ਇਹ ਗੱਲ ਸਿਰਫ਼ ਵਿਦਿਆਰਥੀਆਂ ਤੱਕ ਸੀਮਿਤ ਨਹੀਂ। ਜੀਵਨ ਦੇ ਹਰ ਖੇਤਰ-ਨੌਕਰੀ, ਕਾਰੋਬਾਰ, ਰਿਸ਼ਤੇ, ਸਮਾਜਿਕ ਜ਼ਿੰਮੇਂਵਾਰੀਆਂ-ਵਿੱਚ ਇਹੀ ਸਿਧਾਂਤ ਲਾਗੂ ਹੁੰਦਾ ਹੈ। ਜੇ ਕਿਸੇ ਦੇ ਰਿਸ਼ਤੇ ਟੁੱਟ ਰਹੇ ਹਨ, ਤਾਂ ਸਿਰਫ਼ ਦੂਜੇ ਨੂੰ ਦੋਸ਼ ਦੇਣਾ ਆਸਾਨ ਹੁੰਦਾ ਹੈ। ਪਰ ਜਦੋਂ ਅਸੀਂ ਆਪਣੀ ਬੋਲੀ, ਆਪਣੇ ਰਵੱਈਏ ਅਤੇ ਆਪਣੀ ਅਣਗਹਿਲੀ ਨੂੰ ਵੇਖਦੇ ਹਾਂ, ਤਾਂ ਅਹਿਸਾਸ ਹੁੰਦਾ ਹੈ ਕਿ ਕਸੂਰ ਕਾਫ਼ੀ ਹੱਦ ਤੱਕ ਸਾਡਾ ਆਪਣਾ ਹੈ।

ਇਸ ਪੰਕਤੀ ਦਾ ਦਾਰਸ਼ਨਿਕ ਅਰਥ ਬਹੁਤ ਗਹਿਰਾ ਹੈ। ਇਹ ਸਾਨੂੰ ਆਤਮ-ਆਲੋਚਨਾ ਦੀ ਸਿੱਖਿਆ ਦਿੰਦੀ ਹੈ। ਆਪਣੇ ਆਪ ਨੂੰ ਸੱਚ ਦੇ ਦਰਪਣ ਵਿੱਚ ਵੇਖਣਾ ਹੌਂਸਲੇ ਦੀ ਗੱਲ ਹੈ। ਜਦੋਂ ਅਸੀਂ ਆਪਣੀਆਂ ਗ਼ਲਤੀਆਂ ਮੰਨ ਲੈਂਦੇ ਹਾਂ, ਤਦ ਹੀ ਸੁਧਾਰ ਦੀ ਸ਼ੁਰੂਆਤ ਹੁੰਦੀ ਹੈ। ਦੋਸ਼ ਆਪਣੇ ਸਿਰ ਲੈਣਾ ਕਮਜ਼ੋਰੀ ਨਹੀਂ, ਬਲਕਿ ਸਭ ਤੋਂ ਵੱਡੀ ਤਾਕਤ ਹੈ। ਇਹੀ ਤਾਕਤ ਮਨੁੱਖ ਨੂੰ ਅੱਗੇ ਵਧਾਉਂਦੀ ਹੈ।

ਸਮਾਜਿਕ ਪੱਧਰ 'ਤੇ ਵੀ ਇਹ ਵਿਚਾਰ ਬਹੁਤ ਮਹੱਤਵਪੂਰਨ ਹੈ। ਅਸੀਂ ਅਕਸਰ ਕਹਿੰਦੇ ਹਾਂ ਕਿ ਸਮਾਜ ਖ਼ਰਾਬ ਹੋ ਗਿਆ ਹੈ, ਨੌਜਵਾਨ ਗ਼ਲਤ ਰਾਹ 'ਤੇ ਹਨ, ਜਾਂ ਪ੍ਰਣਾਲੀ ਨਾਕਾਮ ਹੈ ਪਰ ਕੀ ਅਸੀਂ ਕਦੇ ਸੋਚਿਆ ਹੈ ਕਿ ਇਸ ਸਮਾਜ ਨੂੰ ਬਣਾਉਣ ਵਿੱਚ ਸਾਡਾ ਕੀ ਯੋਗਦਾਨ ਹੈ? ਜੇ ਅਸੀਂ ਖ਼ੁਦ ਸੱਚਾਈ, ਮਿਹਨਤ ਅਤੇ ਨੈਤਿਕਤਾ ਨੂੰ ਨਹੀਂ ਅਪਣਾਉਂਦੇ, ਤਾਂ ਸਮਾਜ ਵਿੱਚ ਸਵੇਰਾ ਕਿਵੇਂ ਆਵੇਗਾ? ਇੱਥੇ ਵੀ ਕਹਾਵਤ ਸੱਚ ਸਾਬਤ ਹੁੰਦੀ ਹੈ-ਸਵੇਰਾ ਦੂਰ ਹੈ ਕਿਉਂਕਿ ਕਸੂਰ ਸਾਡਾ ਹੈ।

ਜੇ ਕਸੂਰ ਸਾਡਾ ਹੈ, ਤਾਂ ਸੁਧਾਰ ਵੀ ਸਾਡੇ ਹੱਥ ਵਿੱਚ ਹੈ। ਜੇ ਅਸੀਂ ਆਪਣੇ ਰਵੱਈਏ ਨੂੰ ਬਦਲ ਲਈਏ, ਮਿਹਨਤ ਨੂੰ ਆਪਣਾ ਸਾਥੀ ਬਣਾ ਲਈਏ ਅਤੇ ਸਮੇਂ ਦੀ ਕਦਰ ਕਰਨੀ ਸਿੱਖ ਲਈਏ, ਤਾਂ ਸਵੇਰਾ ਦੂਰ ਨਹੀਂ ਰਹਿੰਦਾ। ਅੰਧੇਰਾ ਤਦ ਤੱਕ ਹੀ ਹੈ ਜਦ ਤੱਕ ਅਸੀਂ ਦੀਵਾ ਨਹੀਂ ਜਗਾਉਂਦੇ।

ਇਤਿਹਾਸ ਵੀ ਸਾਨੂੰ ਇਹੀ ਸਿੱਖਿਆ ਦਿੰਦਾ ਹੈ। ਮਹਾਨ ਵਿਅਕਤੀਆਂ ਨੇ ਆਪਣੀ ਅਸਫ਼ਲਤਾ ਲਈ ਹਾਲਾਤਾਂ ਨੂੰ ਨਹੀਂ, ਬਲਕਿ ਆਪਣੇ ਆਪ ਨੂੰ ਜ਼ਿੰਮੇਂਵਾਰ ਮੰਨਿਆ। ਉਨ੍ਹਾਂ ਨੇ ਆਪਣੀਆਂ ਕਮਜ਼ੋਰੀਆਂ 'ਤੇ ਕੰਮ ਕੀਤਾ, ਆਪਣੇ ਆਪ ਨੂੰ ਨਿਖਾਰਿਆ ਅਤੇ ਆਖ਼ਰਕਾਰ ਸਫਲਤਾ ਦਾ ਸਵੇਰਾ ਆਪਣੇ ਜੀਵਨ ਵਿੱਚ ਲਿਆਂਦਾ। ਉਨ੍ਹਾਂ ਦੀ ਜ਼ਿੰਦਗੀ ਸਾਨੂੰ ਪ੍ਰੇਰਣਾ

ਦਿੰਦੀ ਹੈ ਕਿ ਆਤਮ-ਸੁਧਾਰ ਹੀ ਅਸਲ ਇਨਕਲਾਬ ਹੈ।

ਅੰਤ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ "ਦੂਰ ਜੇਕਰ ਅਜੇ ਸਵੇਰਾ ਹੈ, ਇਸ ਵਿੱਚ ਕਾਫ਼ੀ ਕਸੂਰ ਮੇਰਾ ਹੈ।" ਸਿਰਫ਼ ਇੱਕ ਪੰਕਤੀ ਨਹੀਂ, ਬਲਕਿ ਜੀਵਨ ਦਾ ਦਰਸ਼ਨ ਹੈ। ਇਹ ਸਾਨੂੰ ਆਪਣੀ ਜ਼ਿੰਮੇਂਵਾਰੀ ਸਮਝਣ, ਆਪਣੇ ਕੰਮਾਂ ਦਾ ਹਿਸਾਬ ਕਰਨ ਅਤੇ ਆਪਣੇ ਅੰਦਰ ਬਦਲਾਅ ਲਿਆਉਣ ਦੀ ਪ੍ਰੇਰਣਾ ਦਿੰਦੀ ਹੈ।

ਕੋਮਲਪ੍ਰੀਤ ਸਿੰਘ

ਮਾਇਆ ਦੇਵੀ ਮੈਮੋਰੀਅਲ ਆਦਰਸ਼ ਸਕੂਲ, ਕੇਰਾ ਖੇੜਾ

(2)

'ਦੂਰ ਜੇਕਰ ਅਜੇ ਸਵੇਰਾ ਹੈ, ਇਸ 'ਚ ਕਾਫੀ ਕਸੂਰ ਮੇਰਾ ਹੈ' ਕੇਵਲ ਇੱਕ ਪੰਕਤੀ ਨਹੀਂ, ਇਹ ਪੰਕਤੀ ਆਪਣੇ ਆਪ ਨਾਲ ਕੀਤਾ ਇਕ ਸਵਾਲ ਹੈ। ਅਸੀਂ ਜ਼ਿੰਦਗੀ ਵਿੱਚ ਅਕਸਰ ਆਪਣੇ ਹਾਲਾਤ ਲਈ ਸਮਾਂ, ਸਮਾਜ, ਕਿਸਮਤ ਜਾਂ ਹੋਰ ਕਾਰਨਾਂ ਨੂੰ ਦੋਸ਼ ਦਿੰਦੇ ਹਾਂ। ਜਦੋਂ ਅਸੀਂ ਸਫਲਤਾ ਤੋਂ ਦੂਰ ਹੁੰਦੇ ਹਾਂ ਸਾਡੀ ਮੰਜ਼ਿਲ ਦੇਰ ਨਾਲ ਮਿਲਦੀ ਹੈ ਜਾਂ ਅਸੀਂ ਰਾਹਾਂ ਵਿੱਚ ਭਟਕ ਰਹੇ ਹੁੰਦੇ ਹਾਂ, ਸਾਡੀ ਜ਼ਿੰਦਗੀ ਵਿੱਚ ਸਵੇਰਾ ਨਹੀਂ ਆਇਆ ਹੁੰਦਾ ਤਾਂ ਅਸੀਂ ਆਪਣੀਆਂ ਗਲਤੀਆਂ ਕੱਢਣ ਦੀ ਬਜਾਏ ਹੋਰ ਬਾਹਰੀ ਕਾਰਨਾਂ ਵੱਲ ਉਂਗਲੀ ਕਰਦੇ ਹਾਂ।

ਇਸ ਪੰਕਤੀ ਵਿੱਚ ਸਵੇਰਾ ਸਿਰਫ ਦਿਨ ਦੀ ਸ਼ੁਰੂਆਤ ਨਹੀਂ, ਇਹ ਸੰਕੇਤ ਕਰਦਾ ਹੈ ਸੋਚ ਦੀ ਰੋਸ਼ਨੀ, ਜ਼ਿੰਦਗੀ ਦੀ ਦਿਸ਼ਾ ਅਤੇ ਅੰਦਰੂਨੀ ਜਾਗਰੂਕਤਾ ਨੂੰ। ਜਦੋਂ ਸਵੇਰਾ ਦੂਰ ਲੱਗਦਾ ਹੈ ਤਾਂ ਇਸਦਾ ਮਤਲਬ ਹੈ ਕਿ ਅਸੀਂ ਅਜੇ ਵੀ ਉਲਝਣ ਹਨੇਰੇ ਦੇ ਦੌਰ ਵਿੱਚ ਖੜੇ ਹਾਂ। ਅਸੀਂ ਇਹ ਸਭ ਚੀਜ਼ਾਂ ਨੂੰ ਦੂਸਰੇ ਉੱਪਰ ਸੁੱਟ ਦਿੰਦੇ ਹਾਂ, ਪਰ ਇਸ ਲਾਈਨ ਦਾ ਦੂਜਾ ਹਿੱਸਾ 'ਇਸ ਵਿੱਚ ਕਾਫੀ ਕਸੂਰ ਮੇਰਾ ਹੈ' ਸਾਨੂੰ ਆਪਣੇ ਆਪ ਵੱਲ ਦੇਖਣ ਨੂੰ ਮਜਬੂਰ ਕਰਦਾ ਹੈ। ਅਸਲ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਣ ਹੋਰ ਕੋਈ ਨਹੀਂ, ਉਹਦਾ ਅੰਦਰਲਾ ਡਰ, ਆਲਸ, ਟਾਲਮਟੋਲ ਹੁੰਦੀ ਹੈ।

ਅਸਲ ਵਿੱਚ ਅਸੀਂ ਸੁਪਨੇ ਬਹੁਤ ਜਿਆਦਾ ਦੇਖਦੇ ਆਂ। ਪਰ ਸੁਪਨੇ ਸਕਾਰ ਕਰਨ ਲਈ ਮਿਹਨਤ ਨਹੀਂ ਕਰਦੇ, ਉਹਨਾਂ ਲਈ ਲੜਦੇ ਨਹੀਂ, ਲੜਨ ਤੋਂ ਡਰਦੇ ਹਾਂ। ਇਹ ਡਰ ਹੀ ਉਹ ਹਨੇਰਾ ਹੈ ਜੋ ਸਵੇਰ ਨੂੰ ਰੋਕ ਲੈਂਦਾ ਹੈ। ਇਹੀ ਕਾਰਨ ਹੈ ਕਿ ਨਤੀਜਾ ਸਾਡੇ ਹੱਕ ਵਿੱਚ ਨਹੀਂ ਹੁੰਦਾ ਤੇ ਅਸੀਂ ਆਪਣੀਆਂ ਕਮਜ਼ੋਰੀਆਂ ਗਲਤੀਆਂ ਨੂੰ ਲੁਕਾਉਣ ਲਈ ਦੂਸਰਿਆਂ ਨੂੰ ਜਾਂ ਕਿਸਮਤ ਨੂੰ ਦੋਸ਼ੀ ਦੱਸਦੇ ਹਾਂ। ਅਸਲ ਵਿੱਚ ਸੁਰਜੀਤ ਪਾਤਰ ਦੀ ਇਹ ਪੰਕਤੀ ਸਾਨੂੰ ਆਪਣੀ ਜ਼ਿੰਮੇਂਵਾਰੀ ਦਾ ਅਹਿਸਾਸ ਕਰਾਉਂਦੀ ਹੈ। ਜੇਕਰ ਅਸੀਂ ਉਹ ਕੁਝ ਬਣ ਨਹੀਂ ਸਕੇ ਜੋ ਬਣਨਾ ਚਾਹੁੰਦੇ ਸੀ ਤਾਂ ਸ਼ਾਇਦ ਕਿਤੇ ਨਾ ਕਿਤੇ ਗਲਤੀ ਸਾਡੀ ਆਪਣੀ ਹੈ। ਅਸੀਂ ਹੀ ਪਿੱਛੇ ਹਟੇ ਹੋਵਾਂਗੇ। ਕੀ ਪਤਾ ਅਸੀਂ ਮੌਕਾ ਮਿਲਣ ਤੇ ਮਿਹਨਤ ਨਹੀਂ ਕੀਤੀ, ਸ਼ਾਇਦ ਅਸੀਂ ਆਪਣੇ ਆਪ ਨੂੰ ਘੱਟ ਸਮਝਿਆ, ਸ਼ਾਇਦ ਅਸੀਂ ਕੱਲ੍ਹ ਦੇ ਭਰੋਸੇ ਅੱਜ ਨੂੰ ਗਵਾ ਦਿੱਤਾ। ਇਹ ਪੰਕਤੀ ਸਾਨੂੰ ਆਪਣੇ ਆਪ 'ਤੇ ਮਿਹਨਤ ਕਰਨ ਲਈ ਪ੍ਰੇਰਨਾ ਦਿੰਦੀ ਹੈ।

ਅੱਜ ਕੱਲ੍ਹ ਸਮਾਜ ਦੇ ਵੀ ਇਹੀ ਹਾਲਾਤ ਨੇ ਹਰ ਕੋਈ ਰੌਲਾ ਪਾ ਰਿਹਾ ਹੈ ਕਿ ਹਾਲਤ ਖਰਾਬ ਨੇ। ਸੋਸ਼ਲ ਮੀਡੀਆ ਤੇ ਪੋਸਟਾਂ ਪਾ ਰਿਹਾ, ਆਹ ਹੋ ਗਿਆ, ਉਹ ਹੋ ਗਿਆ। ਪਰ ਹਾਲਤ ਸੁਧਾਰਨ ਲਈ ਕੋਈ ਵੀ ਕਦਮ ਨਹੀਂ ਚੁੱਕਦਾ। ਅਸਲ ਵਿੱਚ ਅਸੀਂ ਚਾਹੁੰਦੇ ਹਾਂ ਕਿ ਹੋਰ ਲੋਕ ਸੱਚ ਬੋਲਣ, ਹੋਰ ਬੇਈਮਾਨੀਆਂ ਨਾ ਕਰਨ, ਪਰ ਆਪ ਸੱਚ ਬੋਲਣ ਤੋਂ ਕੰਨੀ ਕਤਰਾਉਂਦੇ ਹਾਂ, ਆਪਣੀਆਂ ਗਲਤੀਆਂ, ਬੇਈਮਾਨੀਆਂ ਨੂੰ ਨਜ਼ਰ ਅੰਦਾਜ਼ ਕਰਦੇ ਹਾਂ ਕਿਉਂਕਿ ਸਾਨੂੰ ਉਹ ਚੀਜ਼ਾਂ ਗਲਤ ਨਹੀਂ ਲੱਗਦੀਆਂ, ਕਿਉਂਕਿ ਅਸੀਂ ਹੋਰਾਂ ਵਿੱਚ ਨੁਕਸ ਕੱਢਣਾ ਸਿੱਖ ਗਏ ਹਾਂ, ਆਪਣਾ ਆਪ ਸਾਨੂੰ ਸਹੀ ਲੱਗਦਾ ਹੈ। ਇਸ ਤਰ੍ਹਾਂ ਅਸੀਂ ਖ਼ੁਦ ਹੀ ਸਵੇਰੇ ਦੇ ਰਾਹ ਵਿੱਚ ਖੜ ਜਾਂਦੇ ਹਾਂ। ਇਹ ਲਾਈਨ ਸਾਨੂੰ ਅਹਿਸਾਸ ਕਰਾਉਂਦੀ ਹੈ ਕਿ ਆਪਣੀਆਂ ਗਲਤੀਆਂ ਮੰਨਣਾ ਕੋਈ ਕਮਜੋਰੀ ਨਹੀਂ ਹੌਸਲੇ ਦੀ ਨਿਸ਼ਾਨੀ ਹੁੰਦਾ ਹੈ। ਜੋ ਬੰਦਾ ਆਪਣੇ ਆਪ ਦੀਆਂ ਗਲਤੀਆਂ ਦੇਖਣ ਵਿਚਾਰਨ ਲੱਗ ਜਾਂਦਾ ਹੈ ਉਹ ਬਦਲਾਅ ਵੱਲ ਵਧ ਰਿਹਾ ਹੁੰਦਾ ਹੈ। ਜਦ ਤੱਕ ਅਸੀਂ ਆਪਣੀਆਂ ਗਲਤੀਆਂ ਨਹੀਂ ਮੰਨਦੇ ਉਦੋਂ ਤੱਕ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ। ਜ਼ਿੰਦਗੀ ਵਿੱਚ ਅਸਲ ਜੰਗ ਅੰਦਰ ਨਾਲ ਹੈ, ਬਾਹਰ ਨਾਲ ਨਹੀਂ। ਅੰਦਰ ਦੀ ਲੜਾਈ ਆਲਸ ਨਾਲ, ਡਰ ਨਾਲ, ਨਾਕਾਰਾਤਮਿਕ ਸੋਚ ਨਾਲ। ਜਦੋਂ ਅਸੀਂ ਹਾਰ ਕੇ ਕਹਿਦੇ ਹਾਂ ਮੇਰੇ ਤੋਂ ਨਹੀਂ ਹੋਣਾ ਜਾਂ ਮੇਰੇ ਵੱਸ ਦੀ ਗੱਲ ਨਹੀਂ ਤਾਂ ਅਸੀਂ ਆਪਣੇ ਆਪ ਨੂੰ ਕਮਜ਼ੋਰ ਕਰ ਰਹੇ ਹੁੰਦੇ ਹਾਂ। ਇਹੀ ਕਮਜ਼ੋਰੀ ਸਾਡਾ ਆਤਮ ਵਿਸ਼ਵਾਸ ਖਾ ਜਾਂਦੀ ਹੈ ਤੇ ਸਵੇਰਾ ਸਾਡੇ ਤੋਂ ਦੂਰ ਹੋ ਜਾਂਦਾ ਹੈ। ਇਹ ਪੰਕਤੀ ਨਿਰਾਸ਼ਾ ਦੀ ਨਹੀਂ, ਆਸ਼ਾ ਦੀ ਗੱਲ ਕਰਦੀ ਹੈ ਕਿਉਂਕਿ ਜੇਕਰ ਕਸੂਰ ਮੇਰਾ ਹੈ ਤਾਂ ਸੁਧਾਰ ਵੀ ਮੇਰੇ ਹੱਥ ਵਿੱਚ ਹੈ। ਇਹ ਇੱਕ ਅਹਿਸਾਸ ਹੈ ਜੋ ਇਨਸਾਨ ਨੂੰ ਬੇਵੱਸ ਨਹੀਂ, ਜਿੰਮੇਵਾਰ ਬਣਾਉਂਦਾ ਹੈ।

ਵਿੱਕੀ ਸਿੱਧੂ ਦੀਵਾਨਾ,

ਪਿੰਡ ਦੀਵਾਨਾ, ਜਿਲ੍ਹਾ ਬਰਨਾਲਾ

(3)

ਹਰ ਵਿਅਕਤੀ ਆਪਣੇ ਆਪ ਵਿੱਚ ਸੰਪੂਰਨ ਹੈ ਅਤੇ ਕਿਸੇ ਮਨੋਰਥ ਦੀ ਸਿੱਧੀ ਲਈ ਉਹ ਅਸੀਮ ਸ਼ਕਤੀ ਰੱਖਦਾ ਹੈ। ਆਪਣੇ ਆਪ ਵਿੱਚ ਵੱਖਰਾ ਹੋਣ ਕਾਰਨ ਹਰ ਘਟਨਾ, ਵਰਤਾਰੇ ਅਤੇ ਸਥਿਤੀ ਪ੍ਰਤੀ ਵਿਅਕਤੀ ਦਾ ਵੱਖਰਾ ਵੱਖਰਾ ਨਜ਼ਰੀਆ ਹੁੰਦਾ ਹੈ। ਵਿਅਕਤੀ ਨੇ ਆਪਣੇ ਨਜ਼ਰੀਏ ਤੇ ਵਿਚਾਰ ਅਨੁਰੂਪ ਕਿਸੇ ਸਮੱਸਿਆ ਦਾ ਨਿਦਾਨ ਕਰਕੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨਾ ਹੁੰਦਾ ਹੈ।

ਇਹ ਗੱਲ ਵੀ ਅਕਸਰ ਕਹੀ ਜਾਂਦੀ ਹੈ ਕਿ ਅਜੋਕਾ ਮਨੁੱਖ ਕਈ ਪ੍ਰਕਾਰ ਦੀਆਂ ਚਿੰਤਾਵਾਂ ਵਿੱਚ ਗ੍ਰਸਿਆ ਹੋਇਆ ਹੈ ਪਰ ਇਹ ਧਾਰਨਾ ਵੀ ਅੰਸ਼ਕ ਸੱਚਾਈ ਹੀ ਰੱਖਦੀ ਹੈ। ਕਾਰਨ, ਮਨੁੱਖ ਚਾਹੇ ਕਿਸੇ ਵੀ ਸਮੇਂ ਦਾ ਹੋਵੇ, ਕਿਸੇ ਵੀ ਕਾਲ ਦਾ, ਉਸਦੀਆਂ ਸਮੱਸਿਆਵਾਂ ਦੇ ਕਾਰਨ ਉਹ ਚਿੰਤਾਵਾਂ ਵਿੱਚ ਗ੍ਰਸਿਆ ਰਿਹਾ ਹੈ। ਕਿਸੇ ਵੀ ਸਮੇਂ ਵਿਸ਼ੇਸ਼ ਵਿੱਚ ਵਿਅਕਤੀ ਦੀ ਸਮੱਸਿਆ ਵੀ ਅਲੱਗ-ਅਲੱਗ ਰਹੀ ਹੋਵੇਗੀ। ਆਦਿ ਮਨੁੱਖ ਦੀਆਂ ਚਿੰਤਾਵਾਂ ਦੇ ਆਪਣੇ ਕਾਰਨ ਸਨ, ਮੱਧਕਾਲੀ ਮਨੁੱਖ ਨੂੰ ਹੋਰ ਪ੍ਰਕਾਰ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਪੂੰਜੀਵਾਦੀ ਮਨੁੱਖ ਨੂੰ ਵੱਖਰੀ ਭਾਂਤ ਦੀਆਂ ਚੁਣੌਤੀਆਂ ਦੇ ਸਨਮੁੱਖ ਹੋਣਾ ਪੈਂਦਾ ਹੈ। ਪਰ ਹਰ ਪ੍ਰਕਾਰ ਦੀ ਚੁਣੌਤੀ ਅਤੇ ਸਮੱਸਿਆ ਉੱਪਰ ਵਿਜੈ ਪ੍ਰਾਪਤ ਕਰ ਲੈਣਾ ਮਨੁੱਖ ਦੇ ਵੱਸ ਵਿੱਚ ਹੈ ਫਿਰ ਵੀ ਅਸੀਂ ਮਨੁੱਖ ਨੂੰ ਪਰੇਸ਼ਾਨ ਅਤੇ ਚਿੰਤਾਤੁਰ ਵੇਖਦੇ ਹਾਂ। ਕਾਰਨ, ਆਪੇ ਦੀ ਪਛਾਣ ਨਾ ਹੋਣਾ। ਮਨੁੱਖ ਹੋਣੀ ਉੱਪਰ ਹੀ ਆਸ ਸੁੱਟ ਰਿਹਾ ਹੈ ਅਤੇ ਆਪਣੇ ਹੱਥੀਂ ਮੁਸ਼ੱਕਤ ਕਰਕੇ ਕੁਝ ਵੀ ਪ੍ਰਾਪਤ ਨਹੀਂ ਕਰਨਾ ਚਾਹੁੰਦਾ। ਲੋੜ ਤਾਂ ਹੈ ਕਿ ਆਲਸ ਦੀਆਂ ਜੰਜੀਰਾਂ ਨੂੰ ਤੋੜ ਕੇ ਜਿੰਦਗੀ ਦੇ ਨਵੇਂ ਸਵੇਰੇ ਵਿੱਚ ਦਾਖਲ ਹੋਇਆ ਜਾਵੇ।

ਪ੍ਰੀਤ ਲੜੀ ਦੀਆਂ ਰਚਨਾਵਾਂ ਵਾਂਗ ਜ਼ਿੰਦਗੀ ਬੜੀ ਹੀ ਸੋਹਣੀ ਹੈ। ਇਸ ਨੂੰ ਜ਼ਿੰਦਾਦਿਲੀ ਨਾਲ ਜੀਵੋ। ਤੁਸੀਂ ਮਹਿਕਾਂ ਵੰਡੋ ਅਤੇ ਸਾਵਾਂਪਣ ਜ਼ਿੰਦਗੀ ਵਿੱਚ ਲੈ ਕੇ ਆਓ। ਜ਼ਿੰਦਗੀ ਇੱਕ ਅਜਿਹੀ ਗੱਡੀ ਵਾਂਗ ਹੋਵੇ ਜੋ ਨਾ ਦਾਬੂ ਹੋਵੇ ਨਾ ਉਲਾਰ ਅਤੇ ਮਲਕੜੇ ਜਿਹੇ ਇਹ ਆਪਣੀ ਚਾਲ ਤੁਰੀ ਜਾਵੇ। ਜਦੋਂ ਅਸੀਂ ਇਥੇ ਪਹੁੰਚ ਜਾਵਾਂਗੇ ਤਾਂ ਸਵੇਰਾ ਦੂਰ ਨਹੀਂ ਰਹੇਗਾ। ਹਰ ਸਮੇਂ ਨਵੀਂ ਸਵੇਰ ਦੇ ਨਵੇਂ ਖਿੜੇ ਫੁੱਲ ਵਾਂਗ ਅਸੀਂ ਮਹਿਕਾਂਗੇ।

ਅੰਮ੍ਰਿਤ ਪਾਲ ਸਿੰਘ,
ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ, ਬਠਿੰਡਾ।

(4)

ਇਸ ਸ਼ੇਅਰ ਵਿੱਚ ਜ਼ਿੰਦਗੀ ਨਾਲ ਸੰਬੰਧਿਤ ਪੂਰੀ ਸਚਾਈ ਝਲਕਦੀ ਹੈ। ਸ਼ੁਰੂ ਤੋਂ ਹੀ ਮਨੁੱਖ ਅਖੌਤੀ ਗੈਬੀ ਸ਼ਕਤੀਆਂ ਅਤੇ ਧਰਮ ਉੱਤੇ ਟੇਕ ਰੱਖਦਾ ਆ ਰਿਹਾ ਹੈ, ਭਲਾਂ ਉਹ ਕੋਈ ਪੜ੍ਹਾਈ ਨਾਲ ਸੰਬੰਧਿਤ ਕੰਮ ਹੋਵੇ ਜਾਂ ਸਮਾਜ ਪਰਿਵਾਰ ਦੇ ਕੋਈ ਹੋਰ ਮੁੱਦੇ ਹੋਣ। ਮਨੁੱਖ ਦੀ ਜ਼ਿੰਦਗੀ ਵਿੱਚ ਮੁਸ਼ਕਿਲਾਂ ਤਾਂ ਸੁਭਾਵਿਕ ਹਨ, ਪਰ ਮਨੁੱਖੀ ਸੁਭਾਅ ਇਸ ਤਰ੍ਹਾਂ ਦਾ ਹੈ ਕਿ ਹਰ ਇੱਕ ਮੁਸ਼ਕਿਲ/ਉਲਝਣ ਲਈ ਕਿਸੇ ਦੈਵੀ ਸ਼ਕਤੀ ਜਾਂ ਕਿਸਮਤ ਨੂੰ ਜਿੰਮੇਵਾਰ ਠਹਿਰਾਉਂਦਾ ਆ ਰਿਹਾ ਹੈ।.. ਜਦ ਅਸੀਂ ਕਹਿੰਦੇ ਹਾਂ ਕਿ ਸਿਸਟਮ ਮਾੜਾ ਹੈ ਤਾਂ ਸਹੀ ਸਿਸਟਮ ਵੀ ਅਸੀਂ ਹੀ ਬਣਾਉਣਾ ਹੈ। ਜੇਕਰ ਸਾਡੇ ਅੰਦਰ ਹੀ ਹਨੇਰਾ ਹੈ ਤਾਂ ਫਿਰ ਬਾਹਰਲਾ ਆਲਾ ਦੁਆਲਾ ਕਿਵੇਂ ਰੋਸ਼ਨ ਹੋਵੇਗਾ? ਸੋ ਅਸੀਂ ਹਨੇਰੇ ਨੂੰ ਦੋਸ਼ ਦੇਣਾ ਛੱਡ ਕੇ, ਇੱਕ ਜੁੱਟ ਹੋ ਕੇ ਮਿਹਨਤ ਕਰੀਏ ਤਦ ਹੀ ਸਵੇਰਾ ਹੋਵੇਗਾ।

ਅੰਮ੍ਰਿਤ ਪਾਲ ਕੌਰ, ਗੁਰੂਸਰ (ਮੁਕਤਸਰ ਸਾਹਿਬ)

(5)

ਇਨ੍ਹਾਂ ਪੰਕਤੀਆਂ ਦਾ ਅਰਥ ਸਪਸ਼ਟ ਹੈ ਕਿ ਕਿਸੇ ਕੰਮ ਦੀ ਪੂਰਤੀ ਨਾ ਹੋਣ ਵਿੱਚ ਕਾਫੀ ਕਸੂਰ ਸਾਡਾ ਹੀ ਹੁੰਦਾ ਹੈ, ਕਿਸਮਤ ਦਾ ਤਾਂ ਬਹਾਨਾ ਬਣ ਜਾਂਦਾ ਹੈ। ਵਿਦਵਾਨਾਂ ਨੇ ਕਿਹਾ ਹੈ ਕਿ ਪ੍ਰੇਰਿਤ ਹੋ ਕੇ ਕੁਝ ਕਰਨਾ ਵਧੀਆ ਗੱਲ ਹੈ, ਪਰ ਪ੍ਰੇਰਨਾ ਕੇਵਲ ਇੰਜਨ ਨੂੰ ਸ਼ੁਰੂ ਕਰਨ ਵਰਗੀ ਹੀ ਹੈ। ਜੇਕਰ ਵਾਹਨ ਨੂੰ ਤੋਰਨਾ ਹੈ ਤਾਂ ਅਨੁਸ਼ਾਸਨ ਅਤੀ ਜਰੂਰੀ ਹੈ। ਅਸੀਂ ਕਹਿ ਸਕਦੇ ਹਾਂ ਕਿ ਜੇਕਰ ਸਾਨੂੰ ਸਾਡੀ ਸਫਲਤਾ ਦੂਰ ਲੱਗਦੀ ਹੈ ਤਾਂ ਸਾਨੂੰ ਪੁਰਾਣੀਆਂ ਗਲਤੀਆਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ।

ਏਕਮਜੋਤ ਕੌਰ, ਕੋਹਾੜਾ (ਲੁਧਿਆਣਾ)


(6)

ਮੈਂ ਆਪਣੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਨਾ ਕੀਤੀ, ਆਵਾਜ਼ ਬੁਲੰਦ ਨਾ ਹੋਣ ਕਾਰਨ ਲੋਟੂ ਸਰਕਾਰਾਂ ਦਾ ਜਨਮ ਹੋਇਆ ਅਤੇ ਇਨ੍ਹਾਂ ਨੇ ਜਨਤਾ ਨੂੰ ਧਰਮ, ਜਾਤ ਆਦਿ ਸਭ ਪਾਸਿਓ ਵੰਡਣ ਲਈ ਜੋਰ ਲਗਾਇਆ, ਲਾਇਬ੍ਰੇਰੀਆਂ ਦੀ ਥਾਂ ਠੇਕੇ ਖੋਲ੍ਹ ਦਿੱਤੇ। ਇਨ੍ਹਾਂ ਸਰਕਾਰਾਂ ਨੇ ਡਾਰਵਿਨ ਦੇ ਗਿਆਨ ਨੂੰ ਬੋਝ ਸਮਝ ਕੇ ਸਿਲੇਬਸ ਵਿੱਚੋਂ ਹੀ ਹਟਾ ਦਿੱਤਾ ਤਾਂ ਜੋ ਜੀਵ-ਵਿਕਾਸ ਦੀ ਬੱਚਿਆਂ ਨੂੰ ਸਮਝ ਨਾ ਹੋ ਸਕੇ। ਸਵੇਰਾ ਲੈ ਕੇ ਆਉਣ ਲਈ ਹਨੇਰੀਆਂ ਰਾਤਾਂ ਚੋਂ ਨਿਕਲਣਾ ਪਵੇਗਾ, ਕਿਤਾਬਾਂ ਦੀ ਦੁਨੀਆ ਦਾ ਸਫ਼ਰ ਪੂਰਾ ਕਰਨਾ ਪਵੇਗਾ। ਜੇ ਮੈਂ ਕਾਮਯਾਬੀ ਲਈ ਮਿਹਨਤ ਨਾ ਕੀਤੀ ਤਾਂ ਕਸੂਰ ਮੇਰਾ ਹੀ ਹੋਵੇਗਾ।

ਕਿਰਨਜੋਤ ਕੌਰ ਸਸਸਸ ਲਤਾਲਾ (ਲੁਧਿਆਣਾ)

ਪੀ.ਜੀ.ਆਈ. ਨੂੰ ਸਰੀਰ ਪ੍ਰਦਾਨ ਕੀਤਾ

ਤਰਕਸ਼ੀਲ ਮੈਗਜ਼ੀਨ ਦੇ ਪਾਠਕ, ਅਗਾਂਹਵਧੂ ਸੋਚ



ਦੇ ਧਾਰਨੀ ਸਾਥੀ ਸਪਿੰਦਰ ਸਿੰਘ ਘਨੌਲੀ ਨੇ ਸਾਲ 2004 ਵਿੱਚ ਸਰੀਰਦਾਨ ਕਰਨ ਸਬੰਧੀ ਪਰਿਵਾਰ ਦੀ ਸਹਿਮਤੀ ਅਨੁਸਾਰ ਆਪਣਾ ਅਤੇ ਪਰਿਵਾਰਕ ਮੈਂਬਰ ਪਤਨੀ ਜਸਜੀਤ ਕੌਰ, ਪਿਤਾ ਕੁਲਦੀਪ ਸਿੰਘ, ਮਾਤਾ ਹਰਨੇਕ ਕੌਰ ਦਾ ਫਾਰਮ ਭਰਿਆ ਸੀ। ਮਿਤੀ 22.12.25 ਨੂੰ ਉਨ੍ਹਾਂ ਦੇ ਪਿਤਾ ਸ. ਕੁਲਦੀਪ ਸਿੰਘ ਜੀ ਦੀ ਅਚਾਨਕ ਮੌਤ ਹੋਣ ਉਪਰੰਤ ਉਨ੍ਹਾਂ ਦੀ ਮ੍ਰਿਤਕ ਦੇਹ ਪੀ.ਜੀ.ਆਈ ਚੰਡੀਗੜ੍ਹ ਨੂੰ ਪ੍ਰਦਾਨ ਕੀਤੀ ਗਈ। ਸਪਿੰਦਰ ਸਿੰਘ ਨੇ ਜਦੋ ਸਰੀਰਦਾਨ ਕਰਨ ਸਬੰਧੀ ਫਾਰਮ ਭਰਨ ਦਾ ਫੈਸਲਾ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕੀਤਾ ਸੀ ਤਾਂ ਉਨ੍ਹਾਂ ਦੇ ਪਿਤਾ ਕੁਲਦੀਪ ਸਿੰਘ ਨੇ ਪ੍ਰਸ਼ੰਸਾ ਕਰਦਿਆ ਕਿਹਾ ਕਿ ਸਪਿੰਦਰ ਦੀ ਵਿਗਿਆਨਕ ਸੋਚ, ਲੋਕਾਈ ਦੀ ਭਲਾਈ ਲਈ ਪੁਰਾਤਨ ਰੀਤੀ-ਰਿਵਾਜਾਂ ਨੂੰ ਤਿਆਗ ਕੇ ਅੱਗੇ ਵਧਾਉਣ ਵਾਲੀ ਹੈ। ਇਸ ਲਈ ਸਪਿੰਦਰ ਇਕੱਲਾ ਫਾਰਮ ਨਹੀਂ ਭਰੇਗਾ, ਮੈਂ ਵੀ ਸਰੀਰਦਾਨ ਕਰਨ ਲਈ ਆਪਣਾ ਫਾਰਮ ਭਰਾਂਗਾ।

ਪੀ.ਜੀ.ਆਈ. ਚੰਡੀਗੜ੍ਹ ਦੇ ਡਾਕਟਰ ਸਾਹਿਬਾਨ ਨੇ ਵਿਚਾਰ ਪ੍ਰਗਟ ਕੀਤੇ ਕਿ ਸਰੀਰਦਾਨ ਮੈਡੀਕਲ ਦੀ ਪੜ੍ਹਾਈ ਲਈ ਬਹੁਤ ਮਹੱਤਵਪੂਰਨ ਹੈ। ਇਸ ਲਈ ਸਾਨੂੰ ਸਾਰਿਆ ਨੂੰ ਅਜਿਹੀ ਲਹਿਰ ਨੂੰ ਸਮਰਥਨ ਦੇਣਾ ਚਾਹੀਦਾ ਹੈ। ਇਸ ਤੋ ਇਲਾਵਾ ਉਨ੍ਹਾਂ ਨਾਲ ਅੰਗਦਾਨ ਕਰਨ ਲਈ ਉਤੇ ਵੀ ਜੋਰ ਦਿੱਤਾ। ਤਰਕਸ਼ੀਲ ਆਗੂ ਅਸ਼ੋਕ ਕੁਮਾਰ ਇਕਾਈ ਮੁਖੀ ਰੋਪੜ ਨੇ ਘਨੌਲੀ ਇਲਾਕੇ ਵਿੱਚ ਸਰੀਰਦਾਨ ਕਰਨ ਵਾਲੇ ਪਹਿਲੇ ਸਰੀਰਦਾਨੀ ਸ.ਕੁਲਦੀਪ ਸਿੰਘ ਦੇ ਪਰਿਵਾਰ ਦੀ ਪ੍ਰਸ਼ੰਸਾ ਕਰਦਿਆ ਹੋਇਆ ਕਿਹਾ ਕਿ ਪਰਿਵਾਰ ਨੇ ਪੁਰਾਤਨ ਰੀਤੀ-ਰਿਵਾਜਾਂ ਨੂੰ ਨਕਾਰਦੇ ਹੋਏ ਵਿਗਿਆਨਕ ਸੋਚ ਨੂੰ ਪਹਿਲ ਦਿੱਤੀ ਹੈ ਜੋ ਸਾਡੇ ਲਈ ਮਾਣ ਵਾਲੀ ਗੱਲ ਹੈ।

ਇਸ ਮੌਕੇ ਸ਼ੋਕ ਯਾਤਰਾ ਵਿੱਚ ਤਰਕਸ਼ੀਲ ਸੁਸਾਇਟੀ ਜੋਨ ਚੰਡੀਗੜ੍ਹ ਦੇ ਆਗੂ ਅਜੀਤ ਪ੍ਰਦੇਸੀ, ਕਾਮਰੇਡ ਪਵਨ ਚੱਕ ਕਰਮਾ, ਕਾਮਰੇਡ ਗੁਰਦੇਵ ਸਿੰਘ ਬਾਗੀ, ਭਰਾ ਪ੍ਰਦੁੱਮਣ ਸਿੰਘ, ਹਰਵਿੰਦਰ ਸਿੰਘ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

ਹਰਨੇਕ ਚੱਕ ਕਰਮਾਂ

ਮ੍ਰਿਤਕ ਦੇਹ ਏਮਜ਼ ਬਠਿੰਡਾ ਨੂੰ ਪ੍ਰਦਾਨ ਕੀਤੀ

ਕਾਲਾਂਵਾਲੀ ਇਕਾਈ ਦੇ ਸਹਿਯੋਗ ਨਾਲ ਸੇਵਾ ਮੁਕਤ ਪ੍ਰਿੰਸੀਪਲ ਗੁਰਤੇਜ ਸਿੰਘ ਜੀ ਦੀ ਮਿਰਤਕ ਦੇਹ, ਉਹਨਾਂ ਵੱਲੋਂ ਪਹਿਲਾਂ ਸਵੈ-ਇੱਛਾ ਅਨੁਸਾਰ ਕੀਤੀ ਘੋਸ਼ਣਾ ਅਨੁਸਾਰ ਏਮਜ਼ ਹਸਪਤਾਲ ਬਠਿੰਡਾ ਵਿਖੇ ਉਹਨਾਂ ਦੇ ਪਰਿਵਾਰ ਅਤੇ ਨੇੜਲੇ ਰਿਸ਼ਤੇਦਾਰ ਅਤੇ ਸਨੇਹੀਆਂ ਦੀ ਹਾਜਰੀ ਵਿੱਚ ਪ੍ਰਦਾਨ ਕੀਤੀ ਗਈ। ਇਸ ਮੌਕੇ ਬਠਿੰਡਾ ਇਕਾਈ ਤੋਂ ਹਾਕਮ ਸਿੰਘ ਅਤੇ ਕੁਲਵੰਤ ਸਿੰਘ ਹਾਜਰ ਰਹੇ।ਅੱਜ ਏਮਜ ਸਟਾਫ ਦਾ ਸਲਾਹੁਣਯੋਗ ਸਹਿਯੋਗ ਰਿਹਾ। ਉਹਨਾਂ ਕੁਲਵੰਤ ਸਿੰਘ ਦੀ ਮੰਗ ਤੇ ਦੱਸਿਆ ਕਿ ਐਬੂਲੈਂਸ ਦਾ ਕਿਰਾਇਆ ਹਸਪਤਾਲ ਦਿਆ ਕਰੇਗਾ।ਅੱਜ ਇਹ ਤੁਰੰਤ ਭੁਗਤਾਨ ਕੀਤਾ ਗਿਆ। ਏਮਜ਼ ਪ੍ਰਬੰਧਕਾਂ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਅਧਿਐਨ ਲਈ ਇਹਨਾਂ ਦੀ ਲੋੜ ਹੈ ਜਿਸ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਬਹੁਤ ਸਹਿਯੋਗ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਘਰ ਵਿਚੋਂ ਤੁਰਨ ਸਮੇਂ ਕਾਲਾਂਵਾਲੀ ਇਕਾਈ ਦੇ ਪ੍ਰਧਾਨ ਮਾ. ਸਮਸ਼ੇਰ ਚੋਰਮਾਰ, ਮਾ. ਜਗਦੀਸ਼ ਸਿੰਘਪੁਰਾ ਅਤੇ ਪੱਤਰਕਾਰ ਨਰੇਸ਼ ਮਹੇਸ਼ਵਰੀ ਵੱਲੋ. ਸਰੀਰ ਦਾਨ ਦੀ ਮਹੱਤਤਾ 'ਤੇ ਚਾਨਣਾ ਪਇਆ ਗਿਆ।

ਸ਼ੋਕ ਸੁਨੇਹਾ



ਇਟੀ
ੀ ਦੇ
ਾਥੀ
ਛਲੇ
ਂੜਾ
ਦੀ
ਣ ਦੇ

ਬਾਵਜੂਦ ਉਨ੍ਹਾਂ ਨੇ ਅੰਮ੍ਰਿਤਸਰ ਇਕਾਈ ਨੂੰ ਸਹੀ ਸੇਧ ਦੇਣ ਲਈ ਆਖਰੀ ਦਮ ਤੱਕ ਕੰਮ ਕੀਤਾ। ਉਨ੍ਹਾਂ ਨੇ ਜ਼ਿੰਦਗੀ ਵਿੱਚ 57 ਵਾਰ ਖੂਨ ਪ੍ਰਦਾਨ ਕੀਤਾ ਅਤੇ ਪਰਿਵਾਰ ਵੱਲੋਂ ਮਰਨ ਉਪਰੰਤ ਉਨ੍ਹਾਂ ਦੀਆਂ ਅੱਖਾਂ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਆਈ ਬੈਂਕ ਨੂੰ ਪ੍ਰਦਾਨ ਕੀਤੀਆਂ ਗਈਆਂ। ਉਨ੍ਹਾਂ ਦੇ ਵਿਛੋੜੇ ਨਾਲ ਤਰਕਸ਼ੀਲ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਸ਼ਾਮਿਲ ਹੁੰਦੇ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ, ਜੋਨ ਅਤੇ ਸੂਬੇ ਦੇ ਸਮੂਹ ਸਾਥੀ, ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਅਤੇ ਹਮਦਰਦੀ ਦਾ ਇਜ਼ਹਾਰ ਕਰਦੇ ਹਨ।

ਬਣਾਉਟੀ ਖੁਸ਼ੀ ਦੀ ਭਰਮਾਈ ਜੁਆਨੀ


-ਜਸਵੰਤ ਮੋਹਾਲੀ

ਗਾਜ਼ੀਆਬਾਦ ਤੋਂ ਇੱਕ ਬਹੁਤ ਦੁਖਦਾਈ ਖ਼ਬਰ ਆਈ ਹੈ। ਉੱਥੇ ਕਥਿਤ ਤੌਰ ਤੇ ਤਿੰਨ ਭੈਣਾਂ ਨੇ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ ਜਿਨਾਂ ਨੂੰ ਆਨਲਾਈਨ ਗੇਮਿੰਗ ਦੀ ਲਤ ਲੱਗ ਗਈ ਸੀ। ਖਬਰ ਮੁਤਾਬਕ ਮਾਪਿਆਂ ਨੂੰ ਆਨ ਲਾਈਨ ਗੇਮ ਖੇਡਣ ਬਾਰੇ ਪਤਾ ਨਹੀਂ ਸੀ ਪਰ ਉਹ ਉਨ੍ਹਾਂ ਨੂੰ ਬਹੁਤ ਸਮਾਂ ਮੋਬਾਈਲ ਵਰਤਣ ਤੋਂ ਰੋਕਦੇ ਸਨ। ਪੌਦੇ ਜਾਂ ਬੂਟੇ ਜਦੋਂ ਅਜੇ ਛੋਟੇ ਹੁੰਦੇ ਹਨ ਤਾਂ ਉਹਨਾਂ ਦੁਆਲੇ ਵਾੜ ਕਰਨੀ ਪੈਂਦੀ ਹੈ, ਬਾਹਰਲੇ ਖਤਰਿਆਂ ਤੋਂ ਬਚਾਉਣ ਲਈ। ਕੋਈ ਜਵਾਕ ਬੂਟੇ ਨੂੰ ਪੱਟ ਕੇ ਸੁੱਟ ਸਕਦਾ ਹੈ, ਕੋਈ ਪਸ਼ੂ ਮੂੰਹ ਮਾਰ ਸਕਦਾ ਹੈ। ਇਸੇ ਤਰ੍ਹਾਂ ਬੱਚਿਆਂ ਨੂੰ ਖਤਰਿਆਂ ਤੋਂ ਬਚਾਉਣ ਲਈ ਮਾਪਿਆਂ ਨੂੰ ਸੁਚੇਤ ਰਹਿਣਾ ਪੈਂਦਾ ਹੈ। ਮੈਨੂੰ ਯਾਦ ਹੈ ਜਦੋਂ ਪਿੰਡ ਵਿੱਚ ਕੋਈ ਹਲਕਿਆ ਕੁੱਤਾ ਆ ਜਾਣਾ ਤਾਂ ਸਪੀਕਰ ’ਤੇ ਅਨਾਉਂਸਮੈਂਟ ਕਰ ਦਿੱਤੀ ਜਾਂਦੀ ਸੀ ਕਿ ਬੱਚਿਆਂ ਨੂੰ ਘਰੋਂ ਬਾਹਰ ਨਾ ਨਿੱਕਲਣ ਦਿੱਤਾ ਜਾਵੇ।

ਹਲਕੇ ਕੁੱਤੇ ਦਾ ਖਤਰਾ ਤਾਂ ਘਰ ਤੋਂ ਬਾਹਰ ਹੁੰਦਾ ਸੀ ਪਰ ਹੁਣ ਅਸੀਂ ਹਰ ਮਹੀਨੇ ਮੋਬਾਈਲ ਰੀਚਾਰਜ ਕਰਾ ਕੇ ਹਲਕੇ ਕੁੱਤੇ ਨੂੰ ਘਰੇ ਹੀ ਸੱਦ ਲਿਆ ਅਤੇ ਜੋ ਇੱਕੋ ਵਾਰ ਨਹੀਂ ਕੱਟਦਾ ਸਗੋਂ ਇਸ ਭੈੜੇ ਨਸ਼ੇ ਦਾ ਜ਼ਹਿਰ ਹਰ ਰੋਜ਼ ਹੌਲੀ ਹੌਲੀ ਚੜ੍ਹਦਾ ਹੈ। ਇਨ੍ਹਾਂ ਲੜਕੀਆਂ ਦੀ ਉਮਰ 12, 14 ਅਤੇ 16 ਸਾਲ ਸੀ। ਇਸ ਘਟਨਾ ਨੇ ਇੱਕ ਸਵਾਲ ਗੰਭੀਰਤਾ ਨਾਲ ਵਿਚਾਰਨ ਲਈ ਸਾਡੇ ਅੱਗੇ ਫਿਰ ਰੱਖ ਦਿੱਤਾ ਹੈ ਕਿ ਕੀ ਭਾਰਤ ਵਿੱਚ ਵੀ ਆਸਟਰੇਲੀਆ ਵਿੱਚ ਬਣਾਏ ਗਏ ਤਾਜ਼ਾ ਕਾਨੂੰਨ ਦੀ ਤਰਜ਼ ’ਤੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਟਰਨੈਟ ਦੀ ਵਰਤੋਂ ਤੇ ਪਾਬੰਦੀ ਲਾ ਦੇਣੀ ਚਾਹੀਦੀ ਹੈ। ਇੱਕ ਸਰਵੇ ਮੁਤਾਬਕ 64% ਮਾਪਿਆਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਬੱਚੇ ਆਨਲਾਈਨ ਗੇਮਿੰਗ ਜਾਂ ਸੋਸ਼ਲ ਮੀਡੀਆ ’ਤੇ ਆਦੀ ਹੋ ਗਏ ਹਨ।

ਆਖਰ ਇਨ੍ਹਾਂ ਗੇਮਾਂ ਵਿੱਚ ਲਤ ਲੱਗ ਜਾਣ ਵਾਲੀ ਕਿਹੜੀ ਚੀਜ਼ ਹੁੰਦੀ ਹੈ। ਇਹ ਜਾਨਣ ਲਈ ਆਨਲਾਈਨ ਗੇਮਾਂ ਬਾਰੇ ਇੱਕ ਵੱਖਰੇ ਲੇਖ ਦੀ ਲੋੜ ਹੈ। ਮੇਰੇ ਮੁਤਾਬਕ ਇਨ੍ਹਾਂ ਨੂੰ ਗੇਮ ਕਹਿਣਾ ਹੀ ਗਲਤ ਹੈ। ਇਹ ਭਾਵਨਾਵਾਂ ਨਾਲ ਖੇਡਣ ਲਈ ਬੁਣਿਆਂ ਗਿਆ ਇਕ ਜਾਲ ਹੁੰਦਾ ਹੈ ਜਿਸ ਵਿਚ ਅੱਲ੍ਹੜ ਮੁੰਡੇ ਕੁੜੀਆਂ ਆਸਾਨੀ ਨਾਲ ਫਸ ਜਾਂਦੇ ਹਨ। ਇਹ ਕੁੜੀਆਂ ਕੋਰੀਅਨ ਲਵ-ਗੇਮ ਖੇਡਦੀਆਂ ਸਨ, ਜੋ ਤਕਰੀਬਨ 50 ਦਿਨ ਚਲਦੀ ਹੈ। ਇਸ ਵਿੱਚ ਇੱਕ ਅਣਜਾਨ ‘ਦੋਸਤ’ ਤੁਹਾਨੂੰ ਸ਼ੁਰੂ ਵਿੱਚ ਸੌਖੇ ਟਾਸਕ ਦਿੰਦਾ ਹੈ ਤੇ ਉਨ੍ਹਾਂ ਨੂੰ ਪੂਰਾ ਕਰਨ ’ਤੇ ਮਿਲਦੀ ਪ੍ਰਸ਼ੰਸਾ ਕਾਰਣ ਤੁਸੀ ਉਸ ਨਾਲ ਭਾਵੁਕ ਤੌਰ ’ਤੇ ਰਿਸ਼ਤਾ ਬਣਾ ਲੈਂਦੇ ਹੋ। ਅੱਗੇ ਵਧਦਿਆਂ ਟਾਸਕ ਔਖੇ ਹੁੰਦੇ ਜਾਂਦੇ ਹਨ ਪਰ ਗੇਮ ਛੱਡਣ ’ਤੇ ਤੁਹਾਨੂੰ ਨਤੀਜੇ ਭੁਗਤਣ ਦੀਆਂ ਧਮਕੀਆਂ ਵੀ ਮਿਲਦੀਆਂ ਹਨ। ਆਮ ਤੌਰ ’ਤੇ ਆਖਰੀ ਟਾਸਕ ਸਰੀਰਕ ਨੁਕਸਾਨ ਪਹੁੰਚਾਉਣ ਵਾਲਾ ਹੁੰਦਾ ਹੈ ਜੋ ਸਭ ਤੋਂ ਖਤਰਨਾਕ ਸਾਬਤ ਹੁੰਦਾ ਹੈ। ਪਤਾ ਲੱਗਾ ਹੈ ਕਿ ਇਨ੍ਹਾਂ ਕੁੜੀਆਂ ਦਾ 15 ਘੰਟੇ ਤੋਂ ਵੱਧ ਸਮਾਂ ਮੋਬਾਈਲ ’ਤੇ ਬੀਤਦਾ ਸੀ। 2019 ਤੋਂ ਬਾਅਦ ਗੇਮਾਂ ਨਾਲ ਜੁੜੇ ਮਾਨਸਿਕ ਰੋਗਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਰਕਾਰ ਨੇ 2020-21 ਵਿੱਚ ਮਾਪਿਆਂ ਲਈ ਇਹਨਾਂ ਗੇਮਾਂ/ਸੋਸ਼ਲ ਮੀਡਿਆ ਦੀ ਨਸ਼ੇ ਵਰਗੀ ਲਤ ਲੱਗ ਜਾਣ ਤੋਂ ਸੁਚੇਤ ਕਰਦਿਆਂ ਐਡਵਾਈਜ਼ਰੀ ਜਾਰੀ ਕੀਤੀ ਸੀ। ਪਰ ਸਰਕਾਰ ਦੇ ਅਜਿਹੇ ਕਦਮ ਆਮ ਤੌਰ ’ਤੇ ਸਿਰਫ ਇੱਕ ਰਸਮ ਹੀ ਹੁੰਦੇ ਹਨ।

ਕੋਈ ਵੀ ਆਨਲਾਈਨ ਗੇਮ ਖਤਰਾ ਕਦੋਂ ਬਣ ਜਾਂਦੀ ਹੈ - ਹਰ ਰੋਜ਼ ਪੰਜ ਘੰਟੇ ਤੋਂ ਵੱਧ ਸਮਾਂ ਗੇਮ ਖੇਡਣੀ, ਰੋਕੇ ਜਾਣ ’ਤੇ ਬਹੁਤ ਤੈਸ਼ ਵਿੱਚ ਆ ਜਾਣਾ, ਨੀਂਦ, ਭੁੱਖ ਅਤੇ ਪੜ੍ਹਾਈ ਦਾ ਬੁਰੀ ਤਰਾਂ ਪ੍ਰਭਾਵਿਤ ਹੋਣਾ, ਬੱਚਿਆਂ ਦਾ ਪਰਿਵਾਰ ਨਾਲੋਂ ਏਥੋਂ ਤੱਕ ਆਪਣੇ ਦੋਸਤਾਂ ਨਾਲੋਂ ਵੀ ਟੁੱਟ ਜਾਣਾ, ਸਿਰ ਦਰਦ, ਅੱਖਾਂ ’ਤੇ ਦਬਾਅ ਦਾ ਵਧਣਾ ਆਦਿ ਅਜਿਹੀਆਂ ਨਿਸ਼ਾਨੀਆਂ ਹਨ ਜੋ ਜੇ ਲਗਾਤਾਰ ਜਾਰੀ ਰਹਿਣ ਤਾਂ ਖਤਰੇ ਦਾ ਸੂਚਕ ਹਨ ਅਤੇ ਫੌਰੀ ਤੌਰ ’ਤੇ ਇਹਨਾਂ ਵੱਲ ਧਿਆਨ ਦੇਣਾ ਬਣਦਾ ਹੈ। ਸਭ ਤੋਂ ਸੁਰੱਖਿਤ ਤਰੀਕਾ ਇੱਕੋ ਹੀ ਹੈ ਕਿ ਮੋਬਾਈਲ ਜਾਂ ਲੈਪਟਾਪ ’ਤੇ ਬਿਤਾਏ ਸਮੇਂ ਅਤੇ ਬਾਹਰ ਖੁੱਲੀ ਗਰਾਉਂਡ ਵਿੱਚ ਦੋਸਤਾਂ ਨਾਲ ਖੇਡਣ ਦੇ ਸਮੇਂ ਵਿਚ ਸੰਤੁਲਨ ਰੱਖਿਆ ਜਾਵੇ। ਆਖਰੀ ਸਲਾਹ-ਸਖਤੀ ਨਹੀਂ ਹਮਦਰਦੀ। ਸਖਤੀ ਉਸਨੂੰ ਆਨਲਾਈਨ ਦੁਨੀਆਂ ਵਲ ਹੋਰ ਧੱਕ ਦੇਵੇਗੀ। ਹਮਦਰਦੀ ਨਾਲ ਉਹ ਆਪਣੀ ਮੁਸ਼ਕਿਲ ਤੁਹਾਨੂੰ ਦੱਸ ਦੇਵੇਗਾ। ਉਸਦੇ ਮਨ ਨੂੰ ਖੁਸ਼ੀ ਕੰਪਿਊਟਰ ਜਾਂ ਮੋਬਾਈਲ ਦੀ ਬਣਾਉਟੀ ਦੁਨੀਆਂ ਵਿਚੋਂ ਨਹੀਂ ਸਗੋਂ ਤੁਹਾਡੀ ਹੱਲਾਸ਼ੇਰੀ ਵਿੱਚੋਂ ਮਿਲਣੀ ਚਾਹੀਦੀ ਹੈ।



ਮਾਨਵਤਾ ਦਾ ਦੀਪ ਜਗਦਾ ਰੱਖਣ ਵਾਲਾ 'ਮੁਹੰਮਦ ਦੀਪਕ'

ਇਸ 26 ਜਨਵਰੀ ਨੂੰ ਬਜਰੰਗ ਦਲ ਦੇ ਕੁਝ ਹੁੱਲੜਬਾਜ, ਉਤਰਾਖੰਡ ਦੇ ਕਸਬੇ ਕੋਟਦਵਾਰ ਵਿੱਚ, ਇੱਕ ਮੁਸਲਮਾਨ ਵਕੀਲ ਅਹਿਮਦ ਦੀ ਰੈਡੀਮੇਡ ਕੱਪੜਿਆਂ ਦੀ 30 ਸਾਲ ਪੁਰਾਣੀ ਦੁਕਾਨ 'ਬਾਬਾ ਸਕੂਲ ਡਰੈੱਸ ਐਂਡ ਮੈਚਿੰਗ ਸੈਂਟਰ' ਵਿੱਚ ਵੜ ਗਏ ਅਤੇ ਉਸ ਨੂੰ ਬੁਰਾ ਭਲਾ ਬੋਲਦੇ ਹੋਏ ਕਹਿਣ ਲੱਗੇ ਕਿ "ਤੂੰ ਆਪਣੀ ਦੁਕਾਨ ਦੇ ਨਾਮ ਵਿੱਚ ਬਾਬਾ ਸ਼ਬਦ ਕਿਉਂ ਵਰਤਿਆ ਹੈ? 'ਬਾਬਾ' ਤਾਂ ਸਾਡਾ ਹਿੰਦੂ ਬਾਬਾ ਸਿੱਧਬਲੀ ਹੈ, ਤੂੰ ਇਹ ਸ਼ਬਦ ਨਹੀਂ ਵਰਤ ਸਕਦਾ।"ਵਕੀਲ ਅਹਿਮਦ ਅਤੇ ਉਸਦਾ ਬੇਟਾ ਉਨ੍ਹਾਂ ਦੀਆਂ ਮਿੰਨਤਾਂ ਕਰ ਰਹੇ ਸਨ ਕਿ ਸਾਨੂੰ ਕੁਝ ਦਿਨ ਦਿਉ, ਅਸੀਂ ਨਵਾਂ ਬੋਰਡ ਬਣਵਾ ਲਵਾਂਗੇ, ਪਰ ਉਹ ਗੁੰਡੇ ਉਸਦੀ ਬੇਇਜ਼ਤੀ ਕਰਨ 'ਤੇ ਉਤਾਰੂ ਸਨ। ਇਹ ਵੇਖ ਕੇ ਇੱਕ ਜਿੰਮ ਚਲਾਉਣ ਵਾਲਾ ਗੁਆਂਢੀ ਹਿੰਦੂ ਨੌਜਵਾਨ ਦੀਪਕ ਕੁਮਾਰ ਅੱਗੇ ਆਇਆ ਅਤੇ ਉਸ ਮੁਸਲਮਾਨ ਬਜ਼ੁਰਗ ਦੀ ਰੱਖਿਆ ਲਈ ਉਨ੍ਹਾਂ ਦੇ ਅੱਗੇ ਡਟ ਕੇ ਖੜ੍ਹ ਗਿਆ ਅਤੇ ਕਿਹਾ, "ਤੁਸੀਂ ਇਸ ਨੂੰ ਹੱਥ ਲਗਾ ਕੇ ਦਿਖਾਓ। ਤੁਹਾਨੂੰ ਇਸ ਸਤਿਕਾਰਤ ਬਜ਼ੁਰਗ ਦੀ ਬੇਇਜ਼ਤੀ ਕਰਨ ਦਾ ਕੀ ਹੱਕ ਹੈ?"ਜਦ ਉਨ੍ਹਾਂ ਬਜਰੰਗ ਦਲੀਆਂ ਨੇ ਪੁੱਛਿਆ ਕਿ "ਤੂੰ ਕੌਣ ਹੈਂ? ਤੇਰਾ ਕੀ ਨਾਂ ਹੈ?"ਤਾਂ ਉਸ ਨੌਜਵਾਨ ਨੇ ਜੋ ਜਵਾਬ ਦਿੱਤਾ ਉਹ ਧਰਮ-ਨਿਰਪੱਖਤਾ ਦੇ ਹਾਮੀਆਂ ਲਈ ਮਿਸਾਲੀ ਸ਼ਬਦ ਬਣ ਗਏ। ਉਸ ਨੇ ਨਾਮ ਪੁੱਛਣ ਦੇ ਜਵਾਬ ਵਿੱਚ ਕਿਹਾ ਕਿ "ਮੇਰਾ ਨਾਮ ਮੁਹੰਮਦ ਦੀਪਕ ਹੈ।"ਇਨ੍ਹਾਂ ਪੰਜ ਸ਼ਬਦਾਂ ਨੇ ਧਾਰਮਿਕ ਵੰਡੀਆਂ ਪਾਉਣ ਵਾਲਿਆਂ ਨੂੰ ਨਿਰਉੱਤਰ ਕਰ ਦਿੱਤਾ ਅਤੇ ਉਸਦਾ ਰੌਂਅ ਵੇਖ ਕੇ ਉਹ ਉਥੋਂ ਚਲੇ ਗਏ। ਹਾਲਾਂ ਕਿ ਅਗਲੇ ਦਿਨ ਆ ਕੇ ਹੁੱਲੜਬਾਜਾਂ ਵੱਲੋਂ ਉਸਦੇ ਜਿੰਮ ਦੀ ਭਾਰੀ ਭੰਨ- ਤੋੜ ਕੀਤੀ ਗਈ।

ਇਹ ਘਟਨਾ ਦਰਸਾਉਂਦੀ ਹੈ ਕਿ ਲੋਕਾਂ ਦੇ ਮਨਾਂ ਵਿੱਚ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਇਨਸਾਨੀ ਕਦਰਾਂ-ਕੀਮਤਾਂ ਖਤਮ ਨਹੀਂ ਹੋ ਸਕਦੀਆਂ। ਲੋਕ ਹਰ ਥਾਂ ਆਪਣੀ ਸਮਰੱਥਾ ਅਨੁਸਾਰ ਅਤੇ ਆਪੋ ਆਪਣੇ ਢੰਗਾਂ ਨਾਲ ਫਿਰਕੂ ਤਾਕਤਾਂ ਖਿਲਾਫ਼ ਲੜਾਈ ਦੇ ਰਹੇ ਹਨ। ਦੀਪਕ ਵੱਲੋਂ ਬਾਅਦ ਵਿੱਚ ਇਸ ਬਾਰੇ ਇੰਸਟਾਗ੍ਰਾਮ ਉੱਤੇ ਪਾਈ ਪੋਸਟ ਨੂੰ 5 ਮਿਲੀਅਨ ਲੋਕਾਂ ਨੇ ਲਾਈਕ ਕੀਤਾ ਜਿਸ ਤੋਂ ਪਤਾ ਚਲਦਾ ਹੈ ਕਿ ਮਾਨਵਤਾਵਾਦੀ ਲੋਕਾਂ ਦੀ ਗਿਣਤੀ ਕੋਈ ਥੋੜ੍ਹੀ ਨਹੀਂ ਹੈ, ਲੋੜ ਇਨ੍ਹਾਂ ਨੂੰ ਸਹੀ ਅਗਵਾਈ ਦੀ ਹੈ।



ਅਦਾਰਾ 'ਸੂਹੀ ਸਵੇਰ' ਵੱਲੋਂ ਤਰਕਸ਼ੀਲ ਸੋਸਾਇਟੀ ਪੰਜਾਬ ਨੂੰ ਸਨਮਾਨਿਤ ਕਰਨ ਮੌਕੇ ਮਹਾਂਰਾਸ਼ਟਰ ਤੋਂ ਆਏ ਤਰਕਸ਼ੀਲ ਆਗੂ ਹਾਮਿਦ ਦਭੋਲਕਰ ਦਰਸ਼ਕਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ।



ਤਰਕਸ਼ੀਲ ਸੋਸਾਇਟੀ ਪੰਜਾਬ ਦੇ ਆਗੂ ਅਦਾਰਾ 'ਸੂਹੀ ਸਵੇਰ' ਦੇ ਪ੍ਰਬੰਧਕਾਂ ਤੋਂ ਸਨਮਾਨ ਹਾਸਲ ਕਰਦੇ ਹੋਏ।

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਜਿਲਦ ਨੰ. 27 ਰਜਿ. ਨੰ. PUNPUN/2000/05393 ਅੰਕ : 2

ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ 2026



ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਪਹੁੰਚੀ 'ਦ ਵਾਇਰ' ਦੀ
ਸੀਨੀਅਰ ਐਡੀਟਰ ਆਰਫ਼ਾ ਖ਼ਾਨੁਮ ਸ਼ੇਰਵਾਨੀ ਹਾਜ਼ਰ ਦਰਸ਼ਕਾਂ ਨੂੰ ਸੰਬੋਧਨ ਕਰਦੇ ਹੋਏ।



ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਡਾ. ਨਵਸ਼ਰਨ ਅਤੇ
ਆਰਫ਼ਾ ਖ਼ਾਨੁਮ ਸ਼ੇਰਵਾਨੀ ਹੁਰਾਂ ਦੇ ਸਨਮਾਨ ਦੀ ਝਲਕ।

If undelivered please return to :

Tarksheel

**Tarksheel Bhawan, Tarksheel Chowk,
Sanghera By Pass, BARNALA-148101
Post Box No. 55**

Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....